ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

To view our online newspaper visit punjabipost.ca/epaper | Vol 20* Issue 136 | Friday, July 09, 2021 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

## ਪੰਜਾਬੀ ਦੇ ਟਰੱਕ ਵਿੱਚੋਂ ਮਿਲੀ 14 ਮਿਲੀਅਨ ਡਾਲਰ ਦੀ ਕੋਕੀਨ



ਮਾਂਟਰੀਅਲ, 8 ਜੁਲਾਈ (ਪੋਸਟ ਬਿਊਰੋ) : ਪਿਛਲੇ ਮਹੀਨੇ ਫੋਰਟ ਐਰੀ, ਓਨਟਾਰੀਓ ਵਿੱਚ ਪੀਸ ਬ੍ਰਿੱਜ ਦੀ ਸਰਹੱਦ ਤੋਂ ਕੈਨੇਡਾ ਦਾਖਲ ਹੋ ਰਹੇ ਕਮਰਸ਼ੀਅਲ ਟਰੱਕ ਵਿੱਚ 112.5 ਕਿਲੋ ਕੋਕੀਨ ਮਿਲਣ ਤੋਂ ਬਾਅਦ ਕਿਊਬਿਕ ਦੇ ਇੱਕ ਵਿਅਕਤੀ ਨੂੰ ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਵੱਲੋਂ 15 ਜੂਨ ਨੂੰ ਪੰਜ ਡਫਲ ਬੈਗਸ ਵਿੱਚੋਂ 14 ਮਿਲੀਅਨ ਡਾਲਰ ਦੀ ਕੋਕੀਨ ਮਿਲੀ। ਗੱਡੀ ਦਾ ਡਰਾਈਵਰ 24 ਸਾਲਾ ਪਰਦੀਪ ਸਿੰਘ ਲਾਸਾਲ, ਕਿਊਬਿਕ ਦਾ ਰਹਿਣ ਵਾਲਾ ਹੈ, ਤੇ ਉਸ ਨੂੰ ਨਾਇਗਰਾ ਆਨ ਦ ਲੇਕ ਯੂਨਿਟ ਦੇ ਆਰਸੀਐਮਪੀ ਅਧਿਕਾਰੀਆਂ ਦੀ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਹੈ। ਉਸ ਉੱਤੇ ਪਾਬੰਦੀਸ਼ੁਦਾ ਪਦਾਰਥ ਦੀ ਸਮਗਲਿੰਗ ਦਾ ਚਾਰਜ ਲਾਇਆ ਗਿਆ ਹੈ। ਪਰਦੀਪ ਸਿੰਘ ਨੂੰ 9 ਜੁਲਾਈ ਨੂੰ ਸੇਂਟ ਕੈਥਰੀਨਜ਼ ਕੋਰਟਹਾਊਸ ਵਿੱਚ ਪੇਸ਼ ਕੀਤਾ ਜਾਵੇਗਾ।

ਆਰਸੀਐਮਪੀ ਦੇ ਬਾਰਡਰ ਇੰਟੇਗ੍ਰਿਟੀ ਪ੍ਰੋਗਰਾਮ ਦੇ ਸੁਪਰਡੈਂਟ ਸ਼ਾਅਨ ਬੌਂਦਰਿਊ ਨੇ ਵੀਰਵਾਰ ਨੂੰ ਨਿਊਜ਼ ਰਲੀਜ਼ ਵਿੱਚ ਆਖਿਆ ਕਿ ਐਨੀ ਵੱਡੀ ਮਾਤਰਾ ਵਿੱਚ ਨਸ਼ਿਆਂ ਦੀ ਖੇਪ ਮਿਲਣ ਤੇ ਮਾਮਲੇ ਦੀ ਜਾਂਚ ਤੋਂ ਬਾਅਦ ਇਹ ਸਿੱਧ ਹੋ ਗਿਆ ਹੈ ਕਿ ਆਰਸੀਐਮਪੀ ਤੇ ਸੀਬੀਐਸਏ ਰਲ ਕੇ ਸਾਡੀ ਕਮਿਊਨਿਟੀਜ਼ ਨੂੰ ਸੁਰੱਖਿਅਤ ਰੱਖਣ ਲਈ ਕੰਮ ਕਰ ਰਹੇ ਹਨ ਤੇ ਇਹ ਨਸ਼ਿਆਂ ਨੂੰ ਸਾਡੀਆਂ ਗਲੀਆਂ ਵਿੱਚ ਪਹੁੰਚਣ ਤੋਂ ਵੀ ਰੋਕ ਰਹੇ ਹਨ।

# ਨੇੜ ਭਵਿੱਖ ਵਿਚ ਵੈਕਸੀਨੇਸ਼ਨ ਨਾ ਕਰਵਾਉਣ ਵਾਲੇ ਟੂਰਿਸਟਸ ਲਈ ਸਰਹੱਦਾਂ ਨਹੀਂ ਖੋਲ੍ਹੀਆਂ ਜਾਣਗੀਆਂ : ਟਰੂਡੋ



ਓਟਵਾ, 8 ਜੁਲਾਈ (ਪੋਸਟ ਬਿਊਰੋ) : ਫੈਡਰਲ ਚੋਣਾਂ ਤੋਂ ਪਹਿਲਾਂ ਸਰਹੱਦਾਂ ਨੂੰ ਮੁੜ ਖੋਲ੍ਹਣ ਲਈ ਕੋਈ ਯੋਜਨਾ ਪੇਸ਼ ਕਰਨ ਦੀਆਂ ਉੱਠ ਰਹੀਆਂ ਮੰਗਾਂ ਦਰਮਿਆਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਜਿਨ੍ਹਾਂ ਲੋਕਾਂ ਨੇ ਅਜੇ ਤੱਕ ਟੀਕਾਕਰਣ ਨਹੀਂ ਕਰਵਾਇਆ ਉਨ੍ਹਾਂ ਲਈ ਸਰਹੱਦ ਖੋਲ੍ਹਣ ਵਿੱਚ ਅਜੇ ਕੁੱਝ ਹੋਰ ਸਮਾਂ ਲੱਗੇਗਾ।

ਬ੍ਰਿਟਿਸ਼ ਕੋਲੰਬੀਆ ਵਿੱਚ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਵੀਰਵਾਰ ਨੂੰ ਇਹ ਸਵਾਲ ਪੁੱਛੇ ਜਾਣ ਉੱਤੇ ਕਿ ਵੈਕਸੀਨੇਟ ਹੋ ਚੁੱਕੇ ਜਾਂ ਜਿਹੜੇ ਲੋਕ ਵੈਕਸੀਨੇਟ ਨਹੀਂ ਹੋਏ ਉਨ੍ਹਾਂ ਟਰੈਵਲਰਜ਼ ਲਈ ਟੂਰਿਜ਼ਮ ਸੈਕਟਰ ਕਦੋਂ ਆਪਣੇ ਦਰ ਖੋਲ੍ਹੇਗਾ ਤਾਂ ਇਸ ਉੱਤੇ ਟਰੂਡੋ ਨੇ ਆਖਿਆ ਕਿ ਨੇੜ ਭਵਿੱਖ ਵਿੱਚ ਅਜਿਹਾ ਨਹੀਂ ਹੋਵੇਗਾ। ਸਾਨੂੰ ਕੈਨੇਡੀਅਨਜ਼ ਦੀ ਸੇਫਟੀ ਦਾ ਧਿਆਨ ਪਹਿਲ ਦੇ ਆਧਾਰ ਉੱਤੇ ਰੱਖਣਾ ਹੋਵੇਗਾ। ਕੈਨੇਡੀਅਨਜ਼ ਵੱਲੋਂ ਪਿਛਲੇ ਕਈ ਮਹੀਨਿਆਂ ਤੋਂ ਜਿਹੜੇ ਬਲੀਦਾਨ ਦਿੱਤੇ ਗਏ ਹਨ ਉਨ੍ਹਾਂ ਨੂੰ ਭੰਗ ਦੇ ਭਾਣੇ ਤਾਂ ਨਹੀਂ ਗੁਆਇਆ ਜਾ ਸਕਦਾ।

ਉਨ੍ਹਾਂ ਆਖਿਆ ਕਿ ਸਰਹੱਦਾਂ ਖੋਲ੍ਹਣ ਦੀ ਕਾਹਲੀ ਕਰਕੇ ਹੁਣ ਤੱਕ ਕੀਤੀ ਗਈ ਮਿਹਨਤ ਅਜਾਂਈ ਨਹੀਂ ਗੁਆਈ ਜਾ ਸਕਦੀ। ਵੀਰਵਾਰ ਨੂੰ ਸਵੇਰੇ ਓਟਵਾ ਦੇ ਬਿਜ਼ਨਸ ਓਨਰਜ਼ ਤੇ ਕੈਨੇਡੀਅਨ ਟਰੈਵਲ ਤੇ ਟੂਰਿਜ਼ਮ ਅਧਿਕਾਰੀਆਂ ਵੱਲੋਂ ਪ੍ਰੈੱਸ ਕਾਨਫਰੰਸ ਕਰਵਾ ਕੇ ਫੈਡਰਲ ਸਰਕਾਰ ਨੂੰ ਅਜਿਹੀ ਯੋਜਨਾ ਲਿਆਉਣ ਲਈ ਆਖਿਆ ਗਿਆ ਜਿਸ ਨਾਲ ਪਤਾ ਲੱਗ ਸਕੇ ਕਿ ਕੈਨੇਡਾ ਵਿੱਚ ਗਰਮੀਆਂ ਵਿੱਚ ਟੂਰਿਜ਼ਮ ਸੈਕਟਰ ਕਿਹੋ ਜਿਹਾ ਰਹੇਗਾ। ਕੈਨੇਡੀਅਨ ਚੇਂਬਰ ਆਫ ਕਾਮਰਸ ਦੇ ਪ੍ਰੈਜ਼ੀਡੈਂਟ ਅਤੇ ਸੀਈਓ ਪੈਰਿਨ ਬੈਟੀ ਨੇ ਆਖਿਆ ਕਿ ਕਾਰੋਬਾਰੀ ਤਾਂ ਸਿਰਫ ਅਜਿਹੇ ਪਲੈਨ ਦੀ ਮੰਗ ਕਰ ਰਹੇ ਹਨ ਜਿਸ ਮੁਤਾਬਕ ਉਹ ਕੰਮ ਕਰ ਸਕਣ ਤੇ ਜਿਸ ਉੱਤੇ ਨਿਰਭਰ ਕੀਤਾ ਜਾ ਸਕੇ ਤੇ ਸਮਾਂ ਰਹਿੰਦਿਆਂ ਜਿਸ ਦੀ ਤਿਆਰੀ ਕੀਤੀ ਜਾ ਸਕੇ। ਕੁੱਝ ਮਾਮਲਿਆਂ ਵਿੱਚ ਕੈਨੇਡੀਅਨਜ਼ ਨੂੰ ਸਪਸ਼ਟਤਾ ਚਾਹੀਦੀ ਹੈ, ਜੋ ਕਿ ਅੱਜ ਸਾਨੂੰ ਨਹੀਂ ਹੈ। ਅਸੀਂ ਇੱਕ ਟੀਚਾ ਮਿਥ ਕੇ ਉਸ ਉੱਤੇ ਕਾਇਮ ਰਹਿਣਾ ਚਾਹੁੰਦੇ ਹਾਂ।

ਇਸ ਤੋਂ ਪਹਿਲਾਂ ਚੀਫ ਪਬਲਿਕ ਹੈਲਥ ਆਫੀਸਰ ਡਾ. ਥੈਰੇਸਾ ਟੈਮ ਨੇ ਆਖਿਆ ਕਿ ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਇਸ ਸਮੇਂ ਇਸ ਹਫਤੇ ਪ੍ਰਭਾਵੀ ਹੋਈ ਨੀਤੀ ਦੇ ਸਬੰਧ ਵਿੱਚ ਡਾਟਾ ਇੱਕਠਾ ਕਰਨ ਵੱਲ ਲੱਗੀ ਹੋਈ ਹੈ। ਇਸ ਦੌਰਾਨ ਕੈਨੇਡੀਅਨ ਨਾਗਰਿਕਾਂ ਅਤੇ ਪਰਮਾਨੈਂਟ ਰੈਜ਼ੀਡੈਂਟਸ ਤੋਂ ਇਲਾਵਾ ਪੂਰੀ ਤਰ੍ਹਾਂ ਵੈਕਸੀਨੇਸ਼ਨ ਕਰਵਾ ਚੁੱਕੇ ਲੋਕਾਂ ਲਈ ਕੁਆਰਨਟੀਨ ਸਬੰਧੀ ਨਿਯਮਾਂ ਵਿੱਚ ਢਿੱਲ ਦੇਣਾ ਆਦਿ ਸ਼ਾਮਲ ਹਨ।

ਟਰੂਡੋ ਨੂੰ ਇਹ ਪੁੱਛਿਆ ਜ਼ਰੂਰ ਗਿਆ ਕਿ ਪੂਰੀ ਤਰ੍ਹਾਂ ਵੈਕਸੀਨੇਟ ਹੋ ਚੁੱਕੇ ਲੋਕਾਂ ਨੂੰ ਕਦੋਂ ਤੱਕ ਕੈਨੇਡਾ ਦਾ ਦੌਰਾ ਕਰਨ ਦੀ ਖੁੱਲ੍ਹ ਮਿਲ ਜਾਵੇਗੀ ਪਰ ਉਨ੍ਹਾਂ ਇਸ ਦਾ ਕੋਈ ਜਵਾਬ ਨਹੀਂ ਦਿੱਤਾ। ਉਨ੍ਹਾਂ ਆਖਿਆ ਕਿ ਅਸੀਂ ਕੈਨੇਡੀਅਨਜ਼ ਦੀ ਸਿਹਤ ਨੂੰ ਕਿਸੇ ਵੀ ਹਾਲ ਖਤਰੇ ਵਿੱਚ ਨਹੀਂ ਪਾ ਸਕਦੇ।

## ਅੰਦਰ ਪੜ੍ਹੋ

31 ਅਗਸਤ ਤੋਂ ਪੁਰਸ਼ਾਂ ਤੇ ਮਹਿਲਾਵਾਂ ਲਈ ਬਰਾਬਰ ਕੰਮ ਬਰਾਬਰ ਤਨਖਾਹ ਦਾ ਨਿਯਮ ਹੋਵੇਗਾ ਲਾਗੂ




ਟਰੂਡੋ ਨੇ ਕੀਤਾ ਕੈਲਗਰੀ ਦਾ ਦੌਰਾ, ਪ੍ਰੀਮੀਅਰ ਕੇਨੀ ਤੇ ਮੇਅਰ ਨੈਂਸ਼ੀ ਨਾਲ ਕੀਤੀ ਮੁਲਾਕਾਤ




## ਅਗਲੀਆਂ ਫੈਡਰਲ ਚੋਣਾਂ ਵਿੱਚ ਹਿੱਸਾ ਨਾ ਲੈਣ ਦਾ ਰੇਅਬੋਲਡ ਨੇ ਕੀਤਾ ਐਲਾਨ



ਓਟਵਾ, 8 ਜੁਲਾਈ (ਪੋਸਟ ਬਿਊਰੋ) : ਇੰਡੀਪੈਂਡੈਂਟ ਐਮਪੀ ਤੇ ਸਾਬਕਾ ਲਿਬਰਲ ਨਿਆਂ ਮੰਤਰੀ ਜੋਡੀ ਵਿਲਸਨ ਰੇਅਬੋਲਡ ਨੇ ਐਲਾਨ ਕੀਤਾ ਹੈ ਕਿ ਉਹ ਅਗਲੀਆਂ ਫੈਡਰਲ ਚੋਣਾਂ ਵਿੱਚ ਹਿੱਸਾ ਨਹੀਂ ਲਵੇਗੀ। ਉਨ੍ਹਾਂ ਇਹ ਵੀ ਆਖਿਆ ਕਿ ਇਸ ਦਾ ਕਾਰਨ ਸਿਰਫ ਇਹੋ ਹੈ ਕਿ ਓਟਵਾ ਦੀ ਹਵਾ ਜ਼ਹਿਰੀਲੀ ਤੇ ਗੈਰ ਪ੍ਰਭਾਵਸ਼ਾਲੀ ਹੋ ਗਈ ਹੈ।

ਆਨਲਾਈਨ ਪੋਸਟ ਕੀਤੇ ਗਏ ਬਿਆਨ ਵਿੱਚ ਵੀਰਵਾਰ ਸਵੇਰੇ ਵਿਲਸਨ ਰੇਅਬੋਲਡ ਨੇ ਆਖਿਆ ਕਿ ਇਹ ਫੈਸਲਾ ਕਰਨਾ ਕੋਈ ਸੁਖਾਲਾ ਕੰਮ ਨਹੀਂ ਸੀ। ਉਨ੍ਹਾਂ ਆਖਿਆ ਕਿ ਉਹ ਫੈਡਰਲ ਸਿਆਸਤ ਨੂੰ ਅਲਵਿਦਾ ਆਖ ਰਹੀ ਹੈ ਤੇ ਉਨ੍ਹਾਂ ਮੁੱਦਿਆਂ ਉੱਤੇ ਪਹਿਰਾ ਦਿੰਦੀ ਰਹੇਗੀ ਜਿਨ੍ਹਾਂ ਦੀ ਉਹ ਕਦਰ ਕਰਦੀ ਹੈ ਤੇ ਉਹ ਹਨ ਮੂਲਵਾਸੀਆਂ ਨਾਲ ਸੁਲ੍ਹਾ, ਕਲਾਈਮੇਟ ਚੇਂਜ, ਸਮਾਜਕ ਤੇ ਨਸਲੀ ਨਿਆਂ ਆਦਿ।

ਉਨ੍ਹਾਂ ਆਖਿਆ ਕਿ ਪਾਰਲੀਆਮੈਂਟ ਵਿੱਚ ਵਾਪਸੀ ਤੇ ਹਾਸ਼ੀਏ ਉੱਤੇ ਪਹੁੰਚੇ ਲੋਕਾਂ ਨੂੰ ਉਨ੍ਹਾਂ ਦੀ ਥਾਂ ਦਿਵਾਉਣ ਲਈ ਵੱਡੀ ਤਬਦੀਲੀ ਦੀ ਲੋੜ ਹੈ। ਜੋਡੀ ਨੇ ਆਖਿਆ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਹਾਊਸ ਆਫ ਕਾਮਨਜ਼ ਦੇ ਅੰਦਰ ਰਹਿ ਕੇ ਇਨ੍ਹਾਂ ਮੁੱਦਿਆਂ ਉੱਤੇ ਗੱਲ ਕਰਨ ਦੀ ਥਾਂ ਉਹ ਬਾਹਰ ਰਹਿ ਕੇ ਇਨ੍ਹਾਂ ਨੂੰ ਚੰਗਾ ਤਰ੍ਹਾਂ ਸੰਬੋਧਨ ਕਰ ਸਕਦੀ ਹੈ।

ਉਨ੍ਹਾਂ ਆਖਿਆ ਕਿ ਉਨ੍ਹਾਂ 25 ਸਾਲਾਂ ਤੱਕ ਫੈਡਰਲ ਸਿਆਸਤ ਤੋਂ ਬਾਹਰ ਰਹਿ ਕੇ ਤਬਦੀਲੀ ਦੀ ਲੜਾਈ ਲੜੀ ਤੇ ਪਿਛਲੇ ਛੇ ਸਾਲਾਂ ਤੋਂ ਉਹ ਫੈਡਰਲ ਸਿਆਸਤ ਦੇ ਅੰਦਰ ਰਹਿ ਕੇ ਅਜਿਹਾ ਕਰ ਰਹੀ ਸੀ। ਉਨ੍ਹਾਂ ਆਖਿਆ ਕਿ ਉਹ ਜਾਣਦੀ ਹੈ ਕਿ ਭਾਵੇਂ ਉਹ ਸਰਕਾਰ ਦੇ ਅੰਦਰ ਰਹੇ ਜਾਂ ਬਾਹਰ ਇਹ ਲੜਾਈ ਜਾਰੀ ਰਹੇਗੀ।

## ਬਰੈਂਪਟਨ 'ਚ ਨਵੀਆਂ ਚਾਈਲਡ ਕੇਅਰ ਸਪੇਸਿਜ਼ ਦਾ ਨਿਰਮਾਣ ਕਰੇਗੀ ਓਨਟਾਰੀਓ ਸਰਕਾਰ



ਬਰੈਂਪਟਨ, 8 ਜੁਲਾਈ (ਪੋਸਟ ਬਿਊਰੋ) : ਪ੍ਰੋਵਿੰਸ ਵੱਲੋਂ ਲੋਕਲ ਸਕੂਲਾਂ ਦੇ ਨਿਰਮਾਣ ਤੇ ਸੁਧਾਰ ਸਬੰਧੀ ਚੱਲ ਰਹੀਆਂ ਕੋਸ਼ਿਸ਼ਾਂ ਦੇ ਹਿੱਸੇ ਵਜੋਂ ਓਨਟਾਰੀਓ ਸਰਕਾਰ ਨੇ ਕੌਂਸੇਲ ਸਕੌਲੇਅਰ ਵਿਆਮੋਂਡ ਤੇ ਪੀਲ ਡਿਸਟ੍ਰਿਕਟ ਸਕੂਲ ਬੋਰਡ ਨੂੰ ਨਵੀਂ ਚਾਈਲਡ ਕੇਅਰ ਸਪੇਸ ਲਈ ਮਨਜ਼ੂਰੀ ਦੇ ਦਿੱਤੀ ਹੈ।

ਚਾਈਲਡ ਕੇਅਰ ਸੈਂਟਰ ਤੇ ਅਰਲੀਆਨ ਚਾਈਲਡ ਐਂਡ ਫੈਮਿਲੀ ਸੈਂਟਰ ਲਈ ਇਕੋਲ ਐਲੀਮੈਂਟੇਅਰ ਪਬਲਿਕ ਕੈਰੇਫਰ ਡੈਸ ਜਿਊਨਜ਼ ਨੂੰ 3.3 ਮਿਲੀਅਨ ਡਾਲਰ ਦੇ ਫੰਡ ਹਾਸਲ ਹੋਣਗੇ, ਇਸ ਵਿੱਚ 1.6 ਮਿਲੀਅਨ ਡਾਲਰ ਰਕਮ ਫੈਡਰਲ ਫੰਡਾਂ ਵਜੋਂ ਦਿੱਤੀ ਜਾਵੇਗੀ। ਮੈਸੀ ਸਟਰੀਟ ਪਬਲਿਕ ਸਕੂਲ ਨੂੰ ਚਾਈਲਡ ਕੇਅਰ ਸੈਂਟਰ ਰੈਟਰੋਫਿਟ ਲਈ 2 ਮਿਲੀਅਨ ਡਾਲਰ ਦੇ ਫੰਡ ਹਾਸਲ ਹੋਣਗੇ। ਇਹ ਦੋਵੇਂ ਪ੍ਰੋਜੈਕਟ ਬਰੈਂਪਟਨ ਦੇ ਬੱਚਿਆ ਲਈ ਨਵਾਂ ਤੇ ਮਿਆਰੀ ਲਰਨਿੰਗ ਮਾਹੌਲ ਲੈ ਕੇ ਆਉਣਗੇ।

...ਬਾਕੀ ਪੰਨਾ 6 'ਤੇ

## ਅਗਵਾ ਕਰਨ ਤੋਂ ਬਾਅਦ ਪਿਤਾ ਨੇ ਹੀ ਕੀਤਾ 3 ਸਾਲਾ ਬੱਚੀ ਦਾ ਕਤਲ



ਵਿਨੀਪੈਗ, 8 ਜੁਲਾਈ (ਪੋਸਟ ਬਿਊਰੋ) : ਆਪਣੀ ਤਿੰਨ ਸਾਲਾ ਬੇਟੀ ਦਾ ਕਤਲ ਕਰਨ ਦੇ ਮਾਮਲੇ ਵਿੱਚ ਵਿਨੀਪੈਗ ਦੇ ਇੱਕ ਵਿਅਕਤੀ ਨੂੰ ਫਰਸਟ ਡਿਗਰੀ ਮਰਡਰ ਦੇ ਸਬੰਧ ਵਿੱਚ ਚਾਰਜ ਕੀਤਾ ਗਿਆ ਹੈ।

ਵੀਰਵਾਰ ਨੂੰ ਪੁਲਿਸ ਨੇ ਮੀਡੀਆ ਕਾਨਫਰੰਸ ਵਿੱਚ ਹੋਰ ਵੇਰਵੇ ਮੁਹੱਈਆ ਕਰਵਾਏ। 7 ਜੁਲਾਈ ਨੂੰ ਸਵੇਰੇ 9:28 ਵਜੇ ਪੁਲਿਸ ਨੂੰ ਰੌਬਰਟਸਨ ਇਲਾਕੇ ਵਿੱਚ ਬੱਚੇ ਨੂੰ ਅਗਵਾ ਕੀਤੇ ਜਾਣ ਦੀਆਂ ਰਿਪੋਰਟਾਂ ਮਿਲੀਆਂ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਮੁਤਾਬਕ ਤਿੰਨ ਸਾਲਾ ਬੱਚੀ ਨੂੰ ਉਸ ਦੇ ਹੀ ਪਿਤਾ ਵੱਲੋਂ ਚਾਕੂ ਦੀ ਨੋਕ ਉੱਤੇ ਉਸ ਦੀ ਮਾਂ ਕੋਲੋਂ ਅਗਵਾ ਕਰ ਲਿਆ ਗਿਆ। ਦੋਵੇਂ ਪਤੀ ਪਤਨੀ ਪਹਿਲਾਂ ਤੋਂ ਹੀ ਵੱਖ ਰਹਿੰਦੇ ਸਨ।

ਮੀਡੀਆ ਕਾਨਫਰੰਸ ਦੌਰਾਨ ਕਾਂਸਟੇਬਲ ਜੇਅ ਮੁਰੇਅ ਨੇ ਦੱਸਿਆ ਕਿ ਮਾਂ ਤੇ ਬੱਚੀ ਉਸ ਸਮੇਂ ਕਾਰ ਵਿੱਚ ਇੱਕਲੀਆਂ ਸਨ ਜਦੋਂ ਇਹ ਅਗਵਾਕਾਂਡ ਵਾਪਰਿਆ। ਇਹ ਦੋਵੇਂ ਕਾਰ ਰਾਹੀਂ ਕਿਸੇ ਅਣਦੱਸੀ ਥਾਂ ਉੱਤੇ ਪਹੁੰਚੀਆਂ ਸਨ। ਮੁਰੇਅ ਨੇ ਦੱਸਿਆ ਕਿ ਬੱਚੀ ਨੂੰ ਅਗਵਾ ਕਰਨ ਤੋਂ ਬਾਅਦ ਮਸ਼ਕੂਕ ਨੇ ਇੱਕ ਹੋਰ ਗੱਡੀ ਨੂੰ ਰੋਕਿਆ। ਗੱਡੀ ਵਿੱਚ ਸਵਾਰ ਵਿਅਕਤੀ ਤੇ ਮਸ਼ਕੂਕ ਵਿੱਚ ਕੋਈ ਗੱਲ ਹੋਈ ਪਰ ਇਸ ਗੱਲਬਾਤ ਦਾ ਵੇਰਵਾ ਜਾਰੀ ਨਹੀਂ ਕੀਤਾ ਗਿਆ। ਉਸ ਕਾਰਚਾਲਕ ਵੱਲੋਂ ਹੀ ਪੁਲਿਸ ਨੂੰ ਸੱਦਿਆ ਗਿਆ ਤੇ ਪੁਲਿਸ ਅਧਿਕਾਰੀਆਂ ਨੂੰ ਲੋਕੇਸ਼ਨ ਬਾਰੇ ਜਾਣਕਾਰੀ ਮਿਲੀ।

...ਬਾਕੀ ਪੰਨਾ 6 'ਤੇ

Best Insurance Rates
Life * Auto * Home * Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axxel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance | Super Visa Insurance
Critical illness Ins | Mortgage Insurance
Travel & Visitor Ins | Disability Insurance
RESP & TFSA & RRSP | Funeral Insurance
SIMRAN SAINI 416.994.7272
www.allkindinsurance.com

INSURANCE
Home | Auto
Business | Trucking
Life Insurance | Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PEST PROBLEM ?
Residential & Commercial
All Pest Control
MICE, COCKROACH, BEDBUG & ALL COMMON BUGS
100% Customer Satisfaction
AFFORDABLE & RELIABLE
647.990.3205
Residential, Commercial
www.ksgpestcontrol.ca
ksgpestcontrol@gmail.com
KSG Pest Control Inc.
Amarjeet Singh Gill Certified & Licensed Exterminator

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licensed Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉੱਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉੱਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213


KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats | Spiders & Fleas | Bedbugs | Wasps
Cockroaches | Carpenter Ants | Silver Fish | Racoons
Call : PARESH PATEL (Government Approved Licensed Technician)
416 938 4598

MANN LAW FIRM
Real Estate Law | Business Law
Wills & Estates | Family Law
Power of Attorney | Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001


NOW HIRING
U.S. CROSS BORDER SINGLES & TEAMS AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK, TEXT & DATA PLAN
10GB
$50/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 10GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਗ੍ਰੀਨ ਪਾਰਟੀ ਵੱਲੋਂ ਕੀਤੀਆਂ ਗਈਆਂ ਛਾਂਗੀਆਂ ਮਗਰੋਂ ਅਨੇਮੀ ਪਾਲ ਕੋਲ ਨਹੀਂ ਬਚਿਆ ਕੋਈ ਸਟਾਫ ਮੈਂਬਰ

ਓਟਵਾ, 8 ਜੁਲਾਈ (ਪੋਸਟ ਬਿਊਰੋ) : ਗ੍ਰੀਨ ਪਾਰਟੀ ਦਾ ਅੰਦਰੂਨੀ ਵਿਵਾਦ ਠੰਢਾ ਪੈਣ ਦਾ ਨਾਂ ਹੀ ਨਹੀਂ ਲੈ ਰਿਹਾ। ਗ੍ਰੀਨ ਪਾਰਟੀ ਵੱਲੋਂ ਕੀਤੀਆਂ ਗਈਆਂ ਛਾਂਗੀਆਂ ਨਾਲ ਲੀਡਰ ਅਨੇਮੀ ਪਾਲ ਦੇ ਆਫਿਸ ਵਿੱਚ ਹੁਣ ਕੋਈ ਸਟਾਫ ਹੀ ਨਹੀਂ ਬਚਿਆ ਹੈ।




ਇਨ੍ਹਾਂ ਕਟੌਤੀਆਂ ਤੋਂ ਪ੍ਰਭਾਵਿਤ ਹੋਏ ਤਿੰਨ ਸਟਾਫਰਜ਼ ਨੇ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ਉੱਤੇ ਦੱਸਿਆ ਕਿ ਗ੍ਰੀਨ ਪਾਰਟੀ ਦੀ ਐਗਜ਼ੈਕਟਿਵ ਡਾਇਰੈਕਟਰ ਡਾਟਾ ਟੇਲਰ ਨੇ ਅੱਜ ਨੋਟਿਸ ਭੇਜੇ ਤੇ ਪਾਰਟੀ ਦੇ ਤਨਖਾਹਯਾਫਤਾ ਸਟਾਫ ਨੂੰ ਅੱਧੇ ਤੋਂ ਵੱਧ ਛਾਂਗ ਦਿੱਤਾ। ਪਿੱਛੇ ਜਿਹੇ ਹੋਈ ਸਾਰੇ ਸਟਾਫ ਦੀ ਮੀਟਿੰਗ ਵਿੱਚ ਐਗਜ਼ੈਕਟਿਵ ਨੇ 15 ਸਟਾਫ ਮੈਂਬਰਾਂ ਦੀ ਛਾਂਗੀ ਕੀਤੇ ਜਾਣ ਦਾ ਐਲਾਨ ਕੀਤਾ ਸੀ।

ਇਨ੍ਹਾਂ ਸਰੋਤਾਂ ਨੇ ਦੱਸਿਆ ਕਿ ਵਰਚੂਅਲ ਗੈਦਰਿੰਗ ਵਿੱਚ ਉਸ ਸਮੇਂ ਵਿਘਨ ਪੈ ਗਿਆ ਜਦੋਂ ਟੇਲਰ ਨੇ ਪਾਲ ਦੇ ਮਿਊਟ ਬਟਨ ਨੂੰ ਆਨ ਕਰ ਦਿੱਤਾ। ਉਸ ਸਮੇਂ ਪਾਲ ਪੇਅਰੋਲ ਕਟੌਤੀਆਂ ਖਿਲਾਫ ਬੋਲ ਰਹੀ ਸੀ। ਕੁੱਝ ਹੋਰ ਗ੍ਰੀਨ ਮੈਂਬਰਾਂ ਨੇ ਉਦੋਂ ਤੱਕ ਗੱਲ ਕਰਨ ਤੋਂ ਇਨਕਾਰ ਕਰ ਦਿੱਤਾ ਜਦੋਂ ਤੱਕ ਪਾਲ ਨੂੰ ਮੁੜ ਅਨਮਿਊਟ ਨਹੀਂ ਕੀਤਾ ਗਿਆ। ਉਨ੍ਹਾਂ ਆਖਿਆ ਕਿ ਆਰਜ਼ੀ ਕਟੌਤੀਆਂ ਸ਼ੁੱਕਰਵਾਰ ਸ਼ਾਮ ਨੂੰ ਪ੍ਰਭਾਵੀ ਹੋਣਗੀਆਂ ਤੇ ਜੇ ਇਸ ਸਾਲ ਚੋਣਾਂ ਹੁੰਦੀਆਂ ਹਨ ਤਾਂ ਉਨ੍ਹਾਂ ਨੂੰ ਕੰਮ ਉੱਤੇ ਪਰਤਣ ਲਈ ਆਖਿਆ ਜਾ ਸਕਦਾ ਹੈ। ਕਟੌਤੀਆਂ ਵਿੱਚ ਉਹ ਨਵਾਂ ਸਟਾਫ ਵੀ ਸੀ ਜਿਹੜਾ ਨੌਂ ਮਹੀਨੇ ਪਹਿਲਾਂ ਪਾਲ ਦੀ ਚੋਣ ਸਮੇਂ ਟੀਮ ਵਿੱਚ ਸ਼ਾਮਲ ਹੋਇਆ ਸੀ। ਟੇਲਰ ਤੇ ਪਾਲ ਦੇ ਆਫਿਸ ਵੱਲੋਂ ਇਸ ਮਾਮਲੇ ਵਿੱਚ ਕੋਈ ਵੀ ਟਿੱਪਣੀ ਨਹੀਂ ਕੀਤੀ ਗਈ।




# ਅਣਪਛਾਤੇ ਵਿਅਕਤੀਆਂ ਨੇ ਘਰ ਵਿੱਚ ਦਾਖਲ ਹੋ ਕੇ ਕੀਤਾ ਹਾਇਤੀ ਦੇ ਰਾਸ਼ਟਰਪਤੀ ਦਾ ਕਤਲ

ਪੋਰਟ-ਔ-ਪ੍ਰਿੰਸ, ਹਾਇਤੀ, 8 ਜੁਲਾਈ (ਪੋਸਟ ਬਿਊਰੋ) : ਹਾਇਤੀ ਦੇ ਰਾਸ਼ਟਰਪਤੀ ਜੋਵੇਨਲ ਮੌਇਸ ਦੀ ਪ੍ਰਾਈਵੇਟ ਰਿਹਾਇਸ਼ ਉੱਤੇ ਕੁੱਝ ਅਣਪਛਾਤੇ ਲੋਕਾਂ ਵੱਲੋਂ ਹਮਲਾ ਕੀਤੇ ਜਾਣ ਤੋਂ ਬਾਅਦ ਉਨ੍ਹਾਂ ਦਾ ਕਤਲ ਕਰ ਦਿੱਤਾ ਗਿਆ। ਇਹ ਖੁਲਾਸਾ ਬੁੱਧਵਾਰ ਨੂੰ ਦੇਸ਼ ਦੇ ਅੰਤਰਿਮ ਪ੍ਰਧਾਨ ਮੰਤਰੀ ਵੱਲੋਂ ਕੀਤਾ ਗਿਆ।



ਅੰਤਰਿਮ ਪ੍ਰੀਮੀਅਰ ਕਲੌਡੇ ਜੋਸਫ ਨੇ ਆਖਿਆ ਕਿ ਫਰਸਟ ਲੇਡੀ ਮਾਰਟਿਨ ਮੌਇਸ ਨੂੰ ਹਮਲੇ ਤੋਂ ਬਾਅਦ ਹਸਪਤਾਲ ਲਿਜਾਇਆ ਗਿਆ। ਜੋਸਫ ਨੇ ਇਸ ਨੂੰ ਨਫਰਤ ਭਰਿਆ, ਗੈਰ ਮਨੁੱਖੀ ਤੇ ਜ਼ਾਲਮਾਨਾਂ ਕਾਰਾ ਦੱਸਦਿਆਂ ਇਸ ਦੀ ਨਿਖੇਧੀ ਕੀਤੀ। ਉਨ੍ਹਾਂ ਆਖਿਆ ਕਿ ਹਾਲਾਤ ਹਾਇਤੀ ਦੀ ਨੈਸ਼ਨਲ ਪੁਲਿਸ ਤੇ ਹੋਰਨਾਂ ਅਧਿਕਾਰੀਆਂ ਦੇ ਨਿਯੰਤਰਣ ਵਿੱਚ ਹਨ। ਜ਼ਿਕਰਯੋਗ ਹੈ ਕਿ ਮੌਇਸ ਦੇ ਕਾਰਜਕਾਲ ਵਿੱਚ 11 ਮਿਲੀਅਨ ਲੋਕਾਂ ਦੀ ਆਬਾਦੀ ਵਾਲੇ ਇਸ ਦੇਸ਼ ਵਿੱਚ ਅਸਥਿਰਤਾ ਵਧ ਗਈ ਸੀ। ਦੇਸ਼ ਦੇ ਆਰਥਿਕ, ਸਿਆਸੀ ਤੇ ਸਮਾਜਕ ਹਾਲਾਤ ਵੀ ਬਦਤਰ ਹੋ ਗਏ ਸਨ।

ਰਾਜਧਾਨੀ ਪੋਰਟ-ਔ-ਪ੍ਰਿੰਸ ਵਿੱਚ ਗੈਂਗ ਵਾਇਲੈਂਸ ਦਾ ਬੋਲਬਾਲਾ ਸੀ, ਮਹਿੰਗਾਈ ਬਹੁਤ ਵੱਧ ਗਈ ਸੀ, ਖਾਣ-ਪੀਣ ਦੀਆਂ ਚੀਜ਼ਾਂ ਤੇ ਫਿਊਲ ਵੀ ਕਾਫੀ ਮਹਿੰਗਾ ਹੋ ਗਿਆ ਸੀ। ਇਸ ਦੇਸ਼ ਦੀ 60 ਫੀ ਸਦੀ ਅਬਾਦੀ ਦਿਨ ਦੇ 2 ਡਾਲਰ ਤੋਂ ਵੀ ਘੱਟ ਕਮਾਉਂਦੀ ਹੈ। ਅਜੇ ਵੀ ਦੇਸ਼ 2010 ਵਿੱਚ ਆਏ ਜ਼ਬਰਦਸਤ ਭੂਚਾਲ ਨਾਲ ਹੋਏ ਨੁਕਸਾਨ ਤੇ 2016 ਵਿੱਚ ਆਏ ਤੂਫਾਨ ਮੈਥਿਊ ਤੋਂ ਪੂਰੀ ਤਰ੍ਹਾਂ ਉਭਰ ਨਹੀਂ ਪਾਇਆ ਹੈ।

53 ਸਾਲਾ ਮੌਇਸ ਦੋ ਸਾਲਾਂ ਤੋਂ ਦੇਸ਼ ਦਾ ਕੰਮਕਾਜ ਚਲਾ ਰਹੇ ਸਨ। ਦੇਸ਼ ਵਿੱਚ ਚੋਣਾਂ ਨਾ ਹੋਣ ਕਾਰਨ ਪਾਰਲੀਆਮੈਂਟ ਭੰਗ ਕਰਨੀ ਪਈ ਸੀ ਤੇ ਫਰਮਾਨ ਤੋਂ ਬਾਅਦ ਮੌਇਸ ਨੂੰ ਸੱਤਾ ਸੌਂਪ ਦਿੱਤੀ ਗਈ ਸੀ।

## ਹਾਇਤੀ ਦੇ ਰਾਸ਼ਟਰਪਤੀ ਦੇ ਕਤਲ ਦੀ ਟਰੂਡੋ ਵੱਲੋਂ ਨਿਖੇਧੀ

ਓਟਵਾ, 8 ਜੁਲਾਈ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਹਾਇਤੀ ਦੇ ਰਾਸ਼ਟਰਪਤੀ ਜੌਵੇਨਲ ਮੋਇਸ ਦੀ ਉਨ੍ਹਾਂ ਦੇ ਹੀ ਘਰ ਦਾਖਲ ਹੋ ਕੇ ਕੁੱਝ ਅਣਪਛਾਤੇ ਵਿਅਕਤੀਆਂ ਵੱਲੌਨਫਕੀਤੇ ਗਏ ਕਤਲ ਦੀ ਉਹ ਨਿਖੇਧੀ ਕਰਦੇ ਹਨ।



ਇਸ ਦੇ ਨਾਲ ਹੀ ਟਰੂਡੋ ਨੇ ਆਖਿਆ ਕਿ ਕੈਨੇਡਾ ਹਾਇਤੀ ਦੇ ਲੋਕਾਂ ਦੀ ਮਦਦ ਤੇ ਕਿਸੇ ਵੀ ਤਰ੍ਹਾਂ ਦੇ ਸਹਿਯੋਗ ਲਈ ਤਿਆਰ ਹੈ। ਜਿਕਰਯੋਗ ਹੈ ਕਿ ਅੱਜ ਸਵੇਰੇ ਕੁੱਝ ਅਣਪਛਾਤੇ ਵਿਅਕਤੀਆਂ ਨੇ ਮੋਇਸ ਦੇ ਘਰ ਦਾਖਲ ਹੋ ਕੇ ਉਨ੍ਹਾਂ ਦੀ ਜਾਨ ਲੈ ਲਈ ਤੇ ਉਨ੍ਹਾਂ ਦੀ ਪਤਨੀ ਨੂੰ ਜ਼ਖ਼ਮੀ ਕਰ ਦਿੱਤਾ।

ਪਹਿਲਾਂ ਤੋਂ ਹੀ ਹਿੰਸਾ ਨਾਲ ਘਿਰੇ ਹੋਏ, ਸਰਕਾਰ ਵਿਰੋਧੀ ਮੁਜ਼ਾਹਰਿਆਂ ਦਾ ਸਾਹਮਣਾ ਕਰਨ ਵਾਲੇ ਤੇ ਕੋਵਿਡ-19 ਮਾਮਲਿਆਂ ਵਿੱਚ ਹੋਏ ਵਾਧੇ ਨੂੰ ਵੇਖਣ ਵਾਲੇ ਇਸ ਦੇਸ ਵਿੱਚ ਇਸ ਤਰ੍ਹਾਂ ਦੀ ਘਟਨਾ ਨੇ ਸਾਰਿਆਂ ਦੀ ਹਿੰਮਤ ਨੂੰ ਹੋਰ ਢਾਹ ਲਾਈ ਹੈ।

# ਓਕਵਿੱਲ ਦੇ ਜਿੰਮ ਵਿੱਚ ਡੈਲਟਾ ਵੇਰੀਐਨਟ ਆਊਟਬ੍ਰੇਕ ਕਾਰਨ 400 ਦੇ ਪ੍ਰਭਾਵਿਤ ਹੋਣ ਦਾ ਖਦਸ਼ਾ

ਓਕਵਿੱਲ, 8 ਜੁਲਾਈ (ਪੋਸਟ ਬਿਊਰੋ) : ਕੋਵਿਡ-19 ਆਊਟਬ੍ਰੇਕ ਕਾਰਨ ਓਕਵਿੱਲ ਦੇ ਇੱਕ ਜਿੰਮ ਨੂੰ ਬੰਦ ਕਰਨਾ ਪਿਆ। ਡੈਲਟਾ ਵੇਰੀਐਂਟ ਦੇ 15 ਮਾਮਲੇ ਮਸਲ ਐਚਕਿਊ ਜਿੰਮ ਨਾਲ ਸਬੰਧਤ ਦੱਸੇ ਜਾਂਦੇ ਹਨ।

ਹਾਲਟਨ ਰੀਜਨ ਪਬਲਿਕ ਹੈਲਥ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ 15 ਮਾਮਲਿਆਂ ਦਾ ਪਤਾ ਲੱਗਿਆ ਹੈ। ਓਨਟਾਰੀਓ ਭਰ ਦੇ ਜਿੰਮਜ਼ ਨੂੰ ਇੰਡੋਰ ਸੇਵਾਵਾਂ ਨਾ ਦੇਣ ਦੀਆਂ ਹਦਾਇਤਾਂ ਹਨ ਪਰ ਮਸਲ ਐਚਕਿਊ ਜਿੰਮ ਡਾਕਟਰਾਂ ਵੱਲੋਂ ਲਿਖੇ ਹੋਏ ਨੋਟ ਦੇ ਆਧਾਰ ਉੱਤੇ ਲੋਕਾਂ ਨੂੰ ਫਿਜ਼ੀਕਲ ਥੈਰੇਪੀ ਦਿੱਤੀ ਜਾਂਦੀ ਸੀ। ਇਸ ਜਿੰਮ ਦੇ ਕ'-ਓਨਰ ਅਲੀ ਸਿਦਿੱਕੀ ਨੇ ਫੇਸਬੁੱਕ ਉੱਤੇ ਵੀਡੀਓ ਜਾਰੀ ਕਰਕੇ ਆਖਿਆ ਕਿ ਸ਼ਨਿੱਚਰਵਾਰ ਨੂੰ ਜਿੰਮ ਨੂੰ ਬੰਦ ਕਰਨ ਦਾ ਨੋਟਿਸ ਮਿਲਿਆ ਸੀ। ਇਸ ਗੱਲ ਦੀ ਵੀ ਪੁਸ਼ਟੀ ਹੋਈ ਸੀ ਕਿ ਫੈਸਿਲਿਟੀ ਉੱਤੇ ਡੈਲਟਾ ਵੇਰੀਐਂਟ ਮਿਲਿਆ ਹੈ।



ਉਨ੍ਹਾਂ ਆਖਿਆ ਕਿ ਜਿੰਮ ਉੱਤੇ ਆਊਟਬ੍ਰੇਕ ਕਾਰਨ 400 ਤੋਂ ਵੱਧ ਲੋਕ ਇਸ ਵਾਇਰਸ ਦੇ ਸੰਪਰਕ ਵਿੱਚ ਆਏ ਹੋ ਸਕਦੇ ਹਨ। ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਦਾ ਕਹਿਣਾ ਹੈ ਕਿ ਇਹ ਜਿੰਮ ਮਹਾਂਮਾਰੀ ਦੌਰਾਨ ਵੀ ਖੁੱਲ੍ਹਿਆ ਰਿਹਾ ਇਸ ਲਈ ਡੈਲਟਾ ਵੇਰੀਐਂਟ ਹੁਣ ਉਨ੍ਹਾਂ ਲੋਕਾਂ ਨੂੰ ਹੋਣ ਦੀ ਸੰਭਾਵਨਾ ਵੱਧ ਹੈ ਜਿਨ੍ਹਾਂ ਨੇ ਇਸ ਜਿੰਮ ਦੀ ਵਰਤੋਂ ਕੀਤੀ। ਬੁੱਧਵਾਰ ਨੂੰ ਐਲੀਅਟ ਨੇ ਵਧੇਰੇ ਖਤਰਨਾਕ ਡੈਲਟਾ ਵੇਰੀਐਂਟਸ ਬਾਰੇ ਗੱਲ ਕਰਦਿਆਂ ਆਖਿਆ ਕਿ ਇਸ ਕਾਰਨ ਟੀਕਾਕਰਣ ਪੂਰਾ ਕਰਵਾ ਚੁੱਕੇ ਯੂਕੇ ਤੇ ਇਜਰਾਈਲ ਦੇ ਲ'ਕਾਂ ਨੂੰ ਵੀ ਵਧੇਰੇ ਖਤਰਾ ਹੈ ਤੇ ਓਨਟਾਰੀਓ ਦੇ ਕਈ ਇਲਾਕਿਆਂ ਨੂੰ ਵੀ ਇਸ ਕਾਰਨ ਖਤਰਾ ਪੈਦਾ ਹੋਇਆ ਹੈ।


# ਟੋਰਾਂਟੋ ਵਿੱਚ ਖਾਲੀ ਪਏ ਘਰਾਂ ਦੇ ਮਾਲਕਾਂ ਨੂੰ ਦੇਣਾ ਪੈ ਸਕਦਾ ਹੈ ਨਵਾਂ ਟੈਕਸ !




ਟੋਰਾਂਟੋ, 8 ਜੁਲਾਈ (ਪੋਸਟ ਬਿਊਰੋ) : ਟੋਰਾਂਟੋ ਵਿੱਚ ਜਿਨ੍ਹਾਂ ਲੋਕਾਂ ਦੇ ਘਰ ਖਾਲੀ ਪਏ ਹਨ ਉਨ੍ਹਾਂ ਨੂੰ ਨਵੇਂ ਟੈਕਸ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਅਜਿਹ ਹਾਊਸਿੰਗ ਮਾਰਕਿਟ ਨੂੰ ਠੰਢਾ ਕਰਨ ਲਈ ਕੀਤਾ ਜਾ ਸਕਦਾ ਹੈ।

ਮੰਗਲਵਾਰ ਨੂੰ ਸਿਟੀ ਕਾਊਂਸਲ ਦੀ ਐਗਜ਼ੈਕਟਿਵ ਕਮੇਟੀ ਨੇ ਅਜਿਹੇ ਟੈਕਸ ਡਿਜ਼ਾਈਨ ਤੇ ਉਸ ਨੂੰ ਲਾਗੂ ਕਰਨ ਦੀ ਯੋਜਨਾ ਨੂੰ ਮਨਜ਼ੂਰੀ ਦਿੱਤੀ ਹੈ ਜਿਹੜਾ ਟੋਰਾਂਟੋ ਵਿੱਚ ਖਾਲੀ ਪਏ ਘਰਾਂ ਲਈ ਤਿਆਰ ਕੀਤਾ ਗਿਆ ਹੈ ਤੇ ਜਿਹੜਾ 2022 ਵਿੱਚ ਸ਼ੁਰੂ ਹੋਵੇਗਾ। ਇੱਕ ਨਿਊਜ਼ ਰਲੀਜ਼ ਵਿੱਚ ਸਿਟੀ ਨੇ ਆਖਿਆ ਕਿ ਇਸ ਟੈਕਸ ਦਾ ਅਸਲ ਮਕਸਦ ਖਾਲੀ ਪਏ ਘਰਾਂ ਦੇ ਮਾਲਕਾਂ ਨੂੰ ਘਰ ਕਿਰਾਏ ਉੱਤੇ ਦੇਣ ਜਾਂ ਇਸ ਤਰ੍ਹਾਂ ਖਾਲੀ ਪਏ ਘਰਾਂ ਨੂੰ ਵੇਚਣ ਲਈ ਹੱਲਾਸ਼ੇਰੀ ਦੇਣਾ ਹੈ। ਇਸ ਨਾਲ ਘਰਾਂ ਦੀ ਤਾਦਾਦ ਵਿੱਚ ਵਾਧਾ ਹੋ ਸਕਦਾ ਹੈ।

ਜੇ ਇਸ ਨੂੰ ਸਿਟੀ ਕਾਊਂਸਲ ਵੱਲੋਂ ਮਨਜ਼ੂਰੀ ਮਿਲ ਜਾਂਦੀ ਹੈ ਤਾਂ ਇਸ ਟੈਕਸ ਲਈ ਬਾਇਲਾਅ ਪਹਿਲੀ ਜਨਵਰੀ, 2022 ਵਿੱਚ ਪ੍ਰਭਾਵੀ ਹੋ ਜਾਵੇਗਾ। ਸਿਟੀ ਅਨੁਸਾਰ ਸ਼ੁਰੂਆਤੀ ਟੈਕਸ ਦਰ ਉਸ ਸਾਲ ਵਿੱਚ ਪ੍ਰਾਪਰਟੀ ਦੀ ਮੌਜੂਦਾ ਵੈਲਿਊ ਅਸੈੱਸਮੈਂਟ (ਸੀ ਵੀ ਏ) ਦਾ ਇੱਕ ਫੀ ਸਦੀ ਹੋਵੇਗੀ, ਜਿਸ ਦੌਰਾਨ ਉਹ ਘਰ ਖਾਲੀ ਰਿਹਾ।






# ਫਰਸਟ ਨੇਸ਼ਨ ਨਾਲ ਚਾਈਲਡ ਵੈਲਫੇਅਰ ਸਮਝੌਤੇ ਲਈ ਸਸਕੈਚਵਨ ਜਾਣਗੇ ਟਰੂਡੋ

ਕਾਓਐਸਿਸ ਫਰਸਟ ਨੇਸ਼ਨ, 8 ਜੁਲਾਈ (ਪੋਸਟ ਬਿਊਰੋ) : ਸਸਕੈਚਵਨ ਦੀ ਕਾਓਐਸਿਸ ਫਰਸਟ ਨੇਸ਼ਨ ਦਾ ਕਹਿਣਾ ਹੈ ਕਿ ਮੰਗਲਵਾਰ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਉਨ੍ਹਾਂ ਦੀ ਕਮਿਊਨਿਟੀ ਦਾ ਦੌਰਾ ਕਰਨਗੇ।



ਟਵਿੱਟਰ ਉੱਤੇ ਜਾਰੀ ਕੀਤੇ ਗਏ ਇੱਕ ਬਿਆਨ ਵਿੱਚ ਚੀਫ ਕੈਡਮਸ ਡੈਲੋਰਮ ਨੇ ਆਖਿਆ ਕਿ ਪ੍ਰਧਾਨ ਮੰਤਰੀ ਤੇ ਸਸਕੈਚਵਨ ਦੇ ਪ੍ਰੀਮੀਅਰ ਸਕੌਟ ਮੋਅ ਚਾਈਲਡ ਵੈੱਲਫੇਅਰ ਸਮਝੌਤੇ ਉੱਤੇ ਸਹੀ ਪਾਉਣਗੇ। ਇੱਥੇ ਦੱਸਣਾ ਬਣਦਾ ਹੈ ਕਿ ਕਈ ਇੰਡੀਜੀਨਸ ਗਰੁੱਪਜ਼ ਵਿੱਚੋਂ ਫਰਸਟ ਨੇਸ਼ਨ ਅਜਿਹਾ ਗਰੁੱਪ ਹੈ ਜਿਸਨੇ ਇੰਡੀਜੀਨਸ ਸਰਵਿਸਿਜ਼ ਕੈਨੇਡਾ ਨੂੰ ਇਹ ਆਖਿਆ ਹੈ ਕਿ ਉਹ ਫੈਡਰਲ ਕਾਨੂੰਨ ਤਹਿਤ ਆਪਣੀਆਂ ਚਾਈਲਡ ਐਂਡ ਫੈਮਿਲੀ ਸਰਵਿਸਿਜ਼ ਨੂੰ ਆਪ ਹੈਂਡਲ ਕਰਨਾ ਚਾਹੁੰਦੇ ਹਨ। ਦ ਫੈਡਰੇਸ਼ਨ ਆਫ ਸੌਵਰਨ ਇੰਡੀਜੀਨਸ ਨੇਸ਼ਨਜ਼, ਜੋ ਕਿ ਸਸਕੈਚਵਨ ਦੀਆਂ 74 ਫਰਸਟ ਨੇਸ਼ਨਜ਼ ਦੀ ਨੁਮਾਇੰਦਗੀ ਕਰਦੀ ਹੈ, ਨੇ ਪਿਛਲੇ ਸਾਲ ਇਹ ਐਲਾਨ ਕੀਤਾ ਸੀ ਕਿ ਇਸ ਕਾਨੂੰਨ ਨੂੰ ਰਿਜ਼ਰਵਜ਼ ਉੱਤੇ ਲਾਗੂ ਕਰਨ ਲਈ ਉਹ ਪੰਜ ਸਾਲਾਂ ਦੇ ਅਰਸੇ ਦੌਰਾਨ ਓਟਵਾ ਤੋਂ 360 ਮਿਲੀਅਨ ਡਾਲਰ ਚਾਹੁੰਦੀ ਹੈ। ਇੱਥੇ ਦੱਸਣਾ ਬਣਦਾ ਹੈ ਕਿ ਕਾਓਐਸਿਸ ਪੁਰਾਣੇ ਰੈਜ਼ੀਡੈਂਸ਼ੀਅਲ ਸਕੂਲ ਦੀ ਉਹ ਸਾਈਟ ਹੈ ਜਿੱਥੇ ਪਿਛਲੇ ਮਹੀਨੇ 751 ਗੈਰ ਨਿਸ਼ਾਨਬੱਧ ਕਬਰਾਂ ਮਿਲੀਆਂ ਸਨ।

# ਮਿਸੀਸਾਗਾ ਵਿੱਚ ਲਾਏ ਗਏ ਆਟੋਮੇਟਿਡ ਸਪੀਡ ਕੈਮਰੇ

ਮਿਸੀਸਾਗਾ, 8 ਜੁਲਾਈ (ਪੋਸਟ ਬਿਊਰੋ) : ਗ੍ਰੇਟਰ ਟੋਰਾਂਟੋ ਏਰੀਆ ਦੀ ਤਰਜ਼ ਉੱਤੇ ਹੁਣ ਮਿਸੀਸਾਗਾ ਵਿੱਚ ਵੀ ਤੇਜ਼ ਰਫਤਾਰ ਨਾਲ ਗੱਡੀ ਚਲਾਉਣ ਵਾਲਿਆਂ ਦੀ ਖੈਰ ਨਹੀਂ। ਇੱਥੇ ਵੀ ਹੁਣ ਆਟੋਮੈਟਿਕ ਢੰਗ ਨਾਲ ਚੱਲਣ ਵਾਲੇ ਸਪੀਡ ਕੈਮਰੇ ਲਾ ਦਿੱਤੇ ਗਏ ਹਨ, ਜਿਹੜੇ ਅੱਖ ਦੇ ਫੋਰ ਵਿੱਚ ਤੇਜ਼ ਰਫਤਾਰ ਨਾਲ ਗੱਡੀ ਚਲਾਉਣ ਵਾਲਿਆਂ ਦੀ ਤਸਵੀਰ ਖਿੱਚ ਲੈਣਗੇ।




ਸੋਮਵਾਰ ਨੂੰ ਸਿਟੀ ਵੱਲੋਂ ਦੋ ਆਟੋਮੇਟਿਡ ਸਪੀਡ ਐਨਫੋਰਸਮੈਂਟ (ਏ ਐਸ ਈ) ਕੈਮਰੇ ਸ਼ੁਰੂ ਕੀਤੇ ਗਏ। ਇਹ ਕੈਮਰੇ ਮੌਰਨਿੰਗਸਟਾਰ ਡਰਾਈਵ ਦਰਮਿਆਨ ਲੈਂਕਾਸਟਰ ਐਵਨਿਊ ਤੇ ਨੀਦਰਵੁੱਡ ਰੋਡ ਦੇ ਨਾਲ ਨਾਲ ਸਾਅਮਿੱਲ ਵੈਲੀ ਡਰਾਈਵ ਉੱਤੇ ਫੋਕਵੇਅ ਐਵਨਿਊ ਤੇ ਗਰੌਸਵਰਨਰ ਪਲੇਸ ਦਰਮਿਆਨ ਲਾਏ ਗਏ ਹਨ।

ਇਸ ਦੌਰਾਨ ਮੇਅਰ ਬੌਨੀ ਕ੍ਰੌਂਬੀ ਨੇ ਆਪਣੀ ਸਿਟੀ ਦੇ ਡਰਾਈਵਰਾਂ ਲਈ ਛੱਡੇ ਗਏ ਇੱਕ ਵੀਡੀਓ ਮੈਸੇਜ ਵਿੱਚ ਆਖਿਆ ਕਿ ਉਹ ਗੱਡੀ ਸਪੀਡ ਲਿਮਿਟ ਦੇ ਅੰਦਰ ਹੀ ਚਲਾਉਣ। ਉਨ੍ਹਾਂ ਆਖਿਆ ਕਿ ਜੇ ਤੁਸੀਂ ਮਿਸੀਸਾਗਾ ਵਿੱਚ ਡਰਾਈਵ ਕਰ ਰਹੇ ਹੋਂ ਤਾਂ ਸਾਰੀਆਂ ਰੋਡਜ਼ ਨੂੰ ਬਿਲਕੁਲ ਸੇਫ ਰੱਖੋ ਤੇ ਜ਼ਿੰਮੇਵਾਰੀ ਨੂੰ ਸਮਝਦਿਆਂ ਹੋਇਆਂ ਆਪਣੀ ਸਪੀਡ ਦੀ ਹੱਦ ਵਿੱਚ ਰਹੋ। ਚੰਗੀ ਖਬਰ ਇਹ ਹੈ ਕਿ ਜੇ ਤੁਸੀਂ ਨਿਯਮਾਂ ਦੀ ਪਾਲਣਾ ਕਰਦੇ ਹੋਂ ਤੇ ਸਪੀਡ ਦੀ ਹੱਦ ਵਿੱਚ ਰਹਿੰਦੇ ਹੋਂ ਤਾਂ ਚਿੰਤਾ ਕਰਨ ਵਾਲੀ ਗੱਲ ਨਹੀਂ ਹੈ ਤੁਹਾਨੂੰ ਜੁਰਮਾਨਾ ਨਹੀਂ ਹੋਵੇਗਾ।

ਇਹ ਵੀ ਪਤਾ ਲੱਗਿਆ ਹੈ ਕਿ ਇਹ ਦੋਵੇਂ ਕੈਮਰੇ ਸਕੂਲ ਏਰੀਆ ਕਮਿਊਨਿਟੀ ਸੇਫਟੀ ਜੋਨਜ਼ ਵਿੱਚ ਮਹੀਨੇ ਵਿੱਚ ਬਦਲਵੀਆਂ ਥਾਂਵਾਂ ਉੱਤੇ ਲਾਏ ਜਾਣਗੇ। ਸਿਟੀ ਆਫ ਮਿਸੀਸਾਗਾ ਤੇ ਪੀਲ ਰੀਜਨਲ ਪੁਲਿਸ ਦਾ ਕਹਿਣਾ ਹੈ ਕਿ ਇਨ੍ਹਾਂ ਥਾਂਵਾਂ ਉੱਤੇ ਤੇਜ਼ ਰਫਤਾਰੀ ਇੱਕ ਵੱਡੀ ਸਮੱਸਿਆ ਬਣੀ ਹੋਈ ਹੈ। ਇਸ ਸਾਲ ਪੂਰੀ ਸਿਟੀ ਵਿੱਚ ਵੀਹ ਹੋਰਨਾਂ ਥਾਂਵਾਂ ਉੱਤੇ ਵਾਧੂ ਏਐਸਈ ਕੈਮਰੇ ਲਾਏ ਜਾਣਗੇ ਤੇ ਹਰ ਥਾਂ ਉੱਤੇ ਉਨ੍ਹਾਂ ਕੈਮਰਿਆਂ ਦੀ ਜਾਣਕਾਰੀ ਦੇਣ ਲਈ ਸਾਈਨ ਵੀ ਲਾਏ ਜਾਣਗੇ ਤਾਂ ਕਿ ਡਰਾਈਵਰਾਂ ਨੂੰ ਇਹ ਪਤਾ ਲੱਗ ਸਕੇ ਕਿ ਉਨ੍ਹਾਂ ਥਾਂਵਾਂ ਉੱਤੇ ਕੈਮਰੇ ਹਨ।

ਜੀਟੀਏ ਵਿੱਚ ਮਿਸੀਸਾਗਾ ਹੀ ਅਜਿਹੀ ਕਮਿਊਨਿਟੀ ਹੈ ਜਿਸ ਨੇ ਸੱਭ ਤੋਂ ਅਖੀਰ ਵਿੱਚ ਕੈਮਰਿਆਂ ਦੀ ਵਰਤੋਂ ਸ਼ੁਰੂ ਕੀਤੀ ਹੈ। ਕ੍ਰੌਂਬੀ ਨੇ ਆਖਿਆ ਕਿ ਤੇਜ਼ ਰਫਤਾਰ ਉਨ੍ਹਾਂ ਦੀ ਸਿਟੀ ਦੀ ਬਹੁਤ ਗੰਭੀਰ ਸਮੱਸਿਆ ਹੈ, ਪਿਛਲੇ ਸਾਲ ਪੀਲ ਪੁਲਿਸ ਵੱਲੋਂ 8000 ਟਿਕਟਾਂ ਇਸ ਮਕਸਦ ਲਈ ਜਾਰੀ ਕੀਤੀਆਂ ਗਈਆਂ ਸਨ।

## ਓਨਟਾਰੀਓ ਦੇ ਲਾਂਗ ਟਰਮ ਕੇਅਰ ਹੋਮਜ਼ ਉੱਤੇ ਲੱਗੀਆਂ ਪਾਬੰਦੀਆਂ ਹੋਈਆਂ ਢਿੱਲੀਆਂ



ਟੋਰਾਂਟੋ, 8 ਜੁਲਾਈ (ਪੋਸਟ ਬਿਊਰੋ) : ਓਨਟਾਰੀਓ ਦੇ ਲਾਂਗ ਟਰਮ ਕੇਅਰ ਰੈਜ਼ੀਡੈਂਟਸ ਨੂੰ ਹੁਣ ਇੱਕੋ ਸਮੇਂ ਵਿੱਚ ਘੱਟੋ ਘੱਟ 10 ਲੋਕ ਬਾਹਰੋਂ ਵਿਜ਼ਿਟ ਕਰ ਸਕਣਗੇ। ਪ੍ਰੋਵਿੰਸ ਦਾ ਕਹਿਣਾ ਹੈ ਕਿ ਇਹ ਰੈਜ਼ੀਡੈਂਟਸ ਹੁਣ ਦੋ ਅਸੈਂਸ਼ੀਅਲ ਕੇਅਰਗਿਵਰਜ਼ ਤੇ ਦੋ ਜਨਰਲ ਵਿਜ਼ਿਟਰਜ਼ ਨਾਲ ਵੀ ਇੰਡੋਰ ਮੀਟਿੰਗ ਕਰ ਸਕਣਗੇ।ਕੋਵਿਡ-19 ਦੇ ਮਾਮਲਿਆਂ ਵਿੱਚ ਆਈ ਕਮੀ ਕਾਰਨ ਬੁੱਧਵਾਰ ਤੋਂ ਪ੍ਰੋਵਿੰਸ ਰੀਓਪਨਿੰਗ ਪਲੈਨ ਦੇ ਦੂਜੇ ਪੜਾਅ ਵਿੱਚ ਦਾਖਲ ਹੋ ਗਿਆ ਹੈ ਤੇ ਇਸ ਲਈ ਇਹ ਸਾਰੀਆਂ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ।ਨਵੇਂ ਨਿਯਮਾਂ ਤਹਿਤ ਲਾਂਗ ਟਰਮ ਕੇਅਰ ਰੈਜੀਡੈਂਟਸ ਲਈ ਪਰਸਨਲ ਕੇਅਰ ਸਰਵਿਸਿਜ਼ ਦੀ ਵੀ ਇਜਾਜ਼ਤ ਦੇ ਦਿੱਤੀ ਗਈ ਹੈ। ਇਸ ਤੋਂ ਇਲਾਵਾ ਲਾਂਗ ਟਰਮ ਕੇਅਰ ਰੈਜ਼ੀਡੈਂਟਸ ਵੱਲੋਂ ਜਾਂ ਉਨ੍ਹਾਂ ਵੱਲੋਂ ਫੈਸਲੇ ਲੈਣ ਵਾਲਿਆਂ ਵੱਲੋਂ ਕਿੰਨੇ ਅਸੈਂਸ਼ੀਅਲ ਕੇਅਰਗਿਵਰਜ਼ ਨੂੰ ਇਜਾਜ਼ਤ ਦਿੱਤੀ ਜਾਂਦੀ ਹੈ ਇਸ ਦੀ ਕੋਈ ਹੱਦ ਨਿਰਧਾਰਤ ਨਹੀਂ ਕੀਤੀ ਗਈ ਹੈ।

## ਇਟੋਬੀਕੋ ਵਿੱਚ ਕਾਰ ਪਲਟੀ, ਇੱਕ ਵਿਅਕਤੀ ਗੰਭੀਰ ਜ਼ਖ਼ਮੀ

ਟੋਰਾਂਟੋ, 8 ਜੁਲਾਈ (ਪੋਸਟ ਬਿਊਰੋ) : ਬੁੱਧਵਾਰ ਸਵੇਰੇ ਟੋਰਾਂਟੋ ਦੇ ਇਟੋਬੀਕੋ ਏਰੀਆ ਵਿੱਚ ਕਾਰ ਡੀਲਰਸ਼ਿਪ ਦੇ ਬਾਹਰ ਕਾਰ ਦੇ ਪਲਟ ਜਾਣ ਮਗਰੋਂ ਉਸ ਵਿੱਚ ਅੱਗ ਲੱਗ ਗਈ ਤੇ ਇੱਕ ਵਿਅਕਤੀ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਟੋਰਾਂਟੋ ਪੁਲਿਸ ਨੇ ਦੱਸਿਆ ਕਿ ਇੱਕਲੀ ਕਾਰ ਨੂੰ ਪੇਸ਼ ਆਏ ਹਾਦਸੇ ਤੋਂ ਬਾਅਦ ਉਨ੍ਹਾਂ ਨੂੰ ਬੁੱਧਵਾਰ ਸਵੇਰੇ 1581 ਦ ਕੁਈਨਸਵੇਅ ਵਿਖੇ ਕੀਆ ਡੀਲਰਸ਼ਿਪ ਉੱਤੇ ਸੱਦਿਆ ਗਿਆ।ਮੌਕੇ ਉੱਤੇ ਪਹੁੰਚ ਕੇ ਪੁਲਿਸ ਨੇ ਦੇਖਿਆ ਕਿ ਇੱਕ ਕਾਰ ਕੁੱਝ ਰੁੱਖਾਂ ਦਰਮਿਆਨ ਮੂਧੀ ਪਈ ਹੈ ਤੇ ਉਸ ਨੂੰ ਅੱਗ ਲੱਗੀ ਹੋਈ ਹੈ। ਕਾਰ ਵਿੱਚ ਸਵਾਰ ਇੱਕ ਵਿਅਕਤੀ ਨੂੰ ਹਸਪਤਾਲ ਦੇ ਟਰੌਮਾ ਸੈਂਟਰ ਲਿਜਾਇਆ ਗਿਆ ਜਦਕਿ ਕਾਰ ਵਿੱਚ ਸਵਾਰ ਦੋ ਹੋਰ ਵਿਅਕਤੀ ਸਹੀ ਸਲਾਮਤ ਕਾਰ ਵਿੱਚੋਂ ਬਾਹਰ ਆ ਗਏ। ਜਾਂਚਕਾਰਾਂ ਦਾ ਕਹਿਣਾ ਹੈ ਕਿ ਉਹ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਇਹ ਹਾਦਸਾ ਕਿਵੇਂ ਹੋਇਆ, ਕਾਰ ਕਿਵੇਂ ਪਲਟੀ।

## ਮੈਰੀ ਸਾਈਮਨ ਨੂੰ ਕੈਨੇਡਾ ਦੀ ਪਹਿਲੀ ਮੂਲਵਾਸੀ ਗਵਰਨਰ ਜਨਰਲ ਵਜੋਂ ਕੀਤਾ ਗਿਆ ਡੈਜ਼ੀਗਨੇਟ

ਓਟਵਾ, 8 ਜੁਲਾਈ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਮੰਗਲਵਾਰ ਨੂੰ ਕੀਤੇ ਗਏ ਐਲਾਨ ਅਨੁਸਾਰ ਇਨੁਕ ਆਗੂ ਮੈਰੀ ਸਾਈਮਨ ਕੈਨੇਡਾ ਦੀ 30ਵੀਂ ਗਵਰਲਰ ਜਨਰਲ ਹੋਵੇਗੀ। ਇਸ ਭੂਮਿਕਾ ਨੂੰ ਨਿਭਾਉਣ ਵਾਲੀ ਉਹ ਦੇਸ਼ ਦੀ ਪਹਿਲੀ ਮੂਲਵਾਸੀ ਮਹਿਲਾ ਹੋਵੇਗੀ।



ਪਾਰਲੀਆਮੈਂਟ ਹਿੱਲ ਦੇ ਲਾਗੇ ਕੈਨੇਡੀਅਨ ਮਿਊਜ਼ੀਅਮ ਆਫ ਹਿਸਟਰੀ ਵਿਖੇ ਐਲਾਨ ਕਰਦਿਆਂ ਟਰੂਡੋ ਨੇ ਆਖਿਆ ਕਿ ਕੈਨੇਡਾ ਅਜਿਹੀ ਥਾਂ ਹੈ ਜਿਸ ਨੂੰ ਲੋਕਾਂ ਵੱਲੋਂ ਪਰਿਭਾਸ਼ਤ ਕੀਤਾ ਗਿਆ ਹੈ। ਇੱਥੋਂ ਦੇ ਲੋਕ ਆਪਣੇ ਆਲੇ ਦੁਆਲੇ ਵਾਲਿਆਂ ਦਾ ਖਿਆਲ ਰੱਖਦੇ ਹਨ, ਜਿਹੜੇ ਬਿਹਤਰ ਭਵਿੱਖ ਦੇ ਨਿਰਮਾਣ ਲਈ ਅਣਥੱਕ ਮਿਹਨਤ ਕਰਦੇ ਹਨ। ਦੂਜੇ ਸ਼ਬਦਾਂ ਵਿੱਚ ਲੋਕ ਮੈਰੀ ਸਾਈਮਨ ਨੂੰ ਪਸੰਦ ਕਰਦੇ ਹਨ।ਟਰੂਡੋ ਨੇ ਅੱਗੇ ਆਖਿਆ ਕਿ ਅੱਜ 154 ਸਾਲ ਬਾਅਦ ਦੇਸ਼ ਨੇ ਇਤਿਹਾਸਕ ਕਦਮ ਚੁੱਕਿਆ ਹੈ। ਇਸ ਸਮੇਂ ਇਨ੍ਹਾਂ ਤੋਂ ਬਿਹਤਰ ਇਨਸਾਨ ਨੂੰ ਇਸ ਅਹੁਦੇ ਉੱਤੇ ਬਿਠਾਉਣ ਬਾਰੇ ਨਹੀਂ ਸੋਚਿਆ ਜਾ ਸਕਦਾ।ਉਨ੍ਹਾਂ ਆਖਿਆ ਕਿ ਸਾਈਮਨ ਇਸ ਅਹੁਦੇ ਉੱਤੇ ਬੈਠ ਕੇ ਕਈ ਲੋਕਾਂ ਨੂੰ ਸਹੀ ਰਾਹ ਦਿਖਾਵੇਗੀ ਤੇ ਅਸੀਂ ਇੱਕ ਵਾਰੀ ਮੁੜ ਮਜ਼ਬੂਤ ਹੋ ਕੇ ਉਭਰਾਂਗੇ।

ਟਰੂਡੋ ਦੀ ਸਿਫਾਰਿਸ਼ ਉੱਤੇ ਮਹਾਰਾਣੀ ਐਲਿਜ਼ਾਬੈੱਥ ਵੱਲੋਂ ਇਸ ਨਿਯੁਕਤੀ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। ਇਸ ਸਮੇਂ ਸਾਈਮਨ ਕੈਨੇਡਾ ਦੀ ਗਵਰਨਰ ਜਨਰਲ ਡੈਜ਼ੀਗਨੇਟ ਕੀਤੀ ਗਈ ਹੈ ਤੇ ਇੱਕ ਵਾਰੀ ਨਿਯੁਕਤ ਹੋਣ ਤੋਂ ਬਾਅਦ ਮਹਾਰਾਣੀ ਤੋਂ ਬਾਅਦ ਕੈਨੇਡਾ ਦੀ ਦੂਜੀ ਸੱਭ ਤੋਂ ਉੱਚ ਅਹੁਦੇ ਉੱਤੇ ਤਾਇਨਾਤ ਫੈਡਰਲ ਅਧਿਕਾਰੀ ਹੋਵੇਗੀ। ਸਾਈਮਨ ਕੋਲ ਟਰੂਡੋ ਨੂੰ ਹਟਾਉਣ ਦੀ ਵੀ ਤਾਕਤ ਹੋਵੇਗੀ।ਟਰੂਡੋ ਦੇ ਆਫਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਸਾਈਮਨ ਨੂੰ ਜਲਦ ਹੀ ਇਸ ਅਹੁਦੇ ਉੱਤੇ ਤਾਇਨਾਤ ਕੀਤਾ ਜਾਵੇਗਾ।

ਇਸ ਦੌਰਾਨ ਸਾਈਮਨ ਨੇ ਇਨੁਕਤਿਤੁਤ ਵਿੱਚ ਆਪਣੀ ਜਾਣ-ਪਛਾਣ ਕਰਵਾਉਂਦਿਆਂ ਟਰੂਡੋ ਤੇ ਮਹਾਂਰਾਣੀ ਵੱਲੋਂ ਉਸ ਵਿੱਚ ਪ੍ਰਗਟਾਏ ਵਿਸ਼ਵਾਸ ਲਈ ਉਨ੍ਹਾਂ ਦਾ ਧੰਨਵਾਦ ਕੀਤਾ।ਉਨ੍ਹਾਂ ਆਖਿਆ ਕਿ ਜੇ ਅਸੀਂ ਮਨੁੱਖਤਾ ਦੇ ਰਾਹ ਉੱਤੇ ਚੱਲਦਿਆਂ ਆਪਣੀ ਜ਼ਿੰਮੇਵਾਰੀ ਤਨਦੇਹੀ ਨਾਲ ਨਿਭਾਈਏ ਤਾਂ ਕੈਨੇਡਾ ਦੇ ਚੰਗੇ ਦਿਨ ਅਜੇ ਆਉਣੇ ਬਾਕੀ ਹਨ। ਉੱਤਰੀ ਕਿਊਬਿਕ ਵਿੱਚ ਨੁਨਾਵਿਕ ਤੋਂ ਸਾਈਮਨ ਲੰਮੇਂ ਸਮੇਂ ਤੋਂ ਇਨੁਇਟ ਅਧਿਕਾਰਾਂ ਤੇ ਸੱਭਿਆਚਾਰ ਦੀ ਪੈਰਵੀ ਕਰਦੀ ਰਹੀ ਹੈ। ਉਨ੍ਹਾਂ ਸੀਬੀਸੀ ਨੌਰਥ ਨਾਲ ਰੇਡੀਓ ਹੋਸਟ ਵਜੋਂ ਵੀ ਕੰਮ ਕੀਤਾ ਤੇ ਬਾਅਦ ਵਿੱਚ ਉਹ ਇਨੁਇਟ ਤਾਪਿਰਿਤੀ ਕਨਾਤਾਮੀ ਐਂਡ ਨੈਸ਼ਨਲ ਇਨੁਇਟ ਐਜੂਕੇਸ਼ਨ ਕਮੇਟੀ ਦੀ ਚੇਅਰ ਵਜੋਂ ਵੀ ਸੇਵਾ ਨਿਭਾਅ ਚੁੱਕੀ ਹੈ।

## ਆਪਣੇ ਸਟਾਫ ਦਾ ਟੀਕਾਕਰਣ ਯਕੀਨੀ ਬਣਾਉਣ ਲਈ ਕੈਨੇਡਾ ਨੇ ਕੋਵਿਡ-19 ਵੈਕਸੀਨ 134 ਡਿਪਲੋਮੈਟਿਕ ਮਿਸ਼ਨਜ਼ ਨੂੰ ਭੇਜੀ

ਓਟਵਾ, 8 ਜੁਲਾਈ (ਪੋਸਟ ਬਿਊਰੋ) : ਫੈਡਰਲ ਸਰਕਾਰ ਨੇ ਆਪਣੇ ਮਿਲਟਰੀ ਜਹਾਜ਼ਾਂ ਤੇ ਕੋਰੀਅਰਜ਼ ਦੀ ਵਰਤੋਂ ਕਰਦਿਆਂ ਹੋਇਆਂ ਹਜ਼ਾਰਾਂ ਦੀ ਗਿਣਤੀ ਵਿੱਚ ਕੋਵਿਡ-19 ਵੈਕਸੀਨ ਡੋਜ਼ਾਂ ਕੈਨੇਡਾ ਦੇ 134 ਡਿਪਲੋਮੈਟਿਕ ਮਿਸ਼ਨਜ਼ ਨੂੰ ਭੇਜੀਆਂ ਹਨ।ਕੈਨੇਡਾ ਵੱਲੋਂ ਅਜਿਹਾ ਇਸ ਲਈ ਵੀ ਕੀਤਾ ਗਿਆ ਮੰਨਿਆ ਜਾ ਰਿਹਾ ਹੈ ਤਾਂ ਕਿ ਵਿਦੇਸ਼ਾਂ ਵਿੱਚ ਵੱਸਦੇ ਇਸ ਦੇ ਸਟਾਫ ਤੇ ਉਨ੍ਹਾਂ ਦੇ ਪਰਿਵਾਰਾਂ ਦਾ ਵੀ ਟੀਕਾਕਰਣ ਯਕੀਨੀ ਬਣਾਇਆ ਜਾ ਸਕੇ।




ਸਰਕਾਰ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਇਹ ਕਾਨੂੰਨੀ ਫਰਜ਼ ਬਣਦਾ ਹੈ ਕਿ ਵਿਦੇਸ਼ਾਂ ਵਿੱਚ ਰਹਿ ਰਹੇ ਉਨ੍ਹਾਂ ਦੇ ਸਟਾਫ ਦੀ ਹੈਲਥ ਕੇਅਰ ਯਕੀਨੀ ਬਣਾਈ ਜਾ ਸਕੇ। ਇਸ ਵਿੱਚ ਵੈਕਸੀਨੇਸ਼ਨ ਵੀ ਆਉਂਦੀ ਹੈ। ਜਿਹੜੇ ਹੈਲਥ ਸਮਾਜ ਸੇਵਕ ਘੱਟ ਆਮਦਨ ਵਾਲੇ ਮੁਲਕਾਂ ਵਿੱਚ ਕੰਮ ਕਰ ਰਹੇ ਹਨ ਉਨ੍ਹਾਂ ਦੀ ਵੈਕਸੀਨੇਸ਼ਨ ਦੀ ਵੀ ਸਰਕਾਰ ਨੂੰ ਚਿੰਤਾ ਹੈ। ਇੱਥੇ ਦੱਸਣਾ ਬਣਦਾ ਹੈ ਕਿ ਹੁਣ ਤੱਕ 69 ਫੀ ਸਦੀ ਕੈਨੇਡੀਅਨਜ਼ ਨੂੰ ਵੈਕਸੀਨ ਦੀ ਘੱਟੋ ਘੱਟ ਇੱਕ ਡੋਜ਼ ਲੱਗ ਚੁੱਕੀ ਹੈ ਜਦਕਿ 3 ਫੀ ਸਦੀ ਅਫਰੀਕਨਜ਼ ਨੂੰ ਵੈਕਸੀਨੇਸ਼ਨ ਲੱਗੀ ਹੈ। ਦੁਨੀਆ ਦੇ ਕਈ ਗਰੀਬ ਦੇਸ਼ਾਂ ਵਿੱਚ ਤਾਂ ਅਜੇ ਸਿਰਫ ਇੱਕ ਫੀ ਸਦੀ ਲੋਕਾਂ ਦਾ ਹੀ ਟੀਕਾਕਰਣ ਹੋਇਆ ਹੈ। ਦੂਜੇ ਪਾਸੇ ਅਜਿਹੇ ਗਰੀਬ ਦੇਸ਼ਾਂ ਵਿੱਚ ਡੈਲਟਾ ਵੇਰੀਐਂਟ ਵੀ ਆਪਣੇ ਪੈਰ ਪਸਾਰ ਰਿਹਾ ਹੈ।

ਗਲੋਬਲ ਅਫੇਅਰਜ਼ ਕੈਨੇਡਾ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਆਪਣੀਆਂ 75 ਫੀ ਸਦੀ ਅੰਬੈਸੀਜ਼ ਤੇ ਵਿਦੇਸ਼ਾਂ ਵਿੱਚ ਜਾਰੀ ਹੋਰ ਮਿਸ਼ਨਜ਼ ਲਈ ਵੈਕਸੀਨ ਭੇਜ ਦਿੱਤੀ ਗਈ ਹੈ। ਇਸ ਵਿੱਚ ਪਹਿਲ ਉਨ੍ਹਾਂ ਦੇਸ਼ਾਂ ਨੂੰ ਦਿੱਤੀ ਗਈ ਹੈ ਜਿੱਥੇ ਕੈਨੇਡਾ ਵੱਲੋਂ ਮਨਜ਼ੂਰਸ਼ੁਦਾ ਵੈਕਸੀਨਜ਼ ਤੱਕ ਪਹੁੰਚ ਨਹੀਂ ਹੈ ਜਾਂ ਜਿੱਥੇ ਟੀਕਾਕਰਣ ਦੀ ਰਫਤਾਰ ਕੈਨੇਡਾ ਨਾਲੋਂ ਮੱਠੀ ਹੈ।

## ਸਤੰਬਰ ਵਿੱਚ ਵਿਦਿਆਰਥੀਆਂ ਨੂੰ ਸਕੂਲਾਂ ਵਿੱਚ ਐਕਸਟ੍ਰਾਕਰੀਕੁਲਰ ਐਕਟੀਵਿਟੀਜ਼ ਤੇ ਸਪੋਰਟਸ ਦੀ ਕੀਤੀ ਜਾਵੇਗੀ ਪੇਸ਼ਕਸ਼ : ਲਿਚੇ

ਟੋਰਾਂਟੋ, 8 ਜੁਲਾਈ (ਪੋਸਟ ਬਿਊਰੋ) : ਇਸ ਸਤੰਬਰ ਓਨਟਾਰੀਓ ਦੇ ਸਕੂਲਾਂ ਵਿੱਚ ਐਕਸਟ੍ਰਾਕਰੀਕੁਲਰ ਐਕਟੀਵਿਟੀਜ਼, ਸਪੋਰਟਸ ਟੀਮਾਂ ਤੇ ਕਲੱਬਜ਼ ਦੀ ਇੱਕ ਵਾਰੀ ਮੁੜ ਪੇਸ਼ਕਸ਼ ਕੀਤੀ ਜਾਵੇਗੀ।ਜਿਵੇਂ ਕਿ ਪ੍ਰੋਵਿੰਸ ਭਰ ਵਿੱਚ ਸਰਕਾਰ ਇੱਕ ਵਾਰੀ ਫਿਰ ਵਿਦਿਆਰਥੀਆਂ ਨੂੰ ਨੌਰਮਲ ਸਿੱਖਿਆ ਦਾ ਤਜਰਬਾ ਦੇਣਾ ਚਾਹੁੰਦੀ ਹੈ।



ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਖੁਲਾਸਾ ਕੀਤਾ ਕਿ ਸਤੰਬਰ ਵਿੱਚ ਫੁੱਲ ਟਾਈਮ ਇਨ ਕਲਾਸ ਲਰਨਿੰਗ ਦੇ ਨਾਲ ਨਾਲ ਵਿਦਿਆਰਥੀਆਂ ਨੂੰ ਸੋਧੀਆਂ ਹੋਈਆਂ ਗਤੀਵਿਧੀਆਂ ਵਿੱਚ ਵੀ ਹਿੱਸਾ ਲੈਣਾ ਚਾਹੀਦਾ ਹੈ। ਜਦੋਂ ਤੱਕ ਕਮਿਊਨਿਟੀ ਵਿੱਚ ਮਹਾਂਮਾਰੀ ਨਿਯੰਤਰਣ ਵਿੱਚ ਰਹੇਗੀ ਅਜਿਹੀਆਂ ਸੋਧੀਆਂ ਹੋਈਆਂ ਗਤੀਵਿਧੀਆਂ ਜਾਰੀ ਰਹਿਣਗੀਆਂ।

ਅਸੀਂ ਐਕਸਟ੍ਰਾਕਰੀਕੁਲਰ ਗਤੀਵਿਧੀਆਂ ਤੇ ਸਪੋਰਟਸ ਕਲੱਬ ਆਦਿ ਜਾਰੀ ਰੱਖਣਾ ਚਾਹੁੰਦੇ ਹਾਂ।

ਪਿਛਲੇ ਸਾਲ ਸਤੰਬਰ ਵਿੱਚ ਜਦੋਂ ਵਿਦਿਆਰਥੀ ਕਲਾਸਾਂ ਵਿੱਚ ਪਰਤੇ ਸਨ ਤਾਂ ਐਕਸਟ੍ਰਾਕਰੀਕੁਲਰ ਗਤੀਵਿਧੀਆਂ ਨੂੰ ਇੱਕ ਤਰ੍ਹਾਂ ਪਾਸੇ ਹੀ ਕਰ ਦਿੱਤਾ ਗਿਆ ਸੀ। ਫਿਰ ਦੂਜੀ ਤੇ ਤੀਜੀ ਵੇਵ ਦੌਰਾਨ ਤਾਂ ਇਨ ਕਲਾਸ ਲਰਨਿੰਗ ਹੀ ਪ੍ਰਭਾਵਿਤ ਹੋ ਗਈ। ਹੁਣ ਜਦੋਂ ਪ੍ਰੋਵਿੰਸ ਤੇ ਪਬਲਿਕ ਹੈਲਥ ਅਧਿਕਾਰੀ ਸਕੂਲਾਂ ਨੂੰ ਮੁੜ ਖੋਲ੍ਹਣ ਦੀ ਤਿਆਰੀ ਕਰ ਰਹੇ ਹਨ ਤਾਂ ਲਿਚੇ ਦਾ ਕਹਿਣਾ ਹੈ ਕਿ ਪ੍ਰੋਵਿੰਸ ਸੇਫ ਤੇ ਸਕਾਰਾਤਮਕ ਲਰਨਿੰਗ ਤਜਰਬਾ ਚਾਹੁੰਦਾ ਹੈ।

ਨੌਰਮਲ ਹਾਲਾਤ ਕਿਹੋ ਜਿਹੇ ਹੋਣਗੇ ਇਸ ਬਾਰੇ ਪੁੱਛੇ ਜਾਣ ਉੱਤੇ ਲਿਚੇ ਨੇ ਆਖਿਆ ਕਿ ਇਹ ਸੱਭ ਬੱਚਿਆਂ ਤੇ ਟੀਨੇਜਰਜ਼ ਵੱਲੋਂ ਸਤੰਬਰ ਤੋਂ ਪਹਿਲਾਂ ਕਰਵਾਏ ਜਾਣ ਵਾਲੇ ਟੀਕਾਕਰਣ ਉੱਤੇ ਨਿਰਭਰ ਕਰੇਗਾ। ਇਸ ਸਮੇਂ 12 ਤੋਂ 17 ਸਾਲ ਦੇ 60 ਫੀ ਸਦੀ ਬੱਚੇ ਅੰਸ਼ਕ ਤੌਰ ਉੱਤੇ ਟੀਕਾਕਰਣ ਕਰਵਾ ਚੁੱਕੇ ਹਨ ਜਦਕਿ 11 ਫੀ ਸਦੀ ਨੂੰ ਵੈਕਸੀਨ ਦੇ ਦੋਵੇਂ ਸ਼ੌਟ ਲੱਗ ਚੁੱਕੇ ਹਨ। ਲਿਚੇ ਨੇ ਆਖਿਆ ਕਿ ਸਕੂਲਾਂ ਲਈ ਪਲੈਨ ਕੁੱਝ ਹਫਤਿਆਂ ਵਿੱਚ ਜਨਤਕ ਕਰ ਦਿੱਤਾ ਜਾਵੇਗਾ।

## ਐਮ ਐਮ ਐਫ ਤੇ ਕੈਨੇਡਾ ਸਰਕਾਰ ਨੇ ਮੈਟਿਸ ਲੋਕਾਂ ਦੇ ਸੈਲਫ ਗਵਰਮੈਂਟ ਦੇ ਅਧਿਕਾਰ ਉੱਤੇ ਲਾਈ ਮੋਹਰ

ਵਿਨੀਪੈਗ, 8 ਜੁਲਾਈ (ਪੋਸਟ ਬਿਊਰੋ) : ਮੈਨੀਟੋਬਾ ਮੈਟਿਸ ਫੈਡਰੇਸ਼ਨ (ਐਮ ਐਮ ਐਫ) ਤੇ ਕੈਨੇਡਾ ਸਰਕਾਰ ਨੇ ਮੰਗਲਵਾਰ ਨੂੰ ਇੱਕ ਇਤਿਹਾਸਕ ਕਦਮ ਚੁੱਕਦਿਆਂ ਮੈਨੀਟੋਬਾ ਮੈਟਿਸ ਲੋਕਾਂ ਦੇ ਸੈਲਫ ਗਵਰਮੈਂਟ ਦੇ ਅਧਿਕਾਰ ਉੱਤੇ ਮੋਹਰ ਲਾਈ।



ਮੰਗਲਵਾਰ ਨੂੰ ਐਮ ਐਮ ਐਫ ਤੇ ਕੈਨੇਡਾ ਨੇ ਮੈਨੀਟੋਬਾ ਮੈਟਿਸ ਸੈਲਫ ਗਵਰਮੈਂਟ ਰਿਕੋਗਨੀਸ਼ਨ ਐਂਡ ਇੰਪਲੀਮੈਂਟੇਸ਼ਨ ਅਗਰੀਮੈਂਟ ਉੱਤੇ ਦਸਤਖ਼ਤ ਕੀਤੇ। ਇਸ ਸਮਝੌਤੇ ਨੂੰ ਦੋਵਾਂ ਪਾਰਟੀਆਂ ਵੱਲੋਂ ਤਿਆਰ ਕੀਤਾ ਗਿਆ ਹੈ। ਇਸ ਤਹਿਤ ਮੈਨੀਟੋਬਾ ਦੇ ਮੈਟਿਸ ਲੋਕਾਂ ਦੇ ਸੈਲਫ ਗਵਰਮੈਂਟ ਦੇ ਅਧਿਕਾਰ ਨੂੰ ਮਾਨਤਾ ਦਿੱਤੀ ਗਈ ਹੈ। ਇਸ ਦੇ ਨਾਲ ਹੀ ਮੈਨੀਟੋਬਾ ਮੈਟਿਸ ਨੇਸ਼ਨ ਦੀ ਸਰਕਾਰ ਦੇ ਐਮ ਐਮ ਐਫ ਦੇ ਰੋਲ ਨੂੰ ਵੀ ਪ੍ਰਵਾਨਗੀ ਦਿੱਤੀ ਗਈ ਹੈ।

ਇਸ ਦੌਰਾਨ ਮੈਨੀਟੋਬਾ ਦੇ ਮੈਟਿਸ ਲੋਕਾਂ ਦੇ ਪੱਖ ਉੱਤੇ ਨਾਗਰਿਕਤਾ, ਲੀਡਰਸ਼ਿਪ ਦੀ ਚੋਣ ਕਰਨਾ, ਚੋਣਾਂ ਕਰਵਾਉਣਾ ਤੇ ਆਪਣੀ ਸਰਕਾਰ ਦੇ ਕੰਮਕਾਜ ਨੂੰ ਸਹੀ ਢੰਗ ਨਾਲ ਚਲਾਉਣ ਲਈ ਐਮ ਐਮ ਐਫ ਦੀ ਅਥਾਰਟੀ ਉੱਤੇ ਵੀ ਮੋਹਰ ਲਾਈ ਗਈ ਹੈ।ਐਮ ਐਮ ਐਫ ਦੇ ਪ੍ਰੈਜ਼ੀਡੈਂਟ ਡੇਵਿਡ ਚਾਰਟਰੈਂਡ ਨੇ ਆਖਿਆ ਕਿ ਇਸ ਸਮਝੌਤੇ ਨਾਲ ਹੀ ਇਨਸਾਫ ਹਾਸਲ ਹੋ ਸਕਦਾ ਹੈ। ਉਨ੍ਹਾਂ ਆਖਿਆ ਕਿ ਸਾਡੀ ਆਪਣੀ ਸਰਕਾਰ ਸ਼ੁਰੂ ਤੋਂ ਹੀ ਰਹੀ ਹੈ ਤੇ ਸਾਡਾ ਇਹ ਅਧਿਕਾਰ ਸਾਡੇ ਤੋਂ ਕੋਈ ਖੋਹ ਨਹੀਂ ਸਕਦਾ।

# ਜੂਨ ਦੇ ਅੰਤ ਤੱਕ 1·3 ਮਿਲੀਅਨ ਕੈਨੇਡੀਅਨਜ਼ ਨੇ ਕੋਵਿਡ-19 ਵੈਕਸੀਨਜ਼ ਦੇ ਮਿਕਸ ਸ਼ੌਟ ਲਵਾਏ

ਓਟਵਾ, 8 ਜੁਲਾਈ (ਪੋਸਟ ਬਿਊਰੋ) : ਵੈਕਸੀਨੇਸ਼ਨ ਬਾਰੇ ਹੈਲਥ ਕੈਨੇਡਾ ਦੀ ਹਫਤਾਵਾਰੀ ਰਿਪੋਰਟ ਵਿੱਚ ਆਖਿਆ ਗਿਆ ਹੈ ਕਿ ਜੂਨ ਵਿੱਚ ਆਪਣੇ ਕੋਵਿਡ-19 ਵੈਕਸੀਨੇਸ਼ਨ ਸ਼ਡਿਊਲ ਤਹਿਤ 1·3 ਮਿਲੀਅਨ ਕੈਨੇਡੀਅਨਜ਼ ਨੇ ਮਿਕਸਡ ਡੋਜ਼ ਲਵਾਉਣ ਦਾ ਫੈਸਲਾ ਕੀਤਾ।




ਸੋਮਵਾਰ ਨੂੰ ਪਬਲਿਸ਼ ਹੋਈ ਇਸ ਰਿਪੋਰਟ ਵਿੱਚ ਆਖਿਆ ਗਿਆ ਕਿ 31 ਮਈ ਤੇ 26 ਜੂਨ ਦਰਮਿਆਨ ਆਪਣਾ ਦੂਜਾ ਸ਼ੌਟ ਲਵਾਉਣ ਵਾਲੇ 6·5 ਮਿਲੀਅਨ ਲੋਕਾਂ ਵਿੱਚੋਂ ਹਰੇਕ ਪੰਜ ਵਿੱਚੋਂ ਇੱਕ ਨੇ ਆਪਣ ਪਹਿਲੇ ਸ਼ੌਟ ਵਿੱਚ ਵਰਤੀ ਗਈ ਵੈਕਸੀਨ ਨਾਲੋਂ ਦੂਜੀ ਵਾਰੀ ਵੱਖਰੀ ਵੈਕਸੀਨ ਦਾ ਸ਼ੌਟ ਲਵਾਇਆ। ਕੁੱਝ ਪ੍ਰੋਵਿੰਸਾਂ ਨੇ ਦੋ ਐਮਆਰਐਨਏ ਵੈਕਸੀਨਜ਼ ਫਾਈਜ਼ਰ-ਬਾਇਓਐਨਟੈਕ ਤੇ ਮੌਡਰਨਾ ਨੂੰ ਅਪਰੈਲ ਵਿੱਚ ਹੀ ਮਿਕਸ ਕਰਕੇ ਦੇਣਾ ਸ਼ੁਰੂ ਕਰ ਦਿੱਤਾ ਸੀ। ਇਨ੍ਹਾਂ ਪ੍ਰੋਵਿੰਸਾਂ ਨੇ ਜਿਹੜੀ ਸਪਲਾਈ ਮਿਲਦੀ ਸੀ ਉਸ ਹਿਸਾਬ ਨਾਲ ਟੀਕੇ ਲਾਏ।

ਇਹ ਰੁਝਾਨ ਜੂਨ ਦੇ ਤੀਜੇ ਮਹੀਨੇ ਵਿੱਚ ਉਦੋਂ ਆਮ ਹੋ ਗਿਆ ਜਦੋਂ ਫਾਈਜ਼ਰ ਵੱਲੋਂ ਵੈਕਸੀਨ ਦੀ ਖੇਪ ਪਹੁੰਚਾਉਣ ਵਿੱਚ ਹੋਈ ਦੇਰ ਤੋਂ ਬਾਅਦ ਕੁੱਝ ਦਿਨਾਂ ਲਈ ਪ੍ਰੋਵਿੰਸਾਂ ਨੇ ਮੌਡਰਨਾ ਹੀ ਲਾਉਣੀ ਸ਼ੁਰੂ ਕਰ ਦਿੱਤੀ ਸੀ।ਦੋ ਤਰ੍ਹਾਂ ਦੀਆਂ ਵੈਕਸੀਨਜ਼ ਮਿਕਸ ਕਰਨ ਦਾ ਸਿਲਸਿਲਾ ਜੂਨ ਦੇ ਸ਼ੁਰੂ ਵਿੱਚ ਹੀ ਅਮਲ ਵਿੱਚ ਲਿਆਂਦਾ ਗਿਆ। ਇਹ ਰੁਝਾਨ ਉਸ ਸਮੇਂ ਸ਼ੁਰੂ ਹੋਇਆ

ਜਦੋਂ ਨੈਸ਼ਨਲ ਐਡਵਾਈਜ਼ਰੀ ਕਮੇਟੀ ਆਨ ਇਮਿਊਨਾਈਜ਼ੇਸ਼ਨ (ਐਨ ਏ ਸੀ ਆਈ) ਨੇ ਇਹ ਆਖਿਆ ਕਿ ਐਸਟ੍ਰਾਜ਼ੈਨੇਕਾ ਦਾ ਪਹਿਲਾ ਸ਼ੌਟ ਲੈ ਚੁੱਕੇ ਲੋਕਾਂ ਨੂੰ ਐਮਆਰਐਨਏ ਵੈਕਸੀਨ ਦਾ ਦੂਜਾ ਸ਼ੌਟ ਦਿੱਤਾ ਜਾ ਸਕਦਾ ਹੈ ਤੇ ਇਹ ਸੇਫ ਹੈ।ਫਿਰ 17 ਜੂਨ ਨੂੰ ਐਨ ਏ ਸੀ ਆਈ ਨੇ ਆਖਿਆ ਕਿ ਐਸਟ੍ਰਾਜ਼ੈਨੇਕਾ ਤੋਂ ਬਾਅਦ ਐਮਆਰਐਨਏ ਵੈਕਸੀਨ ਦਾ ਸ਼ੌਟ ਲੈਣਾ ਸਗੋਂ ਚੰਗਾ ਬਦਲ ਹੈ।

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

REXDALE BODY SHOP
USED CAR SALE



CHEEMA
LOWEST PRICE IN TOWN
Towing Service Car Paint Starts $799*upto 100% Deductible Paid*

Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED



25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

## ਅੱਜ ਨਾਮਾ

ਵਾਧਾ ਕੇਂਦਰ ਸਰਕਾਰ ਦਾ ਜਦੋਂ ਹੋਇਆ,
ਦੱਬੀ ਰਹਿ ਗਈ ਅਸਲ ਸੀ ਗੱਲ ਮੀਆਂ।
ਜੋੜੀਗਈਹੈ ਟੀਮ ਕੁਝ ਨਵੀਂ ਲੱਗਦੀ,
ਦਿੱਤੇ ਬਾਹਰ ਨੂੰ ਗਏ ਕਈ ਘੱਲ ਮੀਆਂ।
ਕੁਝਨਾਂ ਵਿੱਚ ਜੇ ਰਤਾ ਕੁ ਜੁਰਅੱਤ ਹੋਈ,
ਹੋਈ ਏਨੀ ਗੁਸਤਾਖੀ ਨਹੀਂ ਝੱਲ ਮੀਆਂ।
ਵਾਜਪਾਈ ਦੇ ਜਿੰਨੇ ਸਨ ਭਗਤ ਬਾਹਲੇ,
ਦਿੱਤੇ ਕੱਢ ਕੁਝ ਫੇਰ ਬਈ ਕੱਲ੍ਹ ਮੀਆਂ।
ਬਦਲਦੇ ਯੁੱਗ ਨੂੰ ਸਮਝ ਨਾ ਸਕੇ ਸੀਗੇ,
ਪਿਛਲੀ ਰਹੇ ਸੀ ਪੂਜ ਤਸਵੀਰ ਮੀਆਂ।
ਇਹੀਓ ਭੁੱਲ ਸੀ ਜੜ੍ਹਾਂ ਦੇ ਵਿੱਚ ਬੈਠੀ,
ਸਾਥ ਛੱਡ ਗਈ ਜਦੋਂ ਤਕਦੀਰ ਮੀਆਂ।

**ਤੀਸ ਮਾਰ ਖਾਂ**

# 31 ਅਗਸਤ ਤੋਂ ਪੁਰਸ਼ਾਂ ਤੇ ਮਹਿਲਾਵਾਂ ਲਈ ਬਰਾਬਰ ਕੰਮ ਬਰਾਬਰ ਤਨਖਾਹ ਦਾ ਨਿਯਮ ਹੋਵੇਗਾ ਲਾਗੂ

ਓਟਵਾ, 7 ਜੁਲਾਈ (ਪੋਸਟ ਬਿਊਰੋ) : ਟਰੂਡੋ ਸਰਕਾਰ ਦਾ ਕਹਿਣਾ ਹੈ ਕਿ ਫੈਡਰਲ ਸਰਕਾਰ ਵੱਲੋਂ ਨਿਯੰਤਰਿਤ ਕੰਪਨੀਆਂ ਵੱਲੋਂ ਪੁਰਸ਼ਾਂ ਤੇ ਮਹਿਲਾਵਾਂ ਨੂੰ ਬਰਾਬਰ ਤਨਖਾਹ ਦੇਣ ਦਾ ਫੈਸਲਾ ਇਸ ਅਗਸਤ ਦੇ ਅੰਤ ਤੋਂ ਸ਼ੁਰੂ ਹੋ ਜਾਵੇਗਾ। ਇਨ੍ਹਾਂ ਨਿਯਮਾਂ ਨੂੰ ਅਮਲ ਵਿੱਚ ਲਿਆਉਣ ਲਈ ਇਨ੍ਹਾਂ ਕਾਰੋਬਾਰਾਂ ਕੋਲ ਤਿੰਨ ਸਾਲ ਦਾ ਸਮਾਂ ਹੋਵੇਗਾ।

ਲੇਬਰ ਮੰਤਰੀ ਫਿਲੋਮੈਨਾ ਤਾਸੀ ਨੇ ਆਖਿਆ ਕਿ ਹੁਣ ਸਮਾਂ ਆ ਗਿਆ ਹੈ ਕਿ ਲਿੰਗ ਦੇ ਅਧਾਰ ਉੱਤੇ ਤਨਖਾਹ ਵਿਚਲੇ ਪਾੜੇ ਨੂੰ ਖ਼ਤਮ ਕੀਤਾ ਜਾਵੇ। ਤਾਸੀ ਨੇ ਆਖਿਆ ਕਿ ਜਦੋਂ ਫੁੱਲ ਟਾਈਮ ਵਰਕਰਜ਼ ਤੇ ਪਾਰਟ ਟਾਈਮ ਵਰਕਰਜ਼ ਨੂੰ ਘੰਟਿਆਂ ਦੇ ਹਿਸਾਬ ਨਾਲ ਭੱਤੇ ਦੇਣ ਦੀ ਗੱਲ ਆਉਂਦੀ ਹੈ ਤਾਂ ਕਿਸੇ ਵੀ ਪੁਰਸ਼ ਵੱਲੋਂ ਕਮਾਏ ਗਏ ਇੱਕ ਵੀ ਡਾਲਰ ਪਿੱਛੇ ਮਹਿਲਾਵਾਂ 89 ਸੈਂਟ ਕਮਾਉਂਦੀਆਂ ਹਨ। ਉਨ੍ਹਾਂ ਆਖਿਆ ਕਿ ਅਸੀਂ ਹੁਣ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਵਰਕਫੋਰਸ ਵਿੱਚ ਸ਼ਾਮਲ ਹੋਣ ਵਾਲੀਆਂ ਮਹਿਲਾਵਾਂ ਨੂੰ ਇਹ ਸੋਚਣਾ ਨਾ ਪਵੇ ਕਿ ਉਨ੍ਹਾਂ ਨੂੰ ਬਰਾਬਰ ਕੰਮ ਦੀ ਬਰਾਬਰ ਤਨਖਾਹ ਨਹੀਂ ਮਿਲੇਗੀ।



ਕਈ ਸਾਲਾਂ ਤੋਂ ਇਨ੍ਹਾਂ ਨਵੇਂ ਨਿਯਮਾਂ ਉੱਤੇ ਕੰਮ ਚੱਲ ਰਿਹਾ ਸੀ ਤੇ ਇਹ 31 ਅਗਸਤ ਤੋਂ ਪ੍ਰਭਾਵੀ ਹੋਣਗੇ। ਇਸ ਸਮੇਂ ਫੈਡਰਲ ਸਰਕਾਰ ਦੇ ਨਿਯੰਤਰਣ ਵਾਲੇ ਅਦਾਰਿਆਂ ਵਿੱਚ ਬੈਂਕਿੰਗ, ਟੈਲੀਕਮਿਊਨਿਕੇਸ਼ਨਜ਼, ਮੀਡੀਆ ਤੇ ਏਅਰਲਾਈਨਜ਼ ਆਉਂਦੇ ਹਨ। ਇਸ ਤੋਂ ਬਾਅਦ ਪੇਅ ਇਕੁਇਟੀ ਕਮਿਸ਼ਨਜ਼ ਕੈਰਨ ਜੈਨਸਨ ਨੇ ਆਖਿਆ ਕਿ ਉਨ੍ਹਾਂ ਕੋਲ ਇਹ ਸ਼ਕਤੀ ਹੈ ਕਿ ਉਹ ਅਜਿਹੀਆਂ ਕੰਪਨੀਆਂ ਦਾ ਆਡਿਟ ਕਰੇਗੀ ਤੇ ਜੇ ਇਨ੍ਹਾਂ ਵੱਲੋਂ ਨਵੇਂ ਨਿਯਮਾਂ ਨਾਲ ਤਾਲਮੇਲ ਨਾ ਬਿਠਾਇਆ ਗਿਆ ਹੋਇਆ ਤਾਂ ਉਨ੍ਹਾਂ ਨੂੰ ਜੁਰਮਾਨੇ ਕੀਤੇ ਜਾਣਗੇ।

ਛੋਟੇ ਇੰਪਲੌਇਅਰਜ਼ ਤੇ ਯੂਨੀਅਨਜ਼ ਨੂੰ 30,000 ਡਾਲਰ ਤੱਕ ਦਾ ਜੁਰਮਾਨਾ ਹੋ ਸਕਦਾ ਹੈ ਤੇ ਵੱਡੇ ਇੰਪਲੌਇਰਜ਼ ਤੇ ਯੂਨੀਅਨਜ਼ ਨੂੰ 50,000 ਡਾਲਰ ਤੱਕ ਦਾ ਜੁਰਮਾਨਾ ਹੋ ਸਕਦਾ ਹੈ।

# 75 ਸਾਲ ਤੇ ਵੱਧ ਉਮਰ ਦੇ ਸੀਨੀਅਰਜ਼ ਨੂੰ ਅਗਸਤ 'ਚ ਮਿਲੇਗੀ 500 ਡਾਲਰ ਦੀ ਮੱਦਦ

ਓਟਵਾ, 7 ਜੁਲਾਈ (ਪੋਸਟ ਬਿਊਰੋ) : ਇਨ੍ਹਾਂ ਗਰਮੀਆਂ ਵਿੱਚ ਬਜ਼ੁਰਗਾਂ ਨੂੰ ਇੱਕ ਸਮੇਂ ਕੀਤੀ ਜਾਣ ਵਾਲੀ ਅਦਾਇਗੀ ਲਈ ਲਿਬਰਲ ਸਰਕਾਰ ਨੇ ਤਰੀਕ ਨਿਰਧਾਰਤ ਕਰ ਦਿੱਤੀ ਹੈ।

ਸੀਨੀਅਰਜ਼ ਮੰਤਰੀ ਦੇਬ ਸੁਲੇ ਦਾ ਕਹਿਣਾ ਹੈ ਕਿ ਅਗਲੀ ਜੁਲਾਈ 75 ਸਾਲਾਂ ਨੂੰ ਢੁੱਕਣ ਵਾਲੇ ਸੀਨੀਅਰਜ਼ ਨੂੰ ਇਸ ਸਾਲ 16 ਅਗਸਤ ਵਾਲੇ ਹਫਤੇ ਵਿੱਚ 500 ਡਾਲਰ ਦਿੱਤੇ ਜਾਣਗੇ। ਸਰਕਾਰ ਵੱਲੋਂ ਦਿੱਤੀ ਜਾਣ ਵਾਲੀ ਇਹ ਆਰਥਿਕ ਮਦਦ ਓਲਡ ਏਜ ਬੈਨੇਫਿਟਜ਼ ਨੂੰ ਹੁਲਾਰਾ ਦੇਣ ਲਈ ਹੋਵੇਗੀ ਤੇ ਇਸ ਬਾਰੇ ਅਪਰੈਲ ਦੇ ਬਜਟ ਵਿੱਚ ਹੀ ਸਰਕਾਰ ਵੱਲੋਂ ਯੋਜਨਾ ਪੇਸ਼ ਕੀਤੀ ਗਈ ਸੀ।



75 ਸਾਲ ਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਲਈ ਫੈਡਰਲ ਸਰਕਾਰ ਵੱਲੋਂ ਓਲਡ ਏਜ ਸਕਿਊਰਿਟੀ ਵਿੱਚ 10 ਫੀ ਸਦੀ ਵਾਧਾ ਕਰਨ ਦਾ ਐਲਾਨ ਵੀ ਕੀਤਾ ਗਿਆ ਤੇ ਇਹ ਵਾਧਾ ਜੁਲਾਈ 2022 ਵਿੱਚ ਸ਼ੁਰੂ ਹੋਵੇਗਾ। ਇਸ ਤਹਿਤ 3.3 ਮਿਲੀਅਨ ਰਿਟਾਇਰਡ ਲੋਕਾਂ ਨੂੰ 766 ਡਾਲਰ ਐਕਸਟਰਾ ਬੈਨੇਫਿਟਜ਼ ਵਜੋਂ ਹਾਸਲ ਹੋਣਗੇ। ਇਸ ਮਹੀਨੇ ਓਲਡ ਏਜ ਸਕਿਊਰਿਟੀ ਬੈਨੇਫਿਟਸ ਆਟੋਮੈਟਿਕਲੀ 1.3 ਫੀ ਸਦੀ ਵਧ ਜਾਣਗੇ, ਜਿਸ ਨਾਲ ਵੱਧ ਤੋਂ ਵੱਧ ਪੈਨਸ਼ਨ ਦੀ ਰਕਮ 626 ਡਾਲਰ ਤੱਕ ਅੱਪੜ ਜਾਵੇਗੀ।

# ਕੇਂਦਰੀ ਖੇਤੀ ਮੰਤਰੀ ਨੇ ਕਿਸਾਨਾਂ ਨੂੰ ਅੰਦੋਲਨ ਛੱਡ ਕੇ ਗੱਲਬਾਤ ਕਰਨ ਦੀ ਅਪੀਲ ਦੁਹਰਾਈ

ਨਵੀਂ ਦਿੱਲੀ, 8 ਜੁਲਾਈ, (ਪੋਸਟ ਬਿਊਰੋ)- ਭਾਰਤ ਦੇ ਕੇਂਦਰੀ ਖੇਤੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਅੱਜ ਕਿਸਾਨਾਂ ਨੂੰ ਅੰਦੋਲਨ ਖ਼ਤਮ ਕਰ ਕੇ ਗੱਲਬਾਤ ਸ਼ੁਰੂ ਕਰਨ ਦੀ ਅਪੀਲ ਦੁਹਰਾਈ ਹੈ।



ਨਰਿੰਦਰ ਮੋਦੀ ਸਰਕਾਰ ਦੀ ਤਾਜ਼ਾ ਅਦਲਾ-ਬਦਲੀ ਪਿੱਛੋਂ ਕੇਂਦਰੀ ਕੈਬਨਿਟ ਦੀ ਪਹਿਲੀ ਬੈਠਕ ਦੇ ਬਾਅਦ ਖੇਤੀ ਮੰਤਰੀਨੇ ਕਿਹਾ ਕਿ ਅੱਜ ਸਰਕ-ਾਰਨੇ ਮੰਡੀਆਂ ਰਾਹੀਂ ਕਿਸਾਨਾਂ ਨੂੰ ਇਕ ਲੱਖ ਕਰੋੜ ਰੁਪਏ ਲਾਭ ਪੁਚਾਉਣ ਦਾ ਫ਼ੈਸਲਾ ਕੀਤਾ ਹੈ।ਉਨ੍ਹਾਂ ਕਿਹਾ ਕਿ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਉੱਤੇ ਫ਼ਸਲ ਦੀ ਖ਼ਰੀਦ ਏਸੇ ਤਰ੍ਹਾਂ ਹੁੰਦੀ ਰਹੇਗੀ ਤੇ ਏਪੀਐੱਮਸੀ (ਸਰਕਾਰ ਵੱਲੋਂ ਮਨਜ਼ੂਰ ਮਾਰਕੀਟ) ਦਾ ਸਿਸਟਮ ਹੋਰ ਮਜ਼ਬੂਤ ਕੀਤਾ ਜਾਵੇਗਾ। ਖੇਤੀ ਮੰਤਰੀ ਤੋਮਰ ਨੇ ਇਹ ਅਪੀਲ ਓਦੋਂ ਕੀਤੀ ਹੈ, ਜਦੋਂ ਕਿਸਾਨਾਂ ਨੇ ਪਾਰਲੀਮੈਂਟ ਦੇ ਮੌਨਸੂਨ ਸੈਸ਼ਨ ਦੌਰਾਨ ਅੰਦੋਲਨ ਹੋਰ ਤੇਜ਼ ਕਰਨ ਦਾ ਫ਼ੈਸਲਾ ਕੀਤਾ ਹੋਇਆ ਹੈ।ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚਅੱਜ ਵੀਰਵਾਰ ਕੇਂਦਰੀ ਕੈਬਨਿਟ ਦੀ ਬੈਠਕ ਵਿੱਚ ਸਿਹਤ ਤੇ ਖੇਤੀ ਖੇਤਰਬਾਰੇ ਕਈ ਫੈਸਲੇ ਲਏ ਗਏ, ਜਿਨ੍ਹਾਂ ਦੀ ਜਾਣਕਾਰੀ ਦਿੰਦਿਆਂ ਕੇਂਦਰੀ ਖੇਤੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਬੀਤੇ ਸੱਤ ਸਾਲਾਂਵਿੱਚ ਕਿਸਾਨਾਂ ਦੇ ਹਿੱਤ ਵਿੱਚਲਗਾਤਾਰ ਫੈਸਲੇ ਲਏ ਹਨ। ਉਨ੍ਹਾ ਕਿਹਾ ਕਿ ਪਹਿਲਾਂ ਹੀ ਕਿਹਾ ਗਿਆ ਸੀ ਕਿ ਮੰਡੀ ਸਿਸਟਮ(ਏ ਪੀ ਐਮ ਸੀ) ਮਜ਼ਬੂਤ ਕੀਤਾ ਜਾਵੇਗਾ, ਇਸ ਨੂੰ ਹੋਰ ਵੱਧ ਸੋਧਣ ਦਾ ਯਤਨ ਕੀਤਾ ਜਾਵੇਗਾ ਅਤੇ ਕਿਸਾਨ ਇਨਫਰਾਸਟਰਕਚਰ ਫੰਡ ਨੂੰ ਆਤਮਨਿਰਭਰ ਭਾਰਤ ਦੇ ਤਹਿਤ ਵੰਡੇ ਇਕ ਲੱਖ ਕਰੋੜ ਰੁਪਏ ਦੀ ਵਰਤੋਂਏ ਪੀ ਐਮ ਸੀਰਾਹੀਂ ਹੋ ਸਕਦੀ ਹੈ।

### ਪੰਜਾਬ ਸਰਕਾਰ ਥੋੜ੍ਹਾ ਕੁ ਹਿੱਲੀ:

# ਬਿਜਲੀ ਸਮਝੌਤਿਆਂ ਉੱਤੇ ਨਜ਼ਰਸਾਨੀ ਲਈ ਐਡਵੋਕੇਟ ਜਨਰਲ ਤੋਂ ਕਾਨੂੰਨੀ ਸਲਾਹ ਮੰਗ ਲਈ

ਚੰਡੀਗੜ੍ਹ, 8 ਜੁਲਾਈ, (ਪੋਸਟ ਬਿਊਰੋ)- ਪੰਜਾਬ ਵਿੱਚ ਪੈਦਾ ਹੋਏਬਿਜਲੀ ਸੰਕਟ ਤੇ ਪ੍ਰਾਈਵੇਟ ਬਿਜਲੀ ਕੰਪਨੀਆਂ ਦੇ ਨਾਲ ਕੀਤੇ ਗਏ ਸਮਝੌਤਿਆਂ ਨੂੰ ਰੱਦ ਨਾ ਕਰਨ ਦੇ ਮੁੱਦੇ ਉੱਤੇਵਿਰੋਧੀ ਧਿਰਾਂ ਅਤੇ ਖੁਦ ਕਾਂਗਰਸ ਦੇ ਨਾਰਾਜ਼ ਆਗੂਆਂਵੱਲੋਂਹੋ ਰਹੇ ਹਮਲਿਆਂ ਤੇ ਕਾਂਗਰਸ ਹਾਈ ਕਮਾਨ ਵੱਲੋਂ 18 ਨੁਕਤਿਆਂ ਉੱਤੇਛੇਤੀ ਕੰਮ ਕਰਨ ਦੇ ਆਦੇਸ਼ ਕਾਰਨਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਐਕਸ਼ਨ ਕਰਨ ਦੇ ਮੂਡ ਵਿਚ ਆਏ ਲੱਗਦੇ ਹਨ। ਉਨ੍ਹਾਂ ਅਕਾਲੀ ਭਾਜਪਾ ਗਠਜੋੜ ਸਰਕਾਰ ਵੱਲੋਂ ਕੀਤੇ 122 ਬਿਜਲੀ ਸਮਝੌਤਿਆਂ ਉੱਤੇਮੁੜ ਵਿਚਾਰ ਦੀ ਮਨਜ਼ੂਰੀ ਦੇ ਦਿੱਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਨੇ ਇਨ੍ਹਾਂ ਸਮਝੌਤਿਆਂ ਦੀਆਂ ਕਾਨੂੰਨੀ ਬਾਰੀਕੀਆਂ ਅਤੇ ਹੋਰ ਸਾਰੇ ਪੱਖਾਂ ਬਾਰੇ ਐਡਵੋਕੇਟ ਜਨਰਲ ਦਫ਼ਤਰ ਕੋਲੋਂ ਕਾਨੂੰਨੀ ਸਲਾਹ ਮੰਗੀ ਹੈ।ਵਰਨਣ ਯੋਗ ਹੈ ਕਿ ਸਾਲ 2007 ਤੋਂ 2017 ਵਿਚਾਲੇਵੱਖ-ਵੱਖ ਬਿਜਲੀ ਕੰਪਨੀਆਂ ਦੇ ਨਾਲ 122 ਪੀਪੀਏ (ਪਾਵਰ ਪਰਚੇਜ਼ ਐਗਰੀਮੈਂਟਸ) ਹੋਏ ਸਨ, ਜਿਨ੍ਹਾਂ ਵਿਚ ਤਿੰਨ ਵੱਡੀਆਂ ਕੰਪਨੀਆਂ ਸ਼ਾਮਲ ਹਨ। ਇਨ੍ਹਾਂ ਕੰਪਨੀਆਂ ਵਿਚ ਜੀਵੀਕੇ ਥਰਮਲ ਪਲਾਂਟ ਗੋਇੰਦ-ਵਾਲ ਸਾਹਿਬ, ਰਾਜਪੁਰਾ ਤੇ ਤਲਵੰਡੀ ਸਾਬੋ ਵਿੱਚ ਲਾਏ ਥਰਮਲ ਪਲਾਂਟ ਸ਼ਾਮਲ ਹਨ।ਇਸ ਤੋਂ ਇਲਾਵਾ ਸੋਲਰ ਤੇ ਬਾਇਓਮਾਸ ਪਲਾਂਟ ਵੀ ਸ਼ਾਮਲ ਹਨ।ਇਨ੍ਹਾਂ ਸਮਝੌਤਿਆਂ ਨੂੰ ਹਾਲ ਦੀ ਘੜੀ ਭਾਵੇਂ ਰੱਦ ਨਹੀਂ ਕੀਤਾ ਜਾਣਾ, ਪਰ ਰਾਜ ਸਰਕਾਰ ਨੇ ਐਡਵੋਕੇਟ ਜਨਰਲ ਤੋਂ ਕਾਨੂੰਨੀ ਸਲਾਹ ਮੰਗੀ ਹੈ ਕਿ ਜੇ ਸਮਝੌਤੇ ਰੱਦ ਕਰ ਦੇਈਏ ਤਾਂ ਕੋਈ ਕਾਨੂੰਨੀ ਅੜਿੱਕਾ ਤਾਂ ਨਹੀਂ। ਵੱਡੀ ਗੱਲ ਇਹ ਹੈ ਕਿ ਪ੍ਰਾਈਵੇਟ ਕੰਪਨੀਆਂ ਨਾਲ ਸਮਝੌਤੇ 6 ਰੁਪਏ ਪ੍ਰਤੀ ਯੂਨਿਟ ਤੋਂ 14 ਰੁਪਏ ਯੂਨਿਟ ਤਕ ਕੀਤੇ ਗਏ ਤੇ ਕੇਂਦਰ ਸਰਕਾਰ ਨੇ ਸਾਰੇ ਰਾਜਾਂ ਨੂੰ ਸੋਲਰ ਪਲਾਂਟਾਂ ਕੋਲੋਂ ਬਿਜਲੀ ਖ਼ਰੀਦਣਾ ਜ਼ਰੂਰੀ ਕੀਤਾ ਹੋਇਆ ਹੈ।





ਸਾਲ 2017 ਦੀਆਂ ਚੋਣਾਂ ਤੋਂ ਪਹਿਲਾਂ ਕਾਂਗਰਸ ਪਾਰਟੀ ਅਤੇ ਖ਼ਾਸ ਕਰਕੇ ਕੈਪਟਨ ਅਮਰਿੰਦਰ ਸਿੰਘ ਨੇ ਸਰਕਾਰ ਬਣਨ ਉੱਤੇ ਇਨ੍ਹਾਂ ਸਮਝੌਤਿਆਂ ਉੱਤੇ ਮੁੜ ਵਿਚਾਰ ਲਈ ਵਾਅਦਾ ਕੀਤਾ ਸੀ, ਪਰਸਰਕਾਰ ਨੇ ਸਾਢੇ ਚਾਰ ਸਾਲ ਲੰਘਣ ਪਿੱਛੋਂ ਵੀ ਕੋਈ ਕਦਮ ਨਹੀਂ ਚੁੱਕਿਆ, ਜਿਸ ਕਰ ਕੇ ਸਿਆਸੀ ਧਿਰਾਂ ਤੇ ਖ਼ਾਸ ਕਰਕੇ ਆਮ ਆਦਮੀ ਪਾਰਟੀ ਨੇ ਕੈਪਟਨ ਸਰਕਾਰ ਉੱਤੇ ਨਿੱਜੀ ਕੰਪਨੀਆਂ ਨਾਲ ਲਿਹਾਜ਼ ਪੁਗਾਉਣ ਦੇ ਦੋਸ਼ ਲਾਏ ਹਨ।ਸਿਰਫ ਵਿਰੋਧੀ ਪਾਰਟੀਆਂ ਨਹੀਂ, ਕਾਂਗਰਸ ਪਾਰਟੀ ਦੇ ਕਈ ਵੱਡੇ ਆਗੂ ਵੀ ਬਿਜਲੀ ਮੁੱਦੇ ਉੱਤੇਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਖਿਲਾਫ ਹਨ। ਕੁਝ ਦਿਨ ਪਹਿਲਾਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਰਕਾਰ ਨੂੰ ਚੁਣੌਤੀ ਦਿੱਤੀ ਸੀ ਕਿ ਉਨ੍ਹਾਂ ਨੇ ਸਸਤੀ ਬਿਜਲੀ ਖ਼ਰੀਦਣ ਦੇ ਸਮਝੌਤੇ ਕੀਤੇ ਹਨ, ਜੇ ਕੈਪਟਨ ਸਰਕਾਰਗਲਤ ਸਮਝਦੀ ਹੈ ਤਾਂ ਸਮਝੌਤੇ ਰੱਦ ਕਰਕੇ ਦਿਖਾਵੇ।

# ਕੋਟਕਪੂਰਾ ਗੋਲੀ ਕਾਂਡ ਕੇਸ: ਪੰਜਾਬ ਦੀ ਸਰਕਾਰ ਹਾਈ ਕੋਰਟ ਦੇ ਫ਼ੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦੇਣ ਲੱਗੀ

*** ਕਿਸੇ ਵੀ ਸਮੇਂ ਐੱਸ ਐੱਲ ਪੀ ਦਾਇਰ ਹੋਣ ਦੀ ਸੰਭਾਵਨਾ**

ਚੰਡੀਗੜ੍ਹ, 8 ਜੁਲਾਈ, (ਪੋਸਟ ਬਿਊਰੋ)- ਅਕਾਲੀ-ਭਾਜਪਾ ਸਰਕਾਰ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਾਲੇ ਕੁਝ ਕੇਸ ਹੋਣ ਤੋਂ ਬਾਅਦ ਰੋਸ ਕਰਦੀ ਸਿੱਖ ਸੰਗਤ ਉੱਤੇ ਕੋਟਕਪੂਰਾ ਵਿੱਚ ਪੁਲਸ ਵੱਲੋਂ ਗੋਲੀ ਚਲਾਏ ਜਾਣ ਦੀਘਟਨਾ ਦੀ ਜਾਂਚ ਲਈ ਵਿਸ਼ੇਸ਼ ਜਾਚ ਟੀਮ (ਐੱਸ ਆਈ ਟੀ) ਵੱਲੋਂ ਤਿਆਰ ਕੀਤੀ ਰਿਪੋਰਟ ਰੱਦ ਕਰ ਦੇਣ ਦੇ ਹਾਈ ਕੋਰਟ ਦੇ ਫ਼ੈਸਲੇਨਾਲ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਮੁਸ਼ਕਲ ਵਿੱਚਪਈ ਹੋਈ ਹੈ। ਇਸ ਬਾਰੇ ਰਾਜ ਸਰਕਾਰ ਨੇ ਫੈਸਲਾ ਕਰ ਲਿਆ ਹੈ ਕਿ ਉਹ ਹਾਈ ਕੋਰਟ ਦੇ ਇਸ ਹੁਕਮ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦੇਵਗੀ ਅਤੇ ਅਗਲੇ ਸੋਮਵਾਰ ਤੋਂ ਬਾਅਦ ਕਿਸੇ ਵੀ ਸਮੇਂ ਇਹ ਪਟੀਸ਼ਨ ਦਾਇਰ ਕੀਤੀ ਜਾ ਸਕਦੀ ਹੈ। ਮਿਲੀ ਜਾਣਕਾਰੀ ਅਨੁਸਾਰ ਪੰਜਾਬ ਦੇ ਐਡਵੋਕੇਟ ਜਨਰਲ ਵੱਲੋਂ ਤਿਆਰ ਕੀਤੀ ਸਪੈਸ਼ਲ ਲੀਵ ਪਟੀਸ਼ਨ (ਐੱਸ ਐੱਲ ਪੀ) ਨੂੰ ਮੁੱਖ ਮੰਤਰੀ ਅਮਰਿੰਦਰ ਸਿੰਘ ਦੀ ਮਨਜ਼ੂਰੀ ਪਿੱਛੋਂ ਗ੍ਰਹਿ ਵਿਭਾਗ ਨੇ ਵੀ ਮਨਜ਼ੂਰ ਕਰ ਲਿਆ ਹੈ। ਕਿਉਂਕਿ ਹਾਈ ਕੋਰਟ ਦੇ ਆਦੇਸ਼ ਨੂੰ ਤਿੰਨ ਮਹੀਨੇ ਹੋਣ ਵਾਲੇ ਹਨ, ਇਸ ਲਈ ਸਰਕਾਰ ਕਿਸੇ ਵੀ ਵਕਤਐੱਸ ਐੱਲ ਪੀਦਾਇਰ ਕਰ ਸਕਦੀ ਹੈ। ਇਸ ਐੱਸ ਐੱਲ ਪੀ ਵਿੱਚਰਾਜ ਸਰਕਾਰ ਕਹਿ ਸਕਦੀ ਹੈ ਕਿ ਹਾਈ ਕੋਰਟ ਨੇ ਆਪਣੇ ਅਧਿਕਾਰ ਖੇਤਰ ਤੋਂ ਬਾਹਰ ਦਾਹੁਕਮ ਕੀਤਾ ਹੈ।ਕੇਸ ਵਿੱਚ ਸਿਰਫ਼ ਇਕ ਇੰਸਪੈਕਟਰ ਗੁਰਦੀਪ ਨੇ ਆਪਣੇ ਲਈ ਨਿਆਂ ਦੀ ਮੰਗ ਕੀਤੀ ਸੀ, ਪਰ ਹਾਈ ਕੋਰਟ ਨੇ ਪੂਰੀ ਜਾਂਚ ਰਿਪੋਰਟ ਉੱਤੇ ਸਵਾਲ ਉਠਾ ਕੇਰੱਦ ਕਰ ਦਿੱਤੀ, ਜਦੋਂ ਕੇਸ ਹਾਲੇ ਟ੍ਰਾਇਲ ਕੋਰਟ ਵਿੱਚ ਚੱਲਦਾ ਹੈ। ਜਦੋਂ ਤਕ ਟ੍ਰਾਇਲ ਕੋਰਟ ਦਾ ਫ਼ੈਸਲਾ ਨਹੀਂ ਆ ਜਾਂਦਾ, ਉਦੋਂ ਤਕ ਹਾਈ ਕੋਰਟ ਵਿੱਚ ਜਾਂਚ ਨੂੰ ਚੁਣੌਤੀ ਨਹੀਂਦਿੱਤੀ ਜਾ ਸਕਦੀ ਸੀ। ਕੋਰਟ ਨੇ ਆਪਣੇ 89 ਸਫੇ ਦੇ ਹੁਕਮ ਵਿਚ 60 ਸਫ਼ਿਆਂ ਵਿੱਚ ਪੰਜ ਪ੍ਰਮੁੱਖ ਪੈਰੇ ਕੁੰਵਰ ਵਿਜੈ ਪ੍ਰਤਾਪ ਸਿੰਘ ਦੇ ਵਿਹਾਰ ਉੱਤੇ ਲਾ ਦਿੱਤੇ ਸਨ।ਸੂਤਰਾਂਮੁਤਾਬਕ ਕੁੰਵਰ ਵਿਜੈ ਪ੍ਰਤਾਪ ਦੀ ਟੀਮ ਨੇ ਜਿਹੜੇ ਸਬੂਤ ਇਕੱਠੇ ਕੀਤੇ ਸਨ, ਟ੍ਰਾਇਲ ਕੋਰਟ ਵੱਲੋਂ ਉਨ੍ਹਾਂ ਨੂੰ ਦੇਖਣ ਤੋਂ ਪਹਿਲਾਂ ਹੀ ਹਾਈ ਕੋਰਟ ਨੇ ਫ਼ੈਸਲਾ ਸੁਣਾ ਦਿੱਤਾ।

ਵਰਨਣਯੋਗ ਹੈ ਕਿ ਹਾਈ ਕੋਰਟ ਨੇ 9 ਅਪ੍ਰੈਲ ਦਾਫੈਸਲਾ ਆਪਣੀ ਸਾਈਟ ਉੱਤੇ 24 ਅਪ੍ਰੈਲ ਨੂੰ ਅਪਲੋਡ ਕੀਤਾ ਸੀ ਅਤੇ ਸਰਕਾਰ ਕੋਲ ਇਸ ਬਾਰੇਐੱਸ ਐੱਲ ਪੀ ਫਾਈਲ ਕਰਨ ਲਈ ਕੁਝ ਹੀ ਦਿਨ ਬਚੇ ਹਨ। ਇਸ ਤੋਂ ਪਹਿਲਾਂ ਐੱਸ ਐੱਲ ਪੀਬਾਰੇ ਹੋਮ ਸੈਕਟਰੀ ਅਨੁਰਾਗ ਅਗਰਵਾਲ ਤੇ ਐਡਵੋਕੇਟ ਜਨਰਲ ਅਤੁਲ ਨੰਦਾ ਦੀ ਸਹਿਮਤੀ ਨਹੀਂ ਬਣ ਰਹੀ ਸੀ। ਅਨੁਰਾਗ ਅਗਰਵਾਲ ਚਾਹੁੰਦੇ ਸਨ ਕਿ ਹਾਈ ਕੋਰਟ ਦੇ ਫ਼ੈਸਲੇ ਨੂੰ ਛੇਤੀ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਜਾਵੇ, ਪਰ ਐਡਵੋਕੇਟ ਜਨਰਲ ਅਤੁਲ ਨੰਦਾ ਇਸ ਉੱਤੇ ਰਾਜ਼ੀ ਨਹੀਂ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਕੋਰਟ ਨੇ ਇਸ ਕੇਸ ਵਿਚ ਤਿੰਨ ਬਦਲ ਦਿੱਤੇ ਸਨ ਅਤੇ ਅਸੀਂ ਤਿੰਨਾਂ ਵਿੱਚੋਂ ਪੁਰਾਣੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਰੱਦ ਕਰਕੇ ਨਵੀਂ ਐੱਸ ਆਈ ਟੀ ਬਣਾਉਣ ਦਾ ਬਦਲ ਚੁਣਿਆ ਹੋਇਆ ਹੈ ਤਾਂ ਇਹ ਸੁਪਰੀਮ ਕੋਰਟ ਵਿੱਚ ਕਿਵੇਂ ਸਟੈਂਡ ਕਰੇਗੀ।


## ਵਰਕਰ ਦੀ ਲੋੜ

ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਵਰਕਰ ਦੀ ਜ਼ਰੂਰਤ ਹੈ Dundas ਅਤੇ Hwy 27 ਦਾ ਏਰੀਆ, $16/hr ਦਿੱਤੇ ਜਾਣਗੇ, Full Time/Part Time ਕੰਮ।

**ਸੰਪਰਕ: 416-816-1695**


# ਆਰ ਐੱਸ ਐੱਸ ਰਾਸ਼ਟਰਵਾਦੀ ਸੋਚਣੀ ਨਾਲ ਮੁਸਲਮਾਨਾਂ ਨੂੰ ਜੋੜਨ ਦੀ ਪਹਿਲ ਕਰੇਗਾ

*** ਚਿਤਰਕੂਟ ਬੈਠਕ ਵਿੱਚ ਮੋਹਨ ਭਾਗਵਤ ਨੇ ਫੀਡ ਬੈਕਲਈ**

ਚਿਤਰਕੂਟ, 8 ਜੁਲਾਈ, (ਪੋਸਟ ਬਿਊਰੋ)- ਰਾਸ਼ਟਰੀ ਸੋਇਮਸੇਵਕ ਸੰਘ (ਆਰ ਐੱਸ ਐੱਸ) ਦੇ ਮੁਖੀ ਮੋਹਨ ਭਾਗਵਤ ਦੇ ਗਾਜ਼ੀਆਬਾਦ ਵਿੱਚ ਦਿੱਤੇ ਬਿਆਨ ਦਾ ਅਰਥ ਭਗਵਾਨ ਰਾਮ ਦੇ ਤਪ ਅਸਥਾਨ ਵਿੱਚਸਾਫ ਹੁੰਦਾ ਲੱਗਦਾ ਹੈ। ਅਖਿਲ ਭਾਰਤੀ ਪ੍ਰਾਂਤ ਪ੍ਰਚਾਰਕਾਂ ਦੀ ਮੁੱਖ ਮੀਟਿੰਗ ਤੋਂ ਪਹਿਲਾਂ ਕੋਰ ਗਰੁੱਪ ਮੈਂਬਰਾਂ ਦੀਆਂ ਸੰਖੇਪ ਮੀਟਿੰਗਾਂ ਵਿੱਚ ਵਿਚਾਰ ਤੋਂ ਇਹ ਹੀ ਜਾਪਦਾ ਹੈ ਕਿ ਸੰਘ ਮੁਸਲਮਾਨਾਂ ਨੂੰ ਰਾਸ਼ਟਰੀ ਵਿਚਾਰਧਾਰਾ ਨਾਲ ਜੋੜਨ ਦੀ ਪਹਿਲ ਕਰੇਗਾ।

ਅੱਜ ਵੀਰਵਾਰ ਨੂੰ ਆਰ ਐੱਸ ਐੱਸ ਦੇ ਕੋਰ ਗਰੁੱਪ ਦੀ ਮੀਟਿੰਗ ਵਿੱਚ ਉੱਤਰ ਪ੍ਰਦੇਸ਼ ਦੀ ਯੋਗੀ ਆਦਿਤਿਆਨਾਥ ਸਰਕਾਰ ਦੇ ਕੰਮ-ਕਾਜ ਤੇ ਉਸ ਦੇ ਲੋਕਾਂ ਉੱਤੇ ਪ੍ਰਭਾਵ ਬਾਰੇ ਵੀ ਚਰਚਾ ਹੋਈ। ਵਰਨਣ ਯੋਗ ਹੈ ਕਿ ਸੰਘ ਪ੍ਰਚਾਰਕਾਂ ਦੀ ਮੀਟਿੰਗ ਵਿੱਚ ਆਉਣ ਤੋਂ ਪਹਿਲਾਂ ਸੰਘ ਦੇ ਮੁਖੀ ਮੋਹਨ ਭਾਗਵਤ ਨੇ ਗਾਜ਼ੀਆਬਾਦ ਵਿਚ ਕਿਹਾ ਸੀ ਕਿ ਪੂਜਣ ਵਿਧੀ ਦੇ ਆਧਾਰ ਉੱਤੇ ਹਿੰਦੂਆਂ ਤੇ ਮੁਸਲਮਾਨਾਂ ਨੂੰ ਵੱਖ ਨਹੀਂ ਕੀਤਾ ਜਾ ਸਕਦਾ ਅਤੇ ਸਾਰੇ ਭਾਰਤੀਆਂ ਦਾ ਡੀਐੱਨਏ ਇਕੋ ਹੈ। ਉਨ੍ਹਾਂ ਨੇ ਭਾਸ਼ਾ ਤੇ ਪ੍ਰਾਂਤ ਨੂੰ ਛੱਡ ਕੇ ਇਕ ਹੋ ਕੇ ਦੇਸ਼ ਨੂੰ ਵਿਸ਼ਵ ਗੁਰੂ ਬਣਾਉਣ ਦੀ ਹਮਾਇਤ ਕੀਤੀ ਸੀ। ਅੱਜ ਪ੍ਰਚਾਰਕਾਂ ਦੀ ਮੀਟਿੰਗ ਤੋਂ ਪਹਿਲਾਂ ਜ਼ਾਹਰ ਹੋਣ ਲੱਗ ਪਿਆ ਕਿ ਸੰਘ ਨੇ ਰਾਸ਼ਟਰਵਾਦੀ ਸੋਚ ਦੇ ਨਾਲ ਮੁਸਲਮਾਨਾਂ ਨੂੰ ਆਪਣੇ ਨਾਲ ਜੋੜਨ ਦਾ ਮਨ ਬਣਾ ਲਿਆ ਹੈ। ਮੀਟਿੰਗ ਤੋਂ ਪਹਿਲਾਂ ਰਾਸ਼ਟਰੀ ਕਾਰਜਕਾਰਨੀ ਦੇ ਅਹੁਦੇਦਾਰਾਂ ਤੇ ਮੈਂਬਰਾਂ ਨਾਲ ਵੱਖ-ਵੱਖ ਸੰਖੇਪ ਮੀਟਿੰਗਾਂ ਵਿੱਚ ਇਸ ਉੱਤੇ ਵਿਚਾਰ ਕੀਤਾ ਗਿਆ। ਸੰਘ ਦੀ ਸੋਚ ਦੇ ਬਦਲਾਅ ਨੂੰ ਪੱਛਮੀ ਬੰਗਾਲ ਚੋਣਾਂ ਨਾਲ ਜੋੜ ਕੇ ਦੇਖਿਆ ਜਾਂਦਾ ਹੈ।ਪਤਾ ਲੱਗਾ ਹੈ ਕਿ ਸੰਘ ਦੀ ਲੀਡਰਸ਼ਿਪ ਬੰਗਾਲ ਵਿਚ ਭਾਜਪਾ ਦੇ ਵਧੇ ਪ੍ਰਭਾਵ ਬਾਰੇ ਸੰਤੁਸ਼ਟ ਹੈ, ਪਰ ਮੁਸਲਮਾਨਾਂ ਦੀ ਰਾਸ਼ਟਰਵਾਦੀ ਸੋਚ ਵਾਲੇ ਦਲਾਂ ਤੋਂ ਦੂਰੀ ਬਾਰੇ ਫਿਕਰਮੰਦ ਹੈ।












# ਸੰਪਾਦਕੀ

## ਕੈਨੇਡੀਅਨ ਕੌਮੀ ਏਕਤਾ ਦੇ ਨਾਮ ਨਾਲ ਜੁੜੇ ਆਰਥਿਕ ਹਿੱਤ

ਫੈਡਰਲ ਸਰਕਾਰ ਤੋਂ ਪ੍ਰੋਵਿੰਸਾਂ ਨੂੰ ਮਿਲਣ ਵਾਲੇ ਡਾਲਰਾਂ ਨੂੰ ਲੈ ਕੇ ਲਿਬਰਲ ਅਤੇ ਕੰਜ਼ਰਵੇਟਿਵ ਪਾਰਟੀਆਂ ਵਿੱਚ ਅੱਜ ਕੱਲ ਰੱਸਾਕਸ਼ੀ ਚੱਲ ਰਹੀ ਹੈ। ਇਸ ਰੱਸਾਕਸ਼ੀ ਨੂੰ ਸਮਝਣ ਲਈ ਸਾਨੂੰ ਸਾਦੇ ਢੰਗ ਨਾਲ ਸਮੱਸਿਆ ਦੀ ਜੜ ਨੂੰ ਸਮਝਣਾ ਹੋਵੇਗਾ।

ਇਤਿਹਾਸਕ ਰੂਪ ਵਿੱਚ ਫੈਡਰਲ ਸਰਕਾਰ ਵੱਲੋਂ Equilization payments (ਬਰਾਬਰਤਾ ਪੈਦਾ ਕਰਨ ਲਈ ਅਦਾਇਗੀ) ਪ੍ਰੋਗਰਾਮ ਚਲਾਇਆ ਜਾਂਦਾ ਹੈ ਜੋ ਵਿਧੀਵਤ ਰੂਪ ਵਿੱਚ 1957 ਵਿੱਚ ਲਾਗੂ ਕੀਤਾ ਗਿਆ ਸੀ। ਇਸਦਾ ਮੁੱਖ ਉਦੇਸ਼ ਸੀ ਕਿ ਹਰ ਪ੍ਰੋਵਿੰਸ ਨੂੰ ਪ੍ਰਤੀ ਵਿਅਕਤੀ ਉਨੇ ਡਾਲਰ ਫੈਡਰਲ ਸਰਕਾਰ ਕੋਲੋਂ ਪ੍ਰਾਪਤ ਹੋਣ ਜਿੰਨੇ ਕਿ ਦੋ ਅਮੀਰ ਪ੍ਰੋਵਿੰਸਾਂ ਉਂਟੇਰੀਓ ਅਤੇ ਬ੍ਰਿਟਿਸ਼ ਕੋਲੰਬੀਆ ਕੋਲ ਟੈਕਸ ਡਾਲਰਾਂ ਰਾਹੀਂ ਉਪਲਬਧ ਹੁੰਦੇ ਹਨ। ਇਸ ਪਿੱਛੇ ਮਕਸਦ ਕੌਮੀ ਏਕਤਾ ਨੂੰ ਕਾਇਮ ਕਰਨਾ ਸੀ ਤਾਂ ਜੋ ਆਰਥਿਕ ਪੱਖੋਂ ਗਰੀਬ ਪ੍ਰੋਵਿੰਸ ਖੁਦ ਨੂੰ ਬਾਕੀ ਕੈਨੇਡਾ ਨਾਲੋਂ ਟੁੱਟਿਆ ਮਹਿਸੂਸ ਨਾ ਕਰਨ। 2020-21 ਵਿੱਚ ਫੈਡਰਲ ਸਰਕਾਰ ਨੇ ਇਸ ਪ੍ਰੋਗਰਾਮ ਤਹਿਤ 20.57 ਬਿਲੀਅਨ ਡਾਲਰਾਂ ਦੀ ਤਕਸੀਮ ਕੀਤੀ ਸੀ। ਇਹਨਾਂ ਵਿੱਚੋਂ ਕਿਊਬਿੱਕ ਨੂੰ 13.2 ਬਿਲੀਅਨ, ਮੈਨੀਟੋਬਾ ਨੂੰ 2.5 ਬਿਲੀਅਨ, ਨੋਵਾ ਸਕੋਸ਼ੀਆ ਨੂੰ 2.1 ਬਿਲੀਅਨ, ਨਿਊਬਰੱਸਵਿੱਕ ਨੂੰ 2.2 ਬਿਲੀਅਨ ਅਤੇ ਪ੍ਰਿੰਸ ਐਡਵਾਰਡ ਆਈਲੈਂਡ ਨੂੰ 454 ਮਿਲੀਅਨ ਡਾਲਰ ਪ੍ਰਾਪਤ ਹੋਏ। ਇਸਦੇ ਉਲਟ ਉਂਟੇਰੀਓ, ਅਲਬਰਟਾ, ਬ੍ਰਿਟਿਸ਼ ਕੋਲੰਬੀਆ, ਨਿਊਫਾਉਂਡੇਲੈਂਡ, ਸੈਸਕੈਚਵਨ ਨੂੰ ਕੋਈ ਡਾਲਰ ਨਹੀਂ ਸੀ ਮਿਲਿਆ।

ਵਰਨਣਯੋਗ ਹੈ ਕਿ ਫੈਡਰਲ ਸਰਕਾਰ ਤੋਂ ਸਮਾਜਿਕ ਅਤੇ ਹੈਲਥ ਟਰਾਂਸਫਰ ਰਾਹੀਂ ਜੋ ਡਾਲਰ ਪ੍ਰੋਵਿੰਸਾਂ ਨੂੰ ਮਿਲਦੇ ਹਨ, ਉਹਨਾਂ ਨੂੰ ਖਰਚਣ ਲਈ ਪ੍ਰੋਵਿੰਸਾਂ ਨੂੰ ਕਈ ਨੇਮਾਂ ਅਤੇ ਬੰਦਸ਼ਾਂ ਦੀ ਪਾਲਣਾ ਕਰਨੀ ਪੈਂਦੀ ਹੈ। ਇਸਦੇ ਉਲਟ Equilization payments ਇੱਕ ਅਜਿਹਾ ਧਨ ਹੈ ਜਿਸਨੂੰ ਖੁੱਲਾ ਗੱਫਾ ਕਿਹਾ ਜਾ ਸਕਦਾ ਹੈ। ਪ੍ਰਾਪਤ ਕਰਨ ਵਾਲੇ ਪ੍ਰੋਵਿੰਸ ਨੇ ਇਸ ਪੈਸੇ ਨੂੰ ਕਿਸ ਥਾਂ ਕਿਵੇਂ ਵਰਤਣਾ ਹੈ, ਇਹ ਉਹਨਾਂ ਦੀ ਖੁਦ ਦੀ ਮਰਜ਼ੀ ਉੱਤੇ ਨਿਰਭਰ ਕਰਦਾ ਹੈ।

ਇਸਦੇ ਸਮਾਂਤਰ ਪੱਛਮੀ ਪ੍ਰੋਵਿੰਸਾਂ ਵਿੱਚ ਇੱਕ ਭਾਵਨਾ ਪ੍ਰਬਲ ਹੁੰਦੀ ਰਹੀ ਹੈ ਕਿ ਫੈਡਰਲ ਸਰਕਾਰ ਵੱਲੋਂ ਉਹਨਾਂ ਨਾਲ ਪੈਸੇ ਧੇਲੇ ਦੇ ਮਾਮਲੇ ਵਿੱਚ ਧੱਕਾ ਕੀਤਾ ਜਾਂਦਾ ਹੈ ਜਿਸ ਕਾਰਣ ਅਲਬਰਟਾ, ਬ੍ਰਿਟਿਸ਼ ਕੋਲੰਬੀਆ, ਸੈਸਕੈਚਵਨ ਵਿੱਚ ਵਿਸ਼ੇਸ਼ ਕਰਕੇ ਅਲੱਗਵਾਦ (Western alienation) ਦੀ ਭਾਵਨਾ ਪੈਦਾ ਹੋਈ ਹੈ। ਇਸ ਅਲੱਗਵਾਦ ਦੀ ਜੜ ਕਿਉਬਿੱਕ ਵਿੱਚ ਪਾਏ ਜਾਂਦੇ ਵੱਖਵਾਦ ਵਿੱਚ ਲੱਭੀ ਜਾ ਸਕਦੀ ਹੈ। ਪੱਛਮੀ ਪ੍ਰੋਵਿੰਸ ਸਮਝਦੇ ਹਨ ਕਿ ਆਨੀਂ ਬਹਾਨੀਂ ਰੁੱਸਣ ਲਈ ਤਿਆਰ ਬੈਠੇ ਕਿਉਬਿੱਕ ਨੂੰ ਮਨਾਉਣ ਦੇ ਚੱਕਰ ਵਿੱਚ ਫੈਡਰਲ ਸਰਕਾਰਾਂ ਜੋ ਛੋਟਾਂ ਉਸ ਪ੍ਰੋਵਿੰਸ ਨੂੰ ਦੇਂਦੀਆਂ ਹਨ, ਉਸ ਨਾਲ ਇਹਨਾਂ ਪ੍ਰੋਵਿੰਸਾਂ ਦਾ ਆਰਥਕ ਨੁਕਸਾਨ ਹੁੰਦਾ ਆਇਆ ਹੈ। ਕਿਉਬਿੱਕ ਬਾਰੇ ਇਹ ਦੋਸ਼ ਹਨ ਕਿ ਹੋਰ ਪ੍ਰੋਵਿੰਸਾਂ ਨਾਲੋਂ ਵੱਡੀਆਂ ਸੋਸ਼ਲ ਸਰਵਿਸਜ਼ ਅਤੇ ਸਬਸਿਡੀਆਂ ਦੇ ਕੇ ਵੀ ਇਹ ਪ੍ਰੋਵਿੰਸ ਆਪਣਾ ਬੱਜਟ ਸਾਵਾਂ ਕਰ ਲੈਂਦਾ ਹੈ ਜਦੋਂ ਕਿ ਫੈਡਰਲ ਸਰਕਾਰ ਦੀ ਜੇਬ ਗਰਮ ਕਰਨ ਵਾਲੇ ਪ੍ਰੋਵਿੰਸ ਥੱਲੇ ਡਿੱਗਦੇ ਜਾ ਰਹੇ ਹਨ।

ਇਸ ਪਿਛੋਕੜ ਵਿੱਚ ਟਰੂਡੋ ਸਰਕਾਰ ਵੱਲੋਂ ਦਸੰਬਰ 2020 ਵਿੱਚ ਐਲਾਨੇ ਗਏ Fiscal Stabilition Program ਅਤੇ ਅਲਬਰਟਾ ਦੇ ਪ੍ਰੀਮੀਅਰ ਜੇਸਨ ਕੈਨੀ ਵੱਲੋਂ ਅਕਤੂਬਰ ਵਿੱਚ ਡਾਲਰਾਂ ਦੀ ਤਕਸੀਮ ਬਾਰੇ ਕਰਵਾਏ ਜਾਣ ਵਾਲੇ ਰੈਫਰੈਂਡਮ ਨੂੰ ਵੇਖਣ ਦੀ ਲੋੜ ਹੈ। ਇਸ ਰੈਫਰੈਂਡਮ ਵਿੱਚ ਅਲਬਰਟਾ ਵਾਸੀਆਂ ਤੋਂ ਪੁੱਛਿਆ ਜਾਵੇਗਾ ਕਿ ਕੀ ਫੈਡਰਲ Equilization payments system ਨੂੰ ਬੰਦ ਕਰ ਦਿੱਤਾ ਜਾਣਾ ਚਾਹੀਦਾ ਹੈ ਜਾਂ ਨਹੀਂ? ਇਸ ਰੈਫਰੈਂਡਮ ਨੂੰ ਕਰਵਾਉਣ ਦਾ ਵਾਅਦਾ ਜੇਸਨ ਕੈਨੀ ਨੇ 2019 ਵਿੱਚ ਕੀਤਾ ਸੀ। ਕਿਉਂਕਿ Equilization payments system ਜਾਰੀ ਕਰਨਾ ਕੈਨੇਡੀਅਨ ਸੰਵਿਧਾਨ ਵਿੱਚ ਦਰਜ਼ ਹੈ ਅਤੇ ਇਹ ਇੱਕ ਫੈਡਰਲ ਮਾਮਲਾ ਹੈ, ਅਲਬਰਟਾ ਵਿੱਚ ਹੋਣ ਵਾਲੇ ਰੈਫਰੈਂਡਮ ਦੇ ਨਤੀਜੇ ਦਾ ਕੋਈ ਕਾਨੂੰਨੀ ਮਾਅਨਾ ਨਹੀਂ ਹੋਵੇਗਾ। ਪਰ ਇਸ ਨਾਲ ਅਲਬਰਟਾ ਦੇ ਰੋਸੇ ਉੱਤੇ ਇੱਕ ਪੱਕੀ ਛਾਪ ਲੱਗ ਜਾਵੇਗੀ। ਪਿਛਲੇ ਸਾਲਾਂ ਦੌਰਾਨ ਅਲਬਰਟਾ ਵਿੱਚ ਜੋ ਅਣਕਿਆਸੀ ਆਰਥਕ ਉਥਲ ਪੁਥਲ ਹੁੰਦੀ ਆਈ ਹੈ, ਉਸਦੇ ਚੱਲਦੇ ਅਲਬਰਟਾ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਫੈਡਰਲ ਸਰਕਾਰ ਦੇ Fiscal Stabilition Program ਤੋਂ ਨਾਖੁਸ਼ ਹਨ।

ਅਲਬਰਟਾ ਵਿੱਚ ਕਰਵਾਏ ਜਾਣ ਵਾਲੇ ਸੰਭਾਵੀ ਰੈਫਰੈਂਡਮ ਨੇ ਲਿਬਰਲ ਅਤੇ ਕੰਜ਼ਰਵੇਟਿਵ ਦੋਵਾਂ ਪਾਰਟੀਆਂ ਨੂੰ ਅਤੀਅੰਤ ਸਾਵਧਾਨੀ ਵਰਤਣ ਲਈ ਮਜਬੂਰ ਕਰ ਦਿੱਤਾ ਹੈ। ਨਾ ਅਲਬਰਟਾ ਦੇ ਰੋਸੇ ਨੂੰ ਗਲਤ ਕਿਹਾ ਜਾ ਸਕਦਾ ਹੈ ਅਤੇ ਨਾ ਹੀ ਫੈਡਰਲ ਏਕਤਾ ਦੇ ਮੁੱਦੇ ਦੇ ਸਨਮੁਖ ਉਸਨੂੰ ਸਹੀ ਆਖਿਆ ਜਾ ਸਕਦਾ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਕੰਜ਼ਰਵੇਟਿਵ ਆਗੂ ਐਰਿਨ ਓ ਟੂਲ ਦੋਵੇਂ ਹੀ ਅਲਬਰਟਾ ਰੈਫਰੈਂਡਮ ਦਾ ਜ਼ਿਕਰ ਕਰਨ ਤੋਂ ਗੁਰੇਜ਼ ਕਰ ਰਹੇ ਹਨ। ਕੀ ਬਿੱਲੀ ਵਾਗੂੰ ਅੱਖਾਂ ਬੰਦ ਕਰਕੇ ਦਿਨ ਦਿਹਾੜੇ ਪੈਦਾ ਹੋਏ ਖਤਰੇ ਦੇ ਸੰਕੇਤਾਂ ਤੋਂ ਬਚਿਆ ਜਾ ਸਕਦਾ ਹੈ?

# ਅਗਵਾ ਕਰਨ ਤੋਂ ਬਾਅਦ ਪਿਤਾ ਨੇ ਹੀ ਕੀਤਾ 3 ਸਾਲਾ ਬੱਚੀ ਦਾ ਕਤਲ

...ਪੰਨਾ 1 ਦਾ ਬਾਕੀ

ਸਵੇਰੇ 9:43 ਉੱਤੇ ਪੁਲਿਸ ਨੇ ਮਸ਼ਕੂਕ ਨੂੰ ਕਿੰਗ ਐਡਵਰਡ ਸਟਰੀਟ ਤੇ ਜੈਫਰਸਨ ਐਵਨਿਊ ਦੇ ਬਾਹਰ ਪਾਰਕ ਕੀਤੀ ਗਈ ਕਾਰ ਕੋਲੋਂ ਗ੍ਰਿਫਤਾਰ ਕਰ ਲਿਆ। ਬੱਚੀ ਕਾਰ ਵਿੱਚੋਂ ਹੀ ਮਿਲੀ ਪਰ ਚਾਕੂ ਮਾਰ ਕੇ ਉਸ ਨੂੰ ਜ਼ਖ਼ਮੀ ਕੀਤਾ ਜਾ ਚੁੱਕਿਆ ਸੀ। ਮੌਕੇ ਉੱਤੇ ਪੁਲਿਸ ਅਧਿਕਾਰੀਆਂ ਨੇ ਫਰਸਟ ਏਡ ਵੀ ਦਿੱਤੀ ਤੇ ਉਸ ਨੂੰ ਹਸਪਤਾਲ ਵੀ ਲਿਜਾਇਆ ਗਿਆ ਪਰ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਹੋਇਆਂ ਉਹ ਦਮ ਤੋੜ ਗਈ।ਮੁਰੇਅ ਨੇ ਆਖਿਆ ਕਿ ਇਹ ਬਹੁਤ ਹੀ ਦੁਖਦਾਈ ਘਟਨਾ ਹੈ ਤੇ ਦਿਲ ਦਹਿਲਾ ਦੇਣ ਵਾਲਾ ਕਾਰਾ ਹੈ।

ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿੱਚ ਕੋਈ ਐਂਬਰ ਐਲਰਟ ਜਾਰੀ ਨਹੀਂ ਕੀਤਾ ਗਿਆ ਕਿਉਂਕਿ ਸੱਭ ਕੁੱਝ ਮਿੰਟਾਂ ਵਿੱਚ ਹੀ ਵਾਪਰਿਆ। 28 ਸਾਲਾ ਫਰੈਂਕ ਨੌਸਿਗੀਮਾਨਾ ਨੂੰ ਫਰਸਟ ਡਿਗਰੀ ਮਰਡਰ ਦੇ ਚਾਰਜ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ। ਅਜੇ ਇਹ ਚਾਰਜ ਅਦਾਲਤ ਵਿੱਚ ਸਿੱਧ ਨਹੀਂ ਹੋਏ ਹਨ। ਉਸ ਨੂੰ ਹਿਰਾਸਤ ਵਿੱਚ ਰੱਖਿਆ ਗਿਆ ਹੈ। ਕਤਲ ਦੇ ਸਬੰਧ ਵਿੱਚ ਜਾਂਚ ਕੀਤੀ ਜਾ ਰਹੀ ਹੈ।

# ਬਰੈਂਪਟਨ ’ਚ ਨਵੀਆਂ ਚਾਈਲਡ ਕੇਅਰ ਸਪੇਸਿਜ਼ ਦਾ ਨਿਰਮਾਣ ਕਰੇਗੀ ਓਨਟਾਰੀਓ ਸਰਕਾਰ

...ਪੰਨਾ 1 ਦਾ ਬਾਕੀ

ਇਹ ਪ੍ਰੋਜੈਕਟ ਪ੍ਰੋਵਿੰਸ ਦੇ ਕੈਪੀਟਲ ਇਨਵੈਸਟਮੈਂਟ ਪ੍ਰੋਗਰਾਮ ਦਾ ਹੀ ਹਿੱਸਾ ਹਨ ਤੇ ਇਨ੍ਹਾਂ ਨਾਲ ਓਨਟਾਰੀਓ ਦੇ ਪਰਿਵਾਰਾਂ ਲਈ ਵਧੇਰੇ ਚਾਈਲਡ ਕੇਅਰ ਸਪੇਸਿਜ਼ ਦਾ ਨਿਰਮਾਣ ਹੋਵੇਗਾ।

ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਆਖਿਆ ਕਿ ਕੰਮਕਾਜੀ ਮਾਪਿਆਂ ਲਈ ਚਾਈਲਡ ਕੇਅਰ ਕਾਫੀ ਅਹਿਮ ਹੈ ਤੇ ਇਹ ਓਨਟਾਰੀਓ ਦੀ ਆਰਥਿਕ ਰਿਕਵਰੀ ਲਈ ਕਾਫੀ ਮਦਦਗਾਰ ਹੋਵੇਗਾ। ਇਕੋਲ ਐਲੀਮੈਂਟੇਅਰ ਪਬਲਿਕ ਕੇਅਰਫੋਰ ਡੈਸ ਜਿਊਨਜ਼ ਤੇ ਮੈਸੀ ਸਟਰੀਟ ਪਬਲਿਕ ਸਕੂਲ ਵਿਖੇ ਵਾਧੂ ਚਾਈਲਡ ਕੇਅਰ ਸਪੇਸਿਜ਼ ਦੀ ਉਸਾਰੀ ਨੂੰ ਫੰਡ ਦੇ ਕੇ ਸਾਡੀ ਸਰਕਾਰ ਨਵੇਂ ਬਦਲ ਖੋਲ੍ਹ ਰਹੀ ਹੈ ਤੇ ਬਰੈਂਪਟਨ ਦੇ ਪਰਿਵਾਰਾਂ ਦੀ ਅਸਲ ਮਦਦ ਕਰ ਰਹੀ ਹੈ ਤੇ ਇਸ ਦੇ ਨਾਲ ਹੀ ਹਰੇਕ ਬੱਚੇ ਨੂੰ 1500 ਡਾਲਰ ਦੇ ਹਿਸਾਬ ਨਾਲ ਓਨਟਾਰੀਓ ਚਾਈਲਡ ਕੇਅਰ ਟੈਕਸ ਕ੍ਰੈਡਿਟ ਦੇਣ ਉੱਤੇ ਵੀ ਧਿਆਨ ਕੇਂਦਰਿਤ ਕੀਤਾ ਜਾਵੇਗਾ।

ਇਸ ਦੌਰਾਨ ਬਰੈਂਪਟਨ ਵੈਸਟ ਤੋਂ ਐਮਪੀਪੀ ਅਮਰਜੋਤ ਸੰਧੂ ਨੇ ਆਖਿਆ ਕਿ ਉਨ੍ਹਾਂ ਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਬਰੈਂਪਟਨ ਦੇ ਪਰਿਵਾਰਾਂ ਲਈ ਸਰਕਾਰ ਵੱਡਾ ਨਿਵੇਸ਼ ਕਰਨ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਬਰੈਂਪਟਨ ਵਾਸੀ ਕਾਫੀ ਮਿਹਨਤ ਕਰਦੇ ਹਨ ਤੇ ਉਹ ਬਿਹਤਰ ਚਾਈਲਡ ਕੇਅਰ ਦੇ ਵੀ ਹੱਕਦਾਰ ਹਨ ਤੇ ਸਾਡੀ ਆਰਥਿਕ ਰਿਕਵਰੀ ਵੀ ਇਨ੍ਹਾਂ ਕਮਿਊਨਿਟੀਜ਼ ਉੱਤੇ ਹੀ ਨਿਰਭਰ ਕਰਦੀ ਹੈ। ਇਸ ਮੌਕੇ ਬਰੈਂਪਟਨ ਸਾਊਥ ਤੋਂ ਐਮਪੀਪੀ ਤੇ ਖਜ਼ਾਨਾ ਬੋਰਡ ਦੇ ਪ੍ਰਧਾਨ ਪ੍ਰਭਮੀਤ ਸਰਕਾਰੀਆ ਨੇ ਆਖਿਆ ਕਿ ਇਸ ਤਰ੍ਹਾਂ ਚਾਈਲਡ ਕੇਅਰ ਨਿਵੇਸ਼ ਕਰਕੇ ਸਾਡੀ ਸਰਕਾਰ ਬਰੈਂਪਟਨ ਦੇ ਪਰਿਵਾਰਾਂ ਦੀ ਮਦਦ ਕਰ ਰਹੀ ਹੈ ਤੇ ਇਹ ਯਕੀਨੀ ਬਣਾ ਰਹੀ ਹੈ ਕਿ ਸਾਡੇ ਬੱਚੇ ਪੂਰੀ ਚੰਗੀ ਤਰ੍ਹਾਂ ਵਧ ਫੁੱਲ ਸਕਣ।ਉਨ੍ਹਾਂ ਆਖਿਆ ਕਿ ਇਸ ਨਾਲ ਸਾਡੀ ਕਮਿਊਨਿਟੀ ਦੀ ਆਰਥਿਕ ਰਿਕਵਰੀ ਵਿੱਚ ਮਦਦ ਹੋਵੇਗੀ ਤੇ ਮਾਪਿਆਂ ਨੂੰ ਕੰਮ ਉੱਤੇ ਜਾਣ ਵਿੱਚ ਮਦਦ ਮਿਲੇਗੀ ਤੇ ਉਨ੍ਹਾਂ ਦੇ ਬੱਚਿਆਂ ਦਾ ਸਮੁੱਚਾ ਵਿਕਾਸ ਹੋ ਸਕੇਗਾ।

ਇਕੋਲ ਐਲੀਮੈਂਟੇਅਰ ਪਬਲਿਕ ਕੈਰੇਫਰ ਡੈਸ ਜਿਊਨਜ਼ ਵਿਖੇ ਚਾਈਲਡ ਕੇਅਰ ਸੈਂਟਰ ਦੀਆਂ ਹਾਈਲਾਈਟਸ ਹੇਠ ਲਿਖੇ ਅਨੁਸਾਰ ਹੋਣਗੀਆਂ :

- 49 ਨਵੀਆਂ ਚਾਈਲਡ ਕੇਅਰ ਸਪੇਸਿਜ਼
- 3 ਨਵੇਂ ਚਾਈਲਡ ਕੇਅਰ ਰੂਮਜ਼
- 1 ਨਵਾਂ ਅਰਲੀਆਨ ਚਾਈਲਡ ਐਂਡ ਫੈਮਿਲੀ ਸੈਂਟਰ ਰੂਮ


ਮੈਸੀ ਸਟਰੀਟ ਪਬਲਿਕ ਸਕੂਲ ਦੀਆਂ ਹਾਈਲਾਈਟਸ ਹੇਠ ਲਿਖੇ ਅਨੁਸਾਰ ਹੋਣਗੀਆਂ :

- 49 ਨਵੀਆਂ ਚਾਈਲਡ ਕੇਅਰ ਸਪੇਸਿਜ਼
- 3 ਨਵੇਂ ਚਾਈਲਡ ਕੇਅਰ ਰੂਮਜ਼

# ਐਗਲਿੰਟਨ ਵਿੱਚ ਕਾਰ ਹਾਦਸਾਗ੍ਰਸਤ, 1 ਹਲਾਕ, 1 ਜ਼ਖ਼ਮੀ

ਓਨਟਾਰੀਓ, 8 ਜੁਲਾਈ (ਪੋਸਟ ਬਿਊਰੋ) : ਬੁੱਧਵਾਰ ਰਾਤ ਨੂੰ ਐਗਲਿੰਟਨ ਗੋ ਸਟੇਸ਼ਨ ਦੇ ਪਾਰਕਿੰਗ ਲੌਟ ਨੇੜੇ ਇੱਕ ਗੱਡੀ ਦੇ ਹਾਦਸਾਗ੍ਰਸਤ ਹੋਣ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ ਤੇ ਇੱਕ ਮਹਿਲਾ ਜ਼ਖ਼ਮੀ ਹੋ ਗਈ।

ਪੁਲਿਸ ਨੂੰ ਐਗਲਿੰਟਨ ਐਵਨਿਊ ਈਸਟ ਤੇ ਮੈਕਕੌਵਨ ਰੋਡ ਨੇੜੇ ਰਾਤੀਂ 8:45 ਉੱਤੇ ਸੱਦਿਆ ਗਿਆ। ਦੱਸਿਆ ਗਿਆ ਕਿ ਇੱਕ ਕਾਰ ਮੋੜ ਮੁੜਦੇ ਸਮੇਂ ਬੇਕਾਬੂ ਹੋ ਕੇ ਝਾੜੀਆਂ ਵਿੱਚ ਜਾ ਡਿੱਗੀ।ਪੈਰਾਮੈਡਿਕਸ ਨੇ ਗੱਡੀ ਵਿੱਚ ਸਵਾਰ ਪੁਰਸ਼ ਤੇ ਮਹਿਲਾ ਨੂੰ ਹਸਪਤਾਲ ਪਹੁੰਚਾਇਆ। ਦੋਵੇਂ ਆਪਣੇ 40ਵਿਆਂ ਵਿੱਚ ਸਨ। ਪੁਰਸ਼ ਨੂੰ ਗੰਭੀਰ ਸੱਟਾਂ




ਲੱਗੀਆਂ ਸਨ ਤੇ ਮਹਿਲਾ ਦੀਆਂ ਸੱਟਾਂ ਐਨੀਆਂ ਜਾਨਲੇਵਾ ਨਹੀਂ ਸਨ। ਬਾਅਦ ਵਿੱਚ ਪੁਰਸ਼ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਇਹ ਹਾਦਸਾ ਕਿਉਂ ਤੇ ਕਿਵੇਂ ਹੋਇਆ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer<br>Marketing: | Aman Warraich<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਨੌਰਥ ਯੌਰਕ ਵਿੱਚ ਵਿਅਕਤੀ ਦਾ ਕਤਲ ਕਰਨ ਵਾਲੇ ਮਸ਼ਕੂਕਾਂ ਦੀ ਫੁਟੇਜ ਪੁਲਿਸ ਵੱਲੋਂ ਜਾਰੀ



ਟੋਰਾਂਟੋ, 8 ਜੁਲਾਈ (ਪੋਸਟ ਬਿਊਰੋ) : ਇਸ ਮਹੀਨੇ ਦੇ ਸ਼ੁਰੂ ਵਿੱਚ ਨੌਰਥ ਯੌਰਕ ਵਿੱਚ ਹੋਈ ਸ਼ੂਟਿੰਗ ਲਈ ਜ਼ਿੰਮੇਵਾਰ ਤਿੰਨ ਮਸ਼ਕੂਕਾਂ ਦੀ ਸਕਿਊਰਿਟੀ ਕੈਮਰਾ ਫੁਟੇਜ ਪੁਲਿਸ ਵੱਲੋਂ ਜਾਰੀ ਕੀਤੀ ਗਈ ਹੈ। ਇਸ ਸ਼ੂਟਿੰਗ ਵਿੱਚ 32 ਸਾਲਾ ਵਿਅਕਤੀ ਦੀ ਮੌਤ ਹੋ ਗਈ ਸੀ।

ਚੌਵਾਅਨ ਜੋਨਜ਼ ਰਾਤੀਂ 1:00 ਵਜੇ ਵਰਨਡੋਮ ਪਲੇਸ ਤੇ ਗ੍ਰੈਨੋਬਲ ਡਰਾਈਵ ਨੇੜੇ ਇੱਕ ਰਿਹਾਇਸ਼ੀ ਅਪਾਰਟਮੈਂਟ ਦੀ ਬਿਲਡਿੰਗ ਦੀ ਲੌਬੀ ਵਿੱਚ ਸੀ ਜਦੋਂ ਤਿੰਨ ਵਿਅਕਤੀਆਂ ਨੇ ਉੱਥੇ ਪਹੁੰਚ ਕੇ ਗੋਲੀਆਂ ਚਲਾਈਆਂ। ਉਸ ਨੂੰ ਗੋਲੀ ਲੱਗੀ ਤੇ ਉਸ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ।ਪੁਲਿਸ ਨੇ ਦੱਸਿਆ ਕਿ ਜਦੋਂ ਮਸ਼ਕੂਕ ਉਸ ਇਲਾਕੇ ਵਿੱਚੋਂ ਜਾ ਰਹੇ ਸਨ ਤਾਂ ਉਨ੍ਹਾਂ ਹੋਰ ਗੋਲੀਆਂ ਚਲਾਈਆਂ।ਇਨ੍ਹਾਂ ਵਿੱਚੋਂ ਇੱਕ ਗੋਲੀ ਇੱਕ ਮਹਿਲਾ ਦੀ ਲੱਤ ਵਿੱਚ ਲੱਗੀ ਤੇ ਇੱਕ ਹੋਰ ਗੋਲੀ ਤੀਜੇ ਵਿਅਕਤੀ ਨੂੰ ਲੱਗੀ। ਦੋਵਾਂ ਦਾ ਇਲਾਜ ਹਸਪਤਾਲ ਵਿੱਚ ਕਰਵਾਇਆ ਗਿਆ। ਚੌਥਾ ਵਿਅਕਤੀ ਟੁੱਟੇ ਹੋਏ ਸ਼ੀਸ਼ੇ ਕਾਰਨ ਜ਼ਖ਼ਮੀ ਹੋ ਗਿਆ।

ਪੁਲਿਸ ਨੇ ਦੱਸਿਆ ਕਿ ਮਸ਼ਕੂਕ ਹੌਂਡਾ ਸੀਆਰਵੀ ਵਿੱਚ ਫਰਾਰ ਹੋ ਗਏ ਤੇ ਪੁਲਿਸ ਨੂੰ ਇਹ ਗੱਡੀ ਯੌਰਕ ਰੀਜਨ ਵਿੱਚ ਮਿਲੀ। ਵੀਰਵਾਰ ਨੂੰ ਜਾਂਚਕਾਰਾਂ ਨੇ ਤਿੰਨ ਮਸ਼ਕੂਕਾਂ ਦੀ ਵੀਡੀਓ ਜਾਰੀ ਕੀਤੀ ਹੈ। ਵੀਡੀਓ ਵਿੱਚ ਤਿੰਨ ਵਿਅਕਤੀ ਕਿਸੇ ਪਾਰਕਿੰਗ ਲੌਟ ਵਿੱਚੋਂ ਲੰਘਦੇ ਨਜ਼ਰ ਆ ਰਹੇ ਹਨ। ਪਰ ਉਨ੍ਹਾਂ ਦੇ ਚਿਹਰੇ ਨਜ਼ਰ ਨਹੀਂ ਆ ਰਹੇ। ਪੁਲਿਸ ਅਨੁਸਾਰ ਪਹਿਲਹੇ ਮਸ਼ਕੂਕ ਦਾ ਰੰਗ ਵੀ ਸਾਫ ਹੈ ਤੇ ਕੱਦ ਕਾਠੀ ਪਤਲੀ ਹੈ। ਉਸ ਨੂੰ ਆਖਰੀ ਵਾਰੀ ਹਲਕੇ ਰੰਗ ਦੀ ਹੁਡੀ ਤੇ ਹਲਕੇ ਰੰਗ ਦੀ ਪੈਂਟ ਪਾਇਆਂ ਵੇਖਿਆ ਗਿਆ। ਦੂਜਾ ਮਸ਼ਕੂਕ ਵੀ ਰੰਗ ਦਾ ਸਾਫ ਹੈ, ਉਸ ਦੀ ਕੱਦ ਕਾਠੀ ਦਰਮਿਆਨੀ ਹੈ ਤੇ ਉਸ ਨੇ ਕਾਲੇ ਰੰਗ ਦੀ ਹੁਡੀ ਤੇ ਕਾਲੀ ਪੈਂਟ ਪਾਈ ਹੋਈ ਹੈ। ਤੀਜਾ ਮਸ਼ਕੂਕ ਦਰਮਿਆਨੀ ਤੋਂ ਭਾਰੀ ਕੱਦ ਕਾਠੀ ਵਾਲਾ ਦੱਸਿਆ ਜਾਂਦਾ ਹੈ। ਉਸ ਨੇ ਕਾਲੇ ਰੰਗ ਦੀ ਹੁਡੀ ਨਾਲ ਕਾਲੀ ਪੈਂਟ ਪਾਈ ਹੋਈ ਹੈ। ਇਸ ਸਬੰਧ ਵਿੱਚ ਜਾਣਕਾਰੀ ਰੱਖਣ ਵਾਲੇ ਨੂੰ ਪੁਲਿਸ ਨਾਲ ਸੰਪਰਕ ਕਰਨ ਲਈ ਆਖਿਆ ਗਿਆ ਹੈ।

# ਭਾਰਤ ਵਿੱਚ ਪੈਟਰੋਲ, ਡੀਜ਼ਲ ਤੇ ਰਸੋਈ ਗੈਸ ਦੀਆਂ ਕੀਮਤਾਂ ਖ਼ਿਲਾਫ਼ ਲੋਕ ਸੜਕਾਂ ਉੱਤੇ



ਚੰਡੀਗੜ੍ਹ, 8 ਜੁਲਾਈ, (ਪੋਸਟ ਬਿਊਰੋ)- ਸੰਯੁਕਤ ਕਿਸਾਨ ਮੋਰਚਾ ਦੇ ਸੱਦੇ ਉੱਤੇ ਅੱਜ ਪੈਟਰੋਲ, ਡੀਜ਼ਲ ਅਤੇ ਰਸੋਈ ਗੈਸ ਦੀਆਂ ਵਧੀਆਂ ਕੀਮਤਾਂ ਖ਼ਿਲਾਫ਼ ਦੇਸ਼ ਭਰ ਦੇ ਕਿਸਾਨਾਂ ਨੇ ਸੜਕਾਂ ਉੱਤੇ ਪ੍ਰਦਰਸ਼ਨ ਕੀਤਾ। ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਸਣੇ ਕਿਸਾਨ ਵੱਧ ਰਹੀ ਮਹਿੰਗਾਈ ਖ਼ਿਲਾਫ਼ ਟਰੈਕਟਰਾਂ, ਸਕੂਟਰਾਂ, ਮੋਟਰਸਾਈਕਲਾਂ, ਕਾਰਾਂ ਅਤੇ ਵੱਖ-ਵੱਖ ਵਾਹਨਾਂ ਅਤੇ ਖਾਲੀ ਗੈਸ ਸਿਲੰਡਰਾਂ ਨਾਲ ਸੜਕਾਂ ਕੰਢੇ ਆਣ ਖੜੋਤੇ।

ਅੱਜ ਦੇ ਇਸ ਪ੍ਰਦਰਸ਼ਨ ਦੀ ਸਲਾਹੁਣ ਯੋਗ ਗੱਲ ਇਹ ਸੀ ਕਿ ਕਿਸਾਨਾਂ ਨੂੰ ਆਮ ਲੋਕਾਂ ਦਾ ਸਮਰਥਨ ਮਿਲਿਆ ਅਤੇ ਟਰੈਫਿਕ ਵਿੱਚ ਰੁਕਾਵਟ ਨਹੀਂ ਪਾਈ ਗਈ। ਉਨ੍ਹਾਂ ਨੇ ਸੜਕ ਕੰਢੇ ਖੜੇ ਹੋ ਕੇ ਅਤੇ ਧਰਨਿਆਂ ਵਿੱਚ ਸ਼ਾਂਤਮਈ ਢੰਗ ਨਾਲ ਮਹਿੰਗਾਈਦਾ ਵਿਰੋਧ ਕੀਤਾ। ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰਸਰਕਾਰ ਨੇ ਪਹਿਲਾਂ ਤਿੰਨ ਖੇਤੀ ਕਾਨੂੰਨ ਲਿਆ ਕੇ ਕਿਸਾਨੀ ਨੂੰ ਤਬਾਹ ਕਰਨ ਦਾ ਰਾਹ ਫੜਿਆ ਤੇ ਫਿਰ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਘਟਣ ਦੇ ਬਾਵਜੂਦ ਭਾਰਤ ਵਿੱਚ ਤੇਲ ਦੀਆਂ ਕੀਮਤਾਂ ਲਗਾਤਾਰ ਵਧੀ ਜਾਂਦੀਆਂ ਹਨਤੇ ਦੂਸਰੇ ਪਾਸੇ ਗੈਸ ਸਿਲੰਡਰਾਂ ਦੀ ਕੀਮਤ ਵਧ ਰਹੀ ਹੈ। ਇਸ ਮੌਕੇ ਕਿਸਾਨ ਮਜ਼ਦੂਰ, ਨੌਜਵਾਨ, ਵਿਦਿਆਰਥੀ, ਔਰਤਾਂ, ਮੁਲਾਜ਼ਮ, ਦੁਕਾਨਦਾਰ, ਟਰਾਂਸਪੋਰਟਰ, ਵਪਾਰੀ ਅਤੇ ਹਰ ਵਰਗ ਦੇ ਲੋਕ ਇਸ ਰੋਸ ਵਿੱਚ ਸ਼ਾਮਲ ਸਨ।

# ਅਮਰੀਕਾ ਦੇ 36 ਰਾਜਾਂ ਨੇ ਗੂਗਲ ਉੱਤੇ ਕੇਸ ਕੀਤਾ

ਵਾਸ਼ਿੰਗਟਨ, 8 ਜੁਲਾਈ, (ਪੋਸਟ ਬਿਊਰੋ)- ਇੰਟਰਨੈੱਟ ਸਰਚ ਇੰਜਣ ਗੂਗਲ ਦੇ ਖਿਲਾਫ ਅਮਰੀਕਾ ਦੇ 36 ਰਾਜਾਂਅਤੇ ਜ਼ਿਲਾ ਕੋਲੰਬੀਆ ਨੇ ਫੈਡਰਲ ਅਦਾਲਤ ਵਿੱਚਕੇਸ ਦਰਜ ਕਰਾਇਆ ਹੈ।




ਗੂਗਲ ਉੱਤੇ ਦੋਸ਼ ਹੈ ਕਿ ਉਸ ਨੇ ਆਪਣੇ ਮੋਬਾਈਲ ਐਪ ਸਟੋਰ ਦੀ ਦੁਰਵਰਤੋਂ ਕਰ ਕੇ ਆਪਣੀ ਬਾਜ਼ਾਰ ਸ਼ਕਤੀ ਵਧਾਈ ਹੈ। ਸਾਫਟਵੇਅਰ ਡਿਵੈੱਲਪਰਜ਼ ਸਖ਼ਤ ਨਿਯਮ-ਸ਼ਰਤਾਂ ਹੇਠਗੂਗਲ ਦੀਆਂ ਮਨਮਾਨੀਆਂ ਕਾਰਨ ਕਾਨੂੰਨੀ ਚੁਣੌਤੀ ਦਾ ਸ਼ਿਕਾਰ ਹੋ ਰਹੇ ਹਨ।ਗੂਗਲ ਦੇ ਖਿਲਾਫ ਅਕਤੂਬਰ ਤੋਂ ਬਾਅਦ ਅੱਜ ਤਕ ਫੈਡਰਲ ਅਦਾਲਤ ਵਿੱਚ ਇਨ੍ਹਾਂ ਕੰਪਨੀਆਂ ਦਾ ਬਰਾਬਰ ਉੱਚ ਰੇਟਾਂ ਵਿੱਚ ਵੇਚਣ ਦੇ ਕਾਨੂੰਨ ਹੇਠ ਚੌਥਾ ਕੇਸ ਹੈ। ਇਸ ਤੋਂ ਪਹਿਲਾਂ ਕੰਪਨੀ ਦੇ ਕਮਾਊ ਐਪ ਸਟੋਰ ਨੂੰ ਦੇ ਖਿਲਾਫ ਉਟਾ, ਨਾਰਥ ਕੈਰੋਲੀਨਾ, ਨਿਊਯਾਰਕ ਅਤੇ ਟੈਨੈਸੀ ਦੀ ਅਗਵਾਈ ਵਿੱਚ ਕੈਲੀਫੋਰਨੀਆ ਦੇ ਉਤਰੀ ਜ਼ਿਲੇ ਦੀ ਇੱਕ ਫੈਡਰਲ ਅਦਾਲਤ ਵਿੱਚ ਕੇਸ ਦਰਜ ਕੀਤਾ ਗਿਆ ਸੀ।ਗੂਗਲ ਦੇ ਖਿਲਾਫ ਇਹ ਕੇਸ ਲਿਆਉਣ ਵਾਲੇ ਮੋਬਾਈਲ ਐਪ ਦੇ ਡਿਵੈੱਲਪਰਜ਼ ਦਾ ਕਹਿਣਾ ਹੈ ਕਿ ਇਹ ਅਮਰੀਕੀ ਕੰਪਨੀ ਆਪਣੀ ਹੀ ਪ੍ਰਣਾਲੀ ਨਾਲ ਉਨ੍ਹਾਂ ਦੇ ਉਤਪਾਦਾਂ ਤੋਂ ਕੁਝ ਰਕਮ ਵਸੂਲਦੀ ਹੈ ਅਤੇਗੂਗਲ ਦੀ ਇਹ ਪ੍ਰਣਾਲੀ ਕਈ ਟਰਾਂਸਜੈਕਸ਼ਨ ਹੋਣ ਉੱਤੇ ਉਸ ਦਾ ਲਗਪਗ ਤੀਹ ਫੀਸਦੀ ਫੀਸ ਲੈਂਦੀ ਹੈ। ਇਸ ਨਾਲ ਡਿਵੈੱਲਪਰਜ਼ ਨੂੰ ਵੀ ਆਪਣੀਆਂ ਸੇਵਾਵਾਂ ਉੱਚੇ ਰੇਟਾਂ ਵਿੱਚ ਦੇਣੀ ਪੈਂਦੀਆਂ ਹਨ। ਇਸ ਕੇਸ ਵਿੱਚ ਇਨ੍ਹਾਂ ਸਭਗੱਲਾਂ ਦਾ ਜ਼ਿਕਰ ਕਰਦੇ ਹੋਏ ਕਿਹਾ ਗਿਆ ਕਿ ਗੂਗਲਦੇ ਆਪਣੇ ਐਂਡਰਾਈਡ ਸਮਾਰਟ ਅਪਰੇਟਿੰਗ ਸਿਸਟਮ ਵਿੱਚ ਮੋਬਾਈਲ ਐਪਸ ਦੀ ਵੰਡ ਉੱਤੇ ਉਸ ਦਾ ਪੂਰਾ ਕੰਟਰੋਲ ਹੋਣ ਦੀ ਸ਼ਿਕਾਇਤ ਕੀਤੀ ਹੈ।

ਇਸ ਕੇਸ ਨੂੰ ਨਿਰਾਧਾਰ ਦੱਸ ਕੇ ਗੂਗਲ ਨੇ ਕਿਹਾ ਕਿ ਅਟਾਰਨੀ ਜਨਰਲ ਨੇ ਵਿਰੋਧੀ ਐਪਲ ਸਟੋਰ ਉੱਤੇ ਨਹੀਂ,ਸਗੋਂ ਉਸ ਦੇ ਪਲੇਅ ਸਟੋਰ ਉੱਤੇ ਵਾਰ ਕੀਤਾ ਹੈ।ਗੂਗਲ ਦੀ ਪਬਲਿਕ ਪਾਲਸੀ ਦੇ ਸੀਨੀਅਰ ਡਾਇਰੈਕਟਰ ਵਿਲੀਅਮ ਵ੍ਹਾਈਟ ਨੇ ਕਿਹਾ ਕਿ ਇਹ ਕੇਸ ਕਿਸੇ ਛੋਟੇ ਲੜਕੇ ਨੂੰ ਬਚਾਉਣ ਜਾਂ ਉਪਭੋਗਤਾ ਦੀ ਸੁਰੱਖਿਆ ਦੇ ਲਈ ਨਹੀਂ, ਇਹ ਕੁਝ ਮੁੱਖ ਡਿਵੈੱਲਪਰਜ਼ ਬਾਰੇਹੈ, ਜੋ ਗੂਗਲ ਪਲੇਅ ਦਾ ਲਾਭ ਬਿਨਾਂ ਕੋਈ ਕੀਮਤ ਚੁਕਾਏ ਉਠਾਉਣਾ ਚਾਹੁੰਦੇ ਹਨ।

# ਸੁਪਰੀਮ ਕੋਰਟ ਨੇ ਕਿਹਾ: ਫੇਸਬੁੱਕ ਨੂੰ ਦਿੱਲੀ ਵਿਧਾਨਸਭਾ ਦੀ ਕਮੇਟੀ ਅੱਗੇ ਪੇਸ਼ ਹੋਣਾ ਹੋਵੇਗਾ

## * ਟਵਿੱਟਰ ਵੱਲੋਂ ਸ਼ਿਕਾਇਤ ਨਿਵਾਰਨ ਅਧਿਕਾਰੀ ਲਾਉਣ ਦਾ ਵਾਅਦਾ

ਨਵੀਂ ਦਿੱਲੀ, 8 ਜੁਲਾਈ, (ਪੋਸਟ ਬਿਊਰੋ)- ਦਿੱਲੀ ਵਿਧਾਨ ਸਭਾ ਦੀ ਕਮੇਟੀ ਦੇ ਫੇਸਬੁੱਕ ਨੂੰ ਆਪਣੀ ਇੱਕ ਕਮੇਟੀ ਅੱਗੇ ਪੇਸ਼ ਹੋਣ ਦੇ ਹੁਕਮਾਂ ਬਾਰੇ ਸੁਪਰੀਮ ਕੋਰਟ ਨੇ ਕਿਹਾ ਹੈ ਕਿ ਫੇਸਬੁੱਕ ਨੂੰ ਪੇਸ਼ ਹੋਣਾ ਹੀ ਹੋਵੇਗਾ, ਪਰ ਕਮੇਟੀ ਉਸ ਤੋਂ ਕਾਨੂੰਨ ਪ੍ਰਬੰਧ ਤੇ ਕਾਨੂੰਨੀ ਕਾਰਵਾਈ ਦੇ ਮੁੱਦਿਆਂ ਉੱਤੇ ਜਵਾਬ ਨਹੀਂ ਮੰਗੇਗੀ, ਜੋ ਕੇਂਦਰ ਦੇ ਅਧਿਕਾਰ ਖੇਤਰ ਵਿੱਚ ਹੈ।ਕੋਰਟ ਨੇ ਆਪਣੇ ਫੈਸਲੇ ਵਿੱਚ ਕਿਹਾ ਕਿ ਸਾਨੂੰ ਇਹ ਕਹਿਣ ਵਿੱਚ ਕੋਈ ਮੁਸ਼ਕਿਲ ਨਹੀਂ ਕਿ ਪਟੀਸ਼ਨਰ ਦੇ ਵਿਸ਼ੇਸ਼ ਅਧਿਕਾਰ ਦੇ ਸਬੰਧ ਵਿੱਚਅਸੀਂ ਤਰਕ ਤੋਂ ਪ੍ਰਭਾਵਿਤ ਨਹੀਂ, ਕਮੇਟੀ ਅੱਗੇ ਪੇਸ਼ ਹੋਣ ਦੇ ਬਦਲ ਉੱਤੇ ਵਿਵਾਦ ਨਹੀਂ ਹੋ ਸਕਦਾ, ਪਟੀਸ਼ਨਰ ਦੀ ਪਟੀਸ਼ਨ ਐਵੇਂ ਹੈ, ਕਿਉਂਕਿ ਸੰਮਨ ਜਾਰੀ ਕਰਨ ਤੋਂ ਇਲਾਵਾ ਹੋਰ ਕੁਝ ਨਹੀਂ ਹੋਇਆ।

ਇਸ ਮੌਕੇ ਸੁਪਰੀਮ ਕੋਰਟ ਨੇ ਕਿਹਾ ਕਿ ਦਿੱਲੀ ਵਿਧਾਨਸਭਾ ਦੀ ਕਮੇਟੀ ਨੂੰ ਕੇਂਦਰੀ ਕਾਨੂੰਨਾਂ ਦੇ ਅਧਿਕਾਰ ਖੇਤਰ ਦਾ ਉਲੰਘਣ ਕੀਤੇ ਬਿਨਾਂ ਸ਼ਾਂਤੀ ਨਾਲ ਸਬੰਧਤ ਕਿਸੇ ਵੀ ਮੁੱਦੇ ਉੱਤੇ ਜਾਣਕਾਰੀ ਲੈਣ ਦਾ ਅਧਿਕਾਰ ਹੈ, ਪਰ ਉਹ ਕੋਰਟ ਦੀ ਭੂਮਿਕਾ ਨਹੀਂ ਨਿਭਾ ਸਕਦੀ ਤੇ ਸਿੱਧਾ ਚਾਰਜਸ਼ੀਟ ਪੇਸ਼ ਨਹੀਂ ਕਰ ਸਕਦੀ।ਫੇਸਬੁੱਕ ਅਧਿਕਾਰੀ ਸਵਾਲਾਂ ਦੇ ਜਵਾਬ ਨਾ ਦੇਣਾ ਚੁਣ ਸਕਦੇ ਹਨ, ਪਰਫੇਸਬੁੱਕ ਨੂੰ ਚਾਰਜਸ਼ੀਟ ਵਿੱਚ ਦੋਸ਼ੀ ਬਣਾਉਣ ਬਾਰੇ ਕਮੇਟੀ ਵੱਲੋਂ ਦਿੱਤੇ ਬਿਆਨ ਉਸ ਦੇ ਘੇਰੇ ਤੋਂ ਬਾਹਰ ਹਨ। ਕਮੇਟੀ ਦੇ ਬਿਆਨ ਜਾਂਚ ਦੀ ਨਿਰਪੱਖਤਾ ਵਾਲੇ ਨਹੀਂ ਹਨ।

ਦੂਸਰੇ ਪਾਸੇ ਟਵਿੱਟਰ ਨੇ ਅੱਜਦਿੱਲੀਹਾਈ ਕੋਰਟ ਨੂੰ ਦੱਸਿਆ ਹੈ ਕਿ ਉਸ ਨੂੰ ਸ਼ਿਕਾਇਤ ਨਿਵਾਰਨ ਅਧਿਕਾਰੀ ਨਿਯੁਕਤ ਕਰਨ ਵਿੱਚ 8 ਹਫ਼ਤੇ ਦਾ ਸਮਾਂ ਲੱਗੇਗਾ।ਵਰਨਣ ਯੋਗ ਹੈ ਕਿ ਦਿੱਲੀਹਾਈ ਕੋਰਟ ਨੇ ਮੰਗਲਵਾਰ ਨੂੰ ਟਵਿੱਟਰ ਨੂੰ 8 ਜੁਲਾਈ ਤੱਕ ਇਹ ਦੱਸਣ ਨੂੰ ਕਿਹਾ ਸੀ ਕਿ ਨਵੇਂ ਆਈ ਟੀ ਨਿਯਮਾਂ ਮੁਤਾਬਕ ਉਹ ਸਥਾਨਕ ਸ਼ਿਕਾਇਤ ਨਿਵਾਰਨ ਅਧਿਕਾਰੀ (ਆਰਜੀਓ) ਦੀ ਨਿਯੁਕਤੀ ਕਦੋਂ ਤਕ ਕਰੇਗਾ? ਟਵਿੱਟਰ ਨੇ ਅੱਜ ਕੋਰਟ ਨੂੰ ਇਹ ਦੱਸਿਆ ਕਿ ਉਹ ਆਈ ਟੀ ਨਿਯਮਾਂ ਦੇ ਪਾਲਣ ਵਿੱਚ ਭਾਰਤ ਵਿੱਚ ਇਕ ਸੰਪਰਕ ਦਫ਼ਤਰ ਸਥਾਪਤ ਕਰਨ ਵਾਲਾ ਹੈ।

# ਤਰਕਸ਼ੀਲ ਸੋਸਾਇਟੀ ਕਨੇਡਾ ਵਲੋਂ ਮੂਲ ਨਿਵਾਸੀਆਂ ਬਾਰੇ ਜ਼ੂਮ ਮੀਟਿੰਗ

ਬਰੈਂਪਟਨ: (ਡਾ ਬਲਜਿੰਦਰ ਸਿੰਘ ਸੇਖੋਂ) ਬੀਤੇ ਮਹੀਨੇ ਵੱਖ ਵੱਖ ਰੈਜ਼ੀਡੈਂਸ਼ੀਅਲ ਸਕੂਲਾਂ ਦੁਆਲੇ ਵੱਡੀ ਗਿਣਤੀ ਵਿਚ ਮਿਲੀਆਂ ਮੂਲ ਨਿਵਾਸੀ ਬੱਚਿਆਂ ਦੀਆਂ ਕਬਰਾਂ ਨੇ ਕਨੇਡਾ ਵਿਚ ਪ੍ਰਧਾਨ ਮੰਤਰੀ ਤੋਂ ਆਮ ਲੋਕਾਂ ਤੱਕ ਦਾ ਧਿਆਨ ਕਾਬਜ ਧਿਰਾਂ ਵਲੋਂ ਮੂਲ ਨਿਵਾਸੀਆਂ ਨਾਲ ਕੀਤੀਆਂ ਗਈਆਂ ਜਿਆਦਤੀਆਂ ਵੱਲ ਖਿਚਿਆ ਹੈ। ਤਰਕਸ਼ੀਲ ਸੋਸਾਇਟੀ ਕਨੇਡਾ ਵਲੋਂ ਇਸੇ ਸੰਧਰਵ ਵਿਚ ਬੀਤੇ ਐਤਵਾਰ ਇੱਕ ਵੈਬ ਸੈਮੀਨਾਰ ਕਰਵਾਇਆ ਗਿਆ ਜਿਸ ਵਿਚ ਵੱਡੀ ਗਿਣਤੀ ਵਿਚ ਕਨੇਡਾ ਭਰ ਵਿਚੋਂ ਤਰਕਸ਼ੀਲ ਸੁਸਾਇਟੀ ਦੇ ਮੈਂਬਰਾਂ ਨੇ ਹਿੱਸਾ ਲਿਆ। ਮੁੱਖ ਬੁਲਾਰੇ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਦੇ ਡਾ ਸਾਧੂ ਬਿਨਿੰਗ ਜੀ ਸਨ ਜਿਨ੍ਹਾਂ ਨੇ ਬਸਤੀਵਾਦੀ ਅੰਗਰੇਜ਼ ਹਕੂਮਤ ਵਲੋਂ ਮੂਲ ਨਿਵਾਸੀਆਂ ਦੇ ਕੁਦਰਤੀ ਸ੍ਰੋਤ, ਜਲ, ਜੰਗਲ, ਜ਼ਮੀਨ, ਧਾਤਾਂ, ਖਣਿੱਜ ਆਦਿ ਖੋਂਹਦਿਆਂ, ਉਨ੍ਹਾਂ ਨੂੰ ਸੱਭਿਅਕ ਬਣਾਉਣ ਦੇ ਨਾਮ ਤੇ, ਕੀਤੀ ਨਸਲਕੁਸ਼ੀ ਅਤੇ ਅਣਮਨੁੱਖੀ ਅਤਿਆਚਾਰ ਬਾਰੇ ਵਿਸਥਾਰ ਵਿਚ ਅਪਣੇ ਵਿਚਾਰ ਰੱਖੇ। ਡਾ ਬਿਨਿੰਗ ਦਾ ਕਹਿਣਾ ਸੀ ਕਿ ਵਿਦਿਆ ਦੀ ਜਿਮੇਵਾਰੀ ਧਾਰਮਿਕ ਸੰਸਥਾਵਾਂ ਨੂੰ ਸੌਂਪ ਕੇ ਮੂਲ ਨਿਵਾਸੀਆਂ ਨੂੰ ਕਨੇਡੀਅਨ ਸਮਾਜ ਵਿਚ ਸਮੋਣ ਦੇ ਮਨੋਰਥ ਨਾਲ ਸਰਕਾਰਾਂ ਨੇ ਬਚਿਆਂ ਨੂੰ ਉਨ੍ਹਾਂ ਦੀ ਮਾਂ ਬੋਲੀ, ਧਰਮ ਅਤੇ ਸਭਿਆਚਾਰ ਨਾਲੋਂ ਤੋੜਨ ਦਾ ਅਣਮਨੁੱਖੀ ਜਤਨ ਕੀਤਾ। ਬੱਚਿਆਂ ਦੇ ਖਸਤਾ ਰਹਿਣ ਸਹਿਣ ਅਤੇ ਅਨੁਸ਼ਾਸ਼ਨ ਬਣਾਈ ਰੱਖਣ ਦੇ ਨਾਂ ਤੇ ਕੀਤੇ ਜਾਂਦੇ ਸਖਤ ਵਰਤਾਰੇ ਦਾ ਨਤੀਜਾ ਅੱਜ ਸਾਰੀ ਦੁਨੀਆਂ ਦੇ ਸਾਹਮਣੇ, ਵੱਡੀ ਗਿਣਤੀ ਵਿਚ_ਮਿਲ ਰਹੀਆਂ ਕਬਰਾਂ ਦਰਸਾ ਰਹੀਆਂ ਹਨ, ਜਿਸ ਕਾਰਨ ਦੁਨੀਆਂ ਵਿਚ ਕਨੇਡਾ ਦਾ ਅਕਸ ਵਿਗੜ ਰਿਹਾ ਹੈ। ਹੁਣ ਵੀ ਬਚਪਨ ਸਮੇਂ ਇਨ੍ਹਾਂ ਸਕੂਲਾਂ ਦੀਆਂ ਜਿਆਦਤੀਆਂ ਦਾ ਸ਼ਿਕਾਰ ਬਹੁਤ ਸਾਰੇ ਵਿਅੱਕਤੀ ਮਾਨਸਿੱਕ ਪੀੜਾ ਸਹਿ ਰਹੇ ਹਨ। ਉਨ੍ਹਾਂ ਸਰਕਾਰ ਵਲੋਂ ਮੂਲ ਨਿਵਾਸੀਆਂ ਦੇ ਜੀਵਨ ਪੱਧਰ ਨੂੰ ਕਨੇਡਾ ਦੇ ਆਮ ਲੋਕਾਂ ਬਰਾਬਰ ਕਰਨ ਤੇ ਜੋਰ ਦਿੱਤਾ।

ਉਨ੍ਹਾ ਦੇ ਲੈਕਚਰ ਬਾਅਦ ਭਰਵੀ ਬਹਿਸ ਹੋਈ ਅਤੇ ਬਹੁਤ ਸਾਰੇ ਸੁਆਲ ਸਰੋਤਿਆਂ ਵਲੋਂ ਉਠਾਏ ਗਏ ਜਿਨ੍ਹਾਂ

ਦੇ ਡਾ ਬਨਿੰਗ ਵਲੋਂ ਢੁਕਵੇਂ ਜਵਾਬ ਦਿੱਤੇ ਗਏ।

ਸੈਮੀਨਾਰ ਸਮੇਂ ਅਤੇ ਉਸ ਤੋਂ ਅਗਲੇ ਦਿਨ ਸੋਸਾਇਟੀ ਦੀ ਕਾਰਜਕਰਨੀ ਦੀ ਇਸੇ ਮੁੱਦੇ ਤੇ ਕੀਤੀ ਮੀਟਿੰਗ ਦੌਰਾਨ ਸਰਕਾਰ ਤੋਂ ਮੰਗ ਕੀਤੀ ਗਈ ਕਿ ਕਨੇਡਾ ਸਰਕਾਰ, ਮੂਲ ਨਿਵਸੀਆਂ ਦੀਆਂ ਭਾਸ਼ਾਵਾਂ ਨੂੰ ਮਾਨਤਾ ਦੇਵੇ, ਉਨ੍ਹਾਂ ਨਾਲ ਕੀਤੇ ਸਾਰੇ ਵਾਇਦੇ ਪੂਰੇ ਕਰੇ, ਮੂਲ ਨਿਵਾਸੀਆਂ ਨੂੰ ਦਿਤੀਆਂ ਜਾਂਦੀਆਂ ਸਹੂਲਤਾਂ ਉਨ੍ਹਾਂ ਨੂੰ ਰਜ਼ਰਵ ਤੋਂ ਬਾਹਰ ਰਹਿਣ ਤੇ ਵੀ ਮਿਲਣ, ਰਿਜ਼ਰਵ ਇਲਾਕਿਆਂ ਵਿਚ ਸਾਫ ਪਾਣੀ, ਸਿਹਤ ਸੇਵਾਵਾਂ, ਚੰਗੀ ਵਿਦਿਆ ਅਤੇ ਰਹਿਣ ਦੀਆਂ ਸਹੂਲਤਾਂ ਮਹੱਈਆ ਕਰਵਾਈਆਂ ਜਾਣ ਅਤੇ ਸਿਖਿਆ ਵਿਚ ਕਿਸੇ ਵੀ ਧਾਰਮਿਕ ਜਥੇਬੰਦੀ ਦੀ ਦਖਲ ਅੰਦਾਜੀ ਬੰਦ ਕੀਤੀ ਜਾਵੇ। ਸੁਸਾਇਟੀ ਬਾਰੇ ਹੋਰ ਜਾਣਕਾਰੀ ਲੈਣ ਲਈ ਬਰੈਂਪਟਨ ਵਿਚ ਬਲਦੇਵ ਰਹਿਪਾ (416 881 7202) ਜਾਂ ਵੈਨਕੂਵਰ ਵਿਚ ਬਾਈ ਅਵਤਾਰ ਗਿੱਲ (604 728 7011) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

PUNJABI RANG RADIO



CAIO 530AM
11pm-12am
Every Saturday



Chamkaur Singh
Producer/ Host
Cell: 416 662 1313
Email: punjabirang13@hotmail.com

# ਸ਼ਾਲਾਂ ਸਦਾ 'ਆਬਾਦ' ਰਹੇ ਧਰਤ ਪੰਜਾਬ ਦੀ !



ਹਰਮਨਪ੍ਰੀਤ ਸਿੰਘ

ਸਾਨੂੰ ਸਾਡੇ ਪੁਰਖਿਆਂ ਪੰਜ ਦਰਿਆਵਾਂ ਦੀ ਧਰਤ ਪੰਜਾਬ "ਆਬਾਦ" ਸੌਂਪੀ ਸੀ, ਜ਼ਰਾ ਦਿਲ ਤੇ ਹੱਥ ਰੱਖ ਸੋਚਣਾ ਕੀ ਅਸੀ ਇਸ ਧਰਤ ਨੂੰ ਪੂਰਨ ਤੌਰ ਤੇ "ਆਬਾਦ" ਰੱਖ ਸਕੇ ਹਾਂ। ਪੰਜ ਦਰਿਆਵਾਂ ਦੀ ਇਹ ਧਰਤ ਪੰਜਾਬ ਅੱਜ "ਬੇ-ਆਬਾਦ" ਹੋਣ ਦੇ ਵੱਲ ਵਧ ਰਿਹਾ ਹੈ। ਮੌਜੂਦਾ ਮਨੁੱਖ ਕੁਦਰਤ ਵਲੋਂ ਬਖਸ਼ੇ ਪਾਣੀ ਰੂਪੀ ਸੋਮੇ ਗੰਧਲੇ ਕਰ ਬੈਠਾ ਹੈ ਅਤੇ ਸਭ ਕੁਜ ਜਾਣਦੇ, ਸਮਝਦੇ ਹੋਏ ਅਣਜਾਣ ਬਾਣੀ ਬੈਠੇ ਹਾਂ। ਸਾਡੇ ਮਨੁੱਖੀ ਸਰੀਰ ਵਿਚ ਤਕਰੀਬਨ ਸੱਤਰ ਫ਼ੀਸਦੀ ਤੋਂ ਲੈਕੇ ਪਚੱਤਰ ਫ਼ੀਸਦੀ ਤੱਕ ਪਾਣੀ ਹੁੰਦਾ ਹੈ ਪ੍ਰੰਤੂ "ਅਫ਼ਸੋਸ" ਅਸੀਂ ਪਾਣੀ ਦੀ ਕਦਰ ਕਰਨੀ ਨਾ ਸਿੱਖ ਸਕੇ। ਦਰਿਆਵਾਂ ਦੇ ਪਾਣੀ ਨੂੰ ਗੰਦਲਾ ਕਰਨ ਦੇ ਨਾਲ-ਨਾਲ ਮਨੁੱਖ ਨੇ ਧਰਤੀ ਹੇਠਲੇ ਬੇਸ਼ਕੀਮਤੀ ਪਾਣੀ ਦਾ ਦੁਰਉਪਯੋਗ ਕਰ ਪਾਣੀ ਦਾ ਪੱਧਰ ਹੇਠਾਂ ਪਹੁੰਚਾਉਣ "ਚ ਵੀ ਕੋਈ ਕਸਰ ਬਾਕੀ ਨਹੀਂ ਛੱਡੀ ! ਇਕ ਅੰਦਾਜ਼ੇ ਮੁਤਾਬਕ ਜੇਕਰ ਮੌਜੂਦਾ ਸਮੇਂ ਪਾਣੀ ਦੀ ਸੰਭਾਲ ਜੰਗੀ ਪੱਧਰ ਤੇ ਨਾ ਕੀਤੀ ਗਈ ਤਾਂ ਸੰਨ 2040-45 ਤੱਕ ਪੰਜ ਦਰਿਆਵਾਂ ਦੀ ਧਰਤ ਪੰਜਾਬ ਅਖ਼ਵਾਉਣ ਵਾਲੀ ਧਰਤੀ ਅਤੇ ਗੁਆਂਢੀ ਸੂਬੇਆ ਦੇ ਵਧੇਰੇ ਹਿੱਸੇ ਪਾਣੀ ਦੀ ਕਮੀ ਕਾਰਨ ਬੰਜਰ ਹੋ ਜਾਣਗੇ। ਮੈਨੂੰ ਯਾਦ ਹੈ ਅਸੀ ਸੰਨ 1990-91 "ਚ ਪਾਣੀ ਲਈ ਨਲਕਾ ਲਗਵਾਇਆ ਸੀ। ਉਸ ਵਕਤ ਘਰੇਲੂ ਵਰਤੋਂ ਲਈ ਪੀਣ ਲਈ ਸਾਫ਼ ਪਾਣੀ ਤਕਰੀਬਨ 35-40 ਫੁੱਟ ਦੇ ਪੱਤਣ ਤੇ ਨਿਕਲ ਆਉਂਦਾ ਸੀ, ਪ੍ਰੰਤੂ ਮੌਜੂਦਾ ਸਮੇਂ ਪੀਣ ਯੋਗ ਪਾਣੀ ਤਕਰੀਬਨ 250-300 ਫੁੱਟ ਦੇ ਪੱਤਣ ਤੇ ਪਹੁੰਚ ਚੁੱਕਾ ਹੈ ਤੇ ਕਈ ਥਾਈਂ ਤਾਂ ਪਾਣੀ ਇਨਾਂ ਹੇਠਾਂ ਪਹੁੰਚ ਚੁੱਕਾ ਹੈ ਕਿ ਸੋਚ ਵੀ ਨਹੀਂ ਸਕਦੇ। ਪੰਜਾਬ ਦੇ ਦਰਿਆਈ ਪਾਣੀਆਂ ਨਾਲ ਲਗਭਗ 24-25% ਹੀ ਖੇਤੀ ਲਈ ਸਿੰਜਾਈ ਹੁੰਦੀ ਹੈ ਅਤੇ ਲਗਭਗ 70-72% ਦੇ ਕਰੀਬ ਖੇਤੀ ਹੇਠ ਰਕਬੇ ਦੀ ਸਿੰਜਾਈ ਲਈ "ਪੰਜ ਦਰਿਆਵਾਂ ਦੀ ਧਰਤ ਪੰਜਾਬ" ਧਰਤੀ ਹੇਠਲੇ ਬੇਸ਼ਕੀਮਤੀ ਪਾਣੀ ਕੱਢਣ ਲਈ ਮਜਬੂਰ ਹੈ। ਇੱਥੇ ਸਾਨੂੰ ਇਹ ਮੰਨਣਾ ਪਵੇਗਾ ਕਿ ਅਸੀ ਵਿਕਾਸ ਵੱਲ ਨਹੀਂ ਵਿਨਾਸ਼ ਵੱਲ ਜਾਅ ਰਹੇ ਹਾਂ, ਦੂਜੇ ਪਾਸੇ ਉਦਯੋਗਿਕ ਸ਼ਹਿਰਾਂ ਦਾ ਬੇਹੱਦ ਗੰਦਾ ਤੇ ਜ਼ਹਿਰੀਲਾ ਪਾਣੀ ਬਿਨ੍ਹਾਂ ਸੋਧੇ ਇਨ੍ਹਾਂ ਨਦੀਆਂ, ਦਰਿਆਵਾਂ "ਚ ਸੁੱਟਣਾ ਅਤਿ-ਨਿੰਦਣ ਯੋਗ ਹੈ। ਜਿਸ ਦੇ ਨਤੀਜੇ ਵਜੋਂ ਪਿਛਲੇ ਲੰਬੇ ਸਮੇਂ ਤੋਂ ਲੋਕ ਕੈਂਸਰ, ਕਾਲਾ ਪੀਲੀਆਂ ਆਦਿ ਵਰਗੀਆਂ ਭਿਆਨਕ ਬਿਮਾਰੀਆਂ ਨਾਲ ਮਰਨ ਲਈ ਮਜਬੂਰ ਹਨ। ਇਹ ਉਦਯੋਗਿਕ ਇਕਾਈਆਂ ਦੀ ਹੀ ਦੇਣ ਹੈ ਜੋ ਜ਼ਹਿਰੀਲਾ ਪਾਣੀ ਬਿਨ੍ਹਾਂ ਸੋਧੇ ਇਨ੍ਹਾਂ ਨਦੀਆਂ, ਦਰਿਆਵਾਂ "ਚ ਸੁੱਟ ਕੁਦਰਤ ਵਲੋਂ ਬਖਸ਼ੇ ਪਾਣੀ ਰੂਪੀ ਸੋਮੇ ਗੰਧਲੇ ਕਰ ਰਹੇ ਹਨ। ਬੜੀ ਦੁੱਖ ਦੀ ਗੱਲ ਹੈ ਕਿ ਹੁਣ ਤਾਂ ਪੰਜਾਬ ਤੋਂ ਰਾਜਸਥਾਨ ਜਾਂਦੀ ਟਰੇਨ ਦਾ ਨਾਮ ਹੀ ਕੈਂਸਰ ਟਰੇਨ ਪੈ ਗਿਆ ਹੈ, ਇਹ ਸਭ ਗਦਲੇ ਪਾਣੀ ਦੀ ਹੀ ਦੇਣ ਹੈ ਤੇ ਇਸ ਪਾਣੀ ਨੂੰ ਗਦਲੇ ਕਰਨ "ਚ ਅਹਿਮ ਯੋਗਦਾਨ ਉਦਯੋਗਿਕ ਇਕਾਈਆਂ ਦਾ ਹੈ ਜੋ ਮਨੁੱਖ ਨੂੰ ਮਾਰਨ ਦੇ ਨਾਲ-ਨਾਲ ਧਰਤੀ ਨੂੰ ਵੀ ਮਾਰ ਰਿਹਾ ਹੈ। ਅੱਜ ਪੰਜ ਦਰਿਆਵਾਂ ਦੀ ਜਰਖੇਜ਼ ਧਰਤੀ ਜੋ ਸਦੀਆਂ ਤੋਂ ਸਾਡੇ ਪੁਰਖਿਆਂ ਦੀ ਮਿਹਨਤ ਸਦਕਾ "ਆਬਾਦ" ਹੋਈ ਅਫ਼ਸੋਸ ਮਨੁੱਖੀ ਗਲਤੀਆਂ ਕਾਰਨ "ਬੇ-ਆਬਾਦ" ਹੋਣ ਵੱਲ ਵਧ ਰਹੀ ਹੈ। ਮੌਜੂਦਾ ਸਮਾਜਕ ਲੋਕਾ ਨੂੰ ਚਾਹੀਦਾ ਹੈ ਕਿ ਉਹ ਵਾਤਾਵਰਨ ਨੂੰ ਪਲੀਤ ਅਤੇ ਪ੍ਰਦੂਸ਼ਿਤ ਕਰਦੇ ਤੰਤਰ ਵਿਰੁੱਧ ਸਰਗਰਮ ਰਹਿਣ ਨਾਲ ਹੀ ਆਪਣੇ-ਆਪਣੇ ਪੱਧਰ ਤੇ ਪਾਣੀ, ਹਵਾ ਅਤੇ ਧਰਤ ਦੀ ਤੰਦਰੁਸਤੀ ਵਾਸਤੇ ਯਤਨਸ਼ੀਲ ਰਹਿਣ ਤਾਂ ਜੋ ਸਾਡੇ ਪੁਰਖਿਆਂ ਦੀ ਪੰਜ ਦਰਿਆਵਾਂ ਦੀ ਧਰਤ ਪੰਜਾਬ ਸਦਾ "ਆਬਾਦ" ਰਹੇ।

ਹਰਮਨਪ੍ਰੀਤ ਸਿੰਘ,
ਸਰਹਿੰਦ, ਜ਼ਿਲ੍ਹਾ: ਫ਼ਤਹਿਗੜ੍ਹ ਸਾਹਿਬ,
ਸੰਪਰਕ: 98550 10005

# ਸਾਡੀ ਭਾਰਤੀਆਂ ਦੀ ਦੌਲਤ ਕੁਝ ਲੋਕਾਂ ਵੱਲੋਂ ਨਿਗਲੀ ਜਾ ਰਹੀ ਹੈ

-ਆਕਾਰ ਪਟੇਲ-

ਚਾਰ ਸਾਲ ਪਹਿਲਾਂ ਤੱਕ ਭਾਰਤ ਸਰਕਾਰ 'ਸਭ ਤੋਂ ਤੇਜ਼ ਵਾਧੇ ਵਾਲੀ ਅਰਥ ਵਿਵਸਥਾ' ਦਾ ਮੁਹਾਵਰਾ ਵਰਤਦੀ ਹੁੰਦੀ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ 'ਵਿਸ਼ਵ ਅਰਥ ਵਿਵਸਥਾ' ਵਿੱਚ ਇੱਕ ਚਮਕਦਾ ਬਿੰਦੂ' ਵਰਗੇ ਮੁਹਾਵਰੇ ਨੂੰ ਦੁਹਰਾਇਆ ਤੇ 8 ਨਵੰਬਰ 2016 ਤੱਕ ਇਸ ਦੀ ਵਰਤੋਂ ਕੀਤੀ ਸੀ, ਜਦੋਂ ਉਨ੍ਹਾਂ ਨੇ ਨੋਟਬੰਦੀ ਉੱਤੇ ਆਪਣਾ ਭਾਸ਼ਣ ਦਿੱਤਾ ਸੀ। ਉਸ ਦੇ ਬਾਅਦ ਇਸ ਤਰ੍ਹਾਂ ਦੇ ਮੁਹਾਵਰੇ ਬਾਰੇ ਸੁਣਿਆ ਨਹੀਂ ਗਿਆ। ਅਰਥ ਵਿਵਸਥਾ ਬਾਰੇ ਵਧੇਰੇ ਗੱਲਬਾਤ ਹੀ ਨਹੀਂ ਹੋਈ ਤੇ ਪਿਛਲੇ ਚਾਰ ਸਾਲਾਂ ਵਿੱਚ ਇਸ ਉੱਤੇ ਕੋਈ ਚਰਚਾ ਨਹੀਂ ਹੋਈ। ਭਾਰਤੀ ਅਰਥ ਵਿਵਸਥਾ ਸੰਕਟ ਵਿੱਚ ਦੌੜ ਰਹੀ ਹੈ। ਇਸਦੇ ਵਾਧੇ ਉੱਤੇ ਰੋਕ ਲੱਗੀ ਹੈ। ਇਹ ਸਪੱਸ਼ਟ ਹੈ ਕਿ ਭਾਰਤ ਦੀ ਅਰਥ ਵਿਵਸਥਾ ਹਵਾ ਹੋ ਚੁੱਕੀ ਹੈ ਤੇ ਇਸ ਉੱਤੇ ਅਸੀਂ ਪੂਰੀ ਤਰ੍ਹਾਂ ਬੋਲਣਾ ਬੰਦ ਕਰ ਚੁੱਕੇ ਹਾਂ।

ਬੇਸ਼ੱਕ ਭਾਰਤ ਸਰਕਾਰ ਬੋਲਦੀ ਨਹੀਂ, ਕਿਉਂਕਿ ਉਹ ਮੰਨਦੀ ਹੈ ਕਿ ਸਮੱਸਿਆ ਹੈ ਹੀ ਨਹੀਂ, ਸਾਨੂੰ ਇਹ ਕੋਸ਼ਿਸ਼ ਸਮਝਣੀ ਚਾਹੀਦੀ ਹੈ ਕਿ ਭਾਰਤ ਨਾਲ ਕੀ ਹੋਇਆ ਹੈ? ਸਰਕਾਰੀ ਅੰਕੜਿਆਂ ਦੇ ਅਨੁਸਾਰ ਸਾਡੇ ਆਰਥਿਕ ਵਾਧੇ ਉੱਤੇ ਜਨਵਰੀ 2018 ਤੋਂ ਪਹਿਲਾਂ ਤੇਜ਼ੀ ਨਾਲ ਬ੍ਰੇਕ ਲੱਗ ਰਹੀ ਸੀ। ਇੱਥੇ ਕੁਝ ਕਾਰਨਾਂ ਕਰ ਕੇ ਸਾਨੂੰ ਅੱਜ ਇਸ ਦੇ ਵਾਧੇ ਦੀ ਆਸ ਨਹੀਂ। ਅਸੀਂ ਹੇਠਾਂ ਡਿੱਗ ਚੁੱਕੇ ਹਾਂ, ਜਿਸ ਤੋਂ ਬਾਹਰ ਆ ਨਹੀਂ ਸਕਦੇ। 2018 ਦੀਆਂ ਚਾਰ ਤਿਮਾਹੀਆਂ, 2019 ਦੀਆਂ ਚਾਰ ਅਤੇ 2020 ਦੀ ਪਹਿਲੀ ਤਿਮਾਹੀ ਵਿੱਚ ਅਸੀਂ ਡਿੱਗਦੇ ਗਏ। ਇਹ ਸਭ ਕੁਝ ਕੋਵਿਡ ਮਹਾਮਾਰੀ ਤੋਂ ਪਹਿਲਾਂ ਸੀ ਅਤੇ ਉਸ ਸਮੇਂ ਤੱਕ ਰਾਸ਼ਟਰੀ ਲਾਕਡਾਊਨ ਦਾ ਐਲਾਨ ਹੋ ਚੁੱਕਾ ਸੀ। ਅਸੀਂ ਪੂਰੀ ਤਰ੍ਹਾਂ ਵਾਧੇ ਨੂੰ ਰੋਕ ਦਿੱਤਾ।

ਸਰਕਾਰ ਨੇ ਸਾਨੂੰ ਇਹ ਨਹੀਂ ਦੱਸਿਆ ਕਿ ਆਖ਼ਿਰ ਕਿਉਂ ਸਾਡੀ ਅਰਥ ਵਿਵਸਥਾ ਖ਼ਿੱਲਰ ਚੁੱਕੀ ਹੈ। ਇਸ ਵਿਸ਼ੇ ਉੱਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੋਲਣਾ ਹੀ ਛੱਡ ਦਿੱਤਾ। ਫਿਰ 14 ਅਕਤੂਬਰ 2019 ਨੂੰ ਇੱਕ ਅਖ਼ਬਾਰ ਨੇ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਦੇ ਪਤੀ ਪਰਕਲਾ ਪ੍ਰਭਾਕਰ ਦਾ ਲਿਖਿਆ ਲੇਖ ਛਾਪਿਆ। ਅਰਥ ਵਿਵਸਥਾ ਦਾ ਮੁਲਾਂਕਣ ਕਰਦੇ ਹੋਏ ਉਨ੍ਹਾਂ ਨੇ ਲਿਖਿਆ, 'ਦੇਸ਼ ਵਿੱਚ ਸਾਰੇ ਪਾਸੇ ਆਰਥਿਕ ਗਿਰਾਵਟ ਦੇ ਬਾਰੇ ਉਤਸੁਕਤਾ ਹੈ, ਜਦ ਕਿ ਸਰਕਾਰ ਅਜੇ ਵੀ ਇਸ ਬਾਰੇ ਨਾਂਹ ਕਰਦੀ ਹੈ। ਇੱਕ ਦੇ ਬਾਅਦ ਇੱਕ ਖੇਤਰ ਗੰਭੀਰ ਚੁਣੌਤੀ ਪੂਰਵਕ ਸਥਿਤੀ ਵੱਲ ਨਜ਼ਰਾਂ ਦੌੜਾ ਰਿਹਾ ਹੈ। ਨਿੱਜੀ ਵਰਤੋਂ ਸੁੰਗੜ ਗਈ ਅਤੇ ਇਹ 18 ਤਿਮਾਹੀਆਂ ਉੱਤੇ 3.1 ਫ਼ੀਸਦੀ ਦੀ ਦਰ ਤੋਂ ਹੇਠਾਂ ਹੈ। ਪੇਂਡੂ ਵਰਤੋਂ ਨੇ ਵੀ ਡੂੰਘੀ ਛਾਲ ਮਾਰੀ ਹੈ ਅਤੇ ਇਹ ਸ਼ਹਿਰੀ ਗਿਰ-ਾਵਟ ਤੋਂ ਦੁੱਗਣੀ ਹੈ। ਸੂਖਮ ਅਤੇ ਲਘੂ ਉਦਯੋਗ ਦਾ ਕਰਜ਼ਾ ਜਿਉਂ ਦਾ ਤਿਉਂ ਖੜ੍ਹਾ ਹੈ। ਕੁਲ ਐਕਸਪੋਰਟ ਨੇ ਕੋਈ ਵੀ ਵਾਧਾ ਨਹੀਂ ਦਿਖਾਇਆ। ਜੀ ਡੀ ਪੀ ਵਾਧਾ ਛੇ ਸਾਲਾਂ ਦੇ ਹੇਠਲੇ ਪੱਧਰ ਉੱਤੇ ਹੈ ਅਤੇ ਵਿੱਤੀ ਸਾਲ 2020 ਦੀ ਪਹਿਲੀ ਤਿਮਾਹੀ ਨਾਲ ਇਸ ਨੇ ਪੰਜ ਫ਼ੀਸਦੀ ਦੀ ਮਾਮੂਲੀ ਦਰ ਰਜਿਸਟਰ ਕੀਤੀ ਹੈ। ਬੇਰੋਜ਼ਗਾਰੀ 45 ਸਾਲ ਦੇ ਸਭ ਤੋਂ ਉਚੇ ਪੱਧਰ ਉੱਤੇ ਹੈ। ਸਰਕਾਰ ਨੇ ਅਜੇ ਉਨ੍ਹਾਂ ਸੰਕੇਤਾਂ ਨੂੰ ਦਰਸਾਉਣਾ ਹੈ, ਜਿਸ ਵਿੱਚ ਇਹ ਕਹਿਣਾ ਚਾਹੇਗੀ ਕਿ ਅਰਥ ਵਿਵਸਥਾ ਨੂੰ ਬੀਮਾਰ ਕਰਨ ਵਾਲੀਆਂ ਚੀਜ਼ਾਂ ਉਸ ਦੀ ਪਕੜ ਵਿੱਚ ਹਨ।'

ਇਹ ਮਹਾਮਾਰੀ ਤੋਂ ਪਹਿਲਾਂ, 20 ਮਹੀਨੇ ਪਹਿਲਾਂ, 2020 ਦੀ ਮੰਦੀ ਅਤੇ ਕੋਵਿਡ ਦੀ ਦੂਸਰੀ ਲਹਿਰ ਤੋਂ ਪਹਿਲਾਂ ਦੀਆਂ ਗੱਲਾਂ ਹਨ। ਇਸ ਹਫ਼ਤੇ ਮੈਂ ਇੱਕ ਬਿਜ਼ਨੈਸ ਡੇਲੀ ਤੋਂ ਇੱਕ ਪੱਤਰ ਪ੍ਰਾਪਤ ਕੀਤਾ, ਜਿਸ ਵਿੱਚ ਪਿਛਲੇ ਵਿੱਤੀ ਸਾਲ ਲਈ ਸਥਿਤੀ ਬਾਰੇ ਕਿਹਾ ਗਿਆ, ਜਿਸ ਦੀ ਸਮਾਪਤੀ ਕੁਝ ਹਫ਼ਤੇ ਪਹਿਲਾਂ ਅਪ੍ਰੈਲ ਵਿੱਚ ਹੋਈ ਹੈ। ਖਪਤਕਾਰ ਦੀ ਖ਼ਰਚ ਕਰਨ ਦੀ ਸ਼ਕਤੀ 9 ਫ਼ੀਸਦੀ ਤੱਕ ਸੁੰਗੜੀ ਅਤੇ ਨਿਵੇਸ਼ 10 ਫ਼ੀਸਦੀ ਤੋਂ ਵੱਧ ਸੁੰਗੜਿਆ ਹੈ। ਵਿਨਿਰਮ-ਾਣ, ਸੇਵਾਵਾਂ ਅਤੇ ਨਿਰਮਾਣ ਨੇ ਆਪਣਾ ਮੁੱਲ ਗੁਆ ਦਿੱਤਾ ਹੈ, ਜੋ 8 ਫ਼ੀਸਦੀ ਰੇਂਜ ਵਿੱਚ ਆਉਂਦਾ ਹੈ। ਪਿਛਲੇ ਵਿੱਤੀ ਸਾਲ ਵਿੱਚ ਜੋ ਕੁਝ ਵਾਪਰਿਆ, ਉਸ ਤੋਂ ਬਾਅਦ ਅਸੀਂ ਵਧਣਾ ਬੰਦ ਕਰ ਦਿੱਤਾ। ਉਸਦੇ ਬਾਅਦ ਅਸੀਂ ਫਿਰ ਪਿੱਛੇ ਮੁੜ ਗਏ। ਪੂਰਾ ਵਿਸ਼ਵ ਵਾਧਾ ਪਾਉਂਦਾ ਰਿਹਾ ਤੇ ਸਾਨੂੰ ਬਹੁਤ ਪਿੱਛੇ ਛੱਡ ਗਿਆ। ਇਸ ਦਾ ਇੱਕ ਕਾਰਨ ਇਹ ਹੈ ਕਿ ਔਸਤਨ ਇੱਕ ਭਾਰਤੀ ਅੱਜ ਇੱਕ ਔਸਤਨ ਬੰਗਲਾ ਦੇਸ਼ੀ ਨਾਲੋਂ ਵੱਧ ਗ਼ਰੀਬ ਹੈ, ਜੋ ਪਿਛਲੇ 48 ਮਹੀਨਿਆਂ ਦੀ ਸਥਿਤੀ ਹੈ।


ਅਪ੍ਰੈਲ 2021ਤੱਕ ਵਿਨਿ-ਰਮਾਣ, ਟ੍ਰੇਡ, ਟਰਾਂਸਪੋਰਟ ਅਤੇ ਸੰਚਾਰ ਏਨੇ ਹੇਠਾਂ ਸਨ ਜਿੰਨਾ ਉਹ 2018 ਵਿੱਚ ਸਨ। ਆਟੋ ਸੈਕਟਰ ਕਈ ਸਾਲਾਂ ਤੋਂ ਪ੍ਰਭਾਵਿਤ ਹੈ ਤੇ ਇਹ ਸਪੱਸ਼ਟ ਹੈ ਕਿ ਮੱਧ ਵਰਗ ਨੇ ਵਾਧਾ ਪਾਉਣਾ ਰੋਕ ਦਿੱਤਾ ਹੈ। ਅੱਜ ਦੋਪਹੀਆ ਵਾਹਨਾਂ ਦੀ ਵਿਕਰੀ ਜਿਉਂ ਦੀ ਤਿਉਂ ਹੈ, ਜਿਵੇਂ 10 ਸਾਲ ਪਹਿਲਾਂ ਸੀ। ਟਰੱਕਾਂ ਵਰਗੇ ਕਮਰਸ਼ੀਅਲ ਵਾਹਨਾਂ ਦੀ ਵਿਕਰੀ ਅੱਜ ਉਸੇ ਪੱਧਰ ਉੱਤੇ ਖੜ੍ਹੀ ਹੈ, ਜਦੋਂ ਨਰਿੰਦਰ ਮੋਦੀ ਪਹਿਲੀ ਵਾਰ ਪ੍ਰਧਾਨ ਮੰਤਰੀ ਬਣੇ ਸਨ।

ਕੀ ਇਹ ਸਾਰੇ ਨਵੇਂ ਅੰਕੜੇ ਹਨ, ਜਿਨ੍ਹਾਂ ਦਾ ਵਰਨਣ ਮੈਂ ਕਰ ਰਿਹਾ ਹਾਂ? ਨਹੀਂ ਤਾਂ ਜਨਤਕ ਤੌਰ ਜ਼ਾਹਰ ਅੰਕੜੇ ਹਨ। ਜੇ ਸਾਡੇ ਵਿੱਚੋਂ ਕੋਈ ਵੀ ਇਸ ਗੰਭੀਰ ਹਾਲਤ ਬਾਰੇ ਨਹੀਂ ਜਾਣਦਾ ਤਾਂ ਉਸ ਦਾ ਕਾਰਨ ਇਹ ਹੈ ਕਿ 'ਮਨ ਕੀ ਬਾਤ' ਪ੍ਰੋਗਰਾਮ ਵਿੱਚ ਇਸ ਉੱਤੇ ਅਜੇ ਬੋਲਿਆ ਨਹੀਂ ਗਿਆ। ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਅਰਥ ਵਿਵਸਥਾ ਦੇ ਬਾਰੇ ਪਿਛਲੇ ਸਾਲ ਕਿਹਾ ਸੀ ਕਿ ''ਜੇ ਤੁਸੀਂ ਸਮੱਸਿਆ ਨੂੰ ਪ੍ਰਵਾਨ ਨਾ ਕਰੋਗੇ ਤਾਂ ਉਸ ਨੂੰ ਸੁਲਝਾ ਨਹੀਂ ਸਕੋਗੇ।' ਇਹੀ ਕਾਰਨ ਹੈ ਕਿ ਅਸੀਂ ਸਮੱਸਿਆ ਨੂੰ ਨਹੀਂ ਸੁਲਝਾਇਆ। ਭਾਰਤ ਦੇ ਨੇਤਾ ਇਹ ਗੱਲ ਮਾਣ ਨਾਲ ਕਹਿੰਦੇ ਹਨ ਕਿ ਅਰਥ ਵਿਵਥਾ ਉੱਤੇ ਮੋਦੀ ਅਸਫਲ ਹੋਏ ਹਨ, ਪਰ ਉਨ੍ਹਾਂ ਦੀ ਕੈਬਨਿਟ ਦੇ ਮੰਤਰੀ ਏਨਾ ਕਹਿਣ ਦੀ ਹਿੰਮਤ ਨਹੀਂ ਰੱਖਦੇ। ਵਿੱਤ ਮੰਤਰੀ ਨਿਰਮਾਲਾ ਦੇ ਪਤੀ ਨੂੰ ਭਾਰਤ ਦੇ ਸਭ ਤੋਂ ਵੱਧ ਵੱਕਾਰੀ ਅਖ਼ਬਾਰਾਂ ਵਿੱਚ ਇੱਕ ਲੇਖ ਲਿਖਣਾ ਚਾਹੀਦਾ ਹੈ ਅਤੇ ਪੂਰੇ ਵਿਸ਼ਵ ਦੇ ਨੋਟਿਸ ਵਿੱਚ ਇਹ ਗੱਲ ਲਿਆਉਣੀ ਚਾਹੀਦੀ ਹੈ ਕਿ ਅਸੀਂ ਡੁੱਬ ਰਹੇ ਹਾਂ।

ਭਾਰਤੀਆਂ ਦੀ ਭਿਆਨਕ ਹਾਲਤ ਅਤੇ ਸਾਡੀ ਅਰਥ ਵਿਵਸਥਾ ਦਾ ਨਸ਼ਟ ਹੋਣਾ ਇੱਕ ਹੀ ਸਮੇਂ ਵਿੱਚ ਉਸ ਸਮੇਂ ਹੋ ਰਿਹਾ ਹੈ, ਜਦੋਂ ਸਾਡੀ ਦੌਲਤ ਕੁਝ ਲੋਕਾਂ ਵੱਲੋਂ ਨਿਗਲੀ ਜਾ ਰਹੀ ਹੈ। ਏਸ਼ੀਆ ਦੇ ਸਭ ਤੋਂ ਦੋ ਅਮੀਰ ਵਿਅਕਤੀ ਚੀਨ ਦੇ ਨਹੀਂ ਹਨ, ਜਿਨ੍ਹਾਂ ਦੀ ਅਰਥ ਵਿਵਸਥਾ ਭਾਰਤ ਦੀ ਅਰਥ ਵਿਵਸਥਾ ਨਾਲੋਂ ਛੇ ਗੁਣਾ ਵੱਡੀ ਹੈ। ਇਹ ਦੋ ਜਣੇ ਗੁਜਰਾਤੀ ਹਨ, ਜੋ ਭਾਰਤ ਵਿੱਚ ਵਾਧੇ ਦੇ ਮਾਡਲ ਦੀ ਪ੍ਰਤੀਨਿਧਤਾ ਕਰਦੇ ਹਨ।

## ਹਾਕੀ ਨੂੰ ਉਤਸ਼ਾਹਿਤ ਕਰਨ ਵਿੱਚ ਸਿੱਖ ਖਿਡਾਰੀਆਂ ਦਾ ਯੋਗਦਾਨ

ਭਾਰਤੀ ਹਾਕੀ ਇਤਹਾਸ ਦੇ ਸੁਨਿਹਰੀ ਪੰਨੇ ਜੇ ਕਦੇ ਪਰਤ ਕੇ ਦੇਖੀਏ ਤਾਂ ਉਹਨਾਂ ਵਿਚੋਂ ਕੁਝ ਖਾਸ ਪੰਨੇ ਮੋੜਣ ਨੂੰ ਜੀਅ ਕਰਦਾ ਹੈ। ਇਹ ਉਹ ਨੇ ਜਿੰਨਾ ਤੇ ਪੰਜਾਬ ਦੇ ਮਾਣਮੱਤੇ, ਜੋਸ਼ੀਲੇ , ਅਣਖੀਲੇ ਅਤੇ ਹਾਕੀ ਖੇਡ ਦੇ ਮੈਦਾਨ ਵਿੱਚ ਆਪਣੀ ਜਿੰਦ ਜਾਨ ਲੁਟਾਉਣ ਵਾਲੇ ਸਿੱਖ ਹਾਕੀ ਖਿਡਾਰੀਆਂ ਦਾ ਗੌਰਵਮਈ ਜ਼ਿਕਰ ਹੈ, ਸਮੁੱਚੀ ਸਿੱਖ ਕੌਮ ਦੇ ਹੀਰੋਆਂ ਦੀ ਗਾਥਾ ਹੈ। ਇੱਕ ਅਜਿਹੀ ਬੇਮਿਸਾਲ ਕਹਾਣੀ ਹੈ ਸਿੱਖ ਕੌਮ ਦੀ ਜੋ ਅਸੀਂ ਸਮਝਦੇ ਹਾਂ ਕਿ ਭਵਿੱਖ ਵਿੱਚ ਵੀ ਸਿੱਖ ਬੱਚਿਆਂ ਲਈ ਪ੍ਰੇਰਨਾ ਅਤੇ ਇੱਕ ਉਤਸ਼ਾਹ ਬਣੀ ਰਹਿਣੀ ਚਾਹੀਦੀ ਹੈ। ਜਦੋਂ ਹਾਕੀ ਖੇਡ ਅਧਿਐਨੀਆਂ ਵੱਲੋਂ ਵੱਖਰੇ ਵੱਖਰੇ ਦੇਸ਼ਾਂ ਜਿਵੇਂ ਕਿ ਆਸਟ੍ਰੇਲੀਆ, ਜਰਮਨੀ, ਹਾਲੈਂਡ, ਸਪੇਨ, ਬੈਲਜੀਅਮ, ਕੀਨੀਆ, ਮਲੇਸ਼ੀਆ ਆਦਿ ਦੇਸ਼ਾਂ ਦੇ ਸਾਬਕਾ ਹਾਕੀ ਉਲੰਪੀਅਨਾਂ ਦੇ ਭਾਰਤੀ ਹਾਕੀ ਬਾਰੇ ਵਿਚਾਰ ਜਾਣੇ ਤਾਂ ਉਹਨਾਂ ਅਨੁਸਾਰ ਜੂੜੇ ਤੇ ਚਿੱਟੇ ਰੁਮਾਲ ਵਾਲੇ ਸਿੱਖ ਖਿਡਾਰੀਆਂ ਦੀ ਦਹਿਸ਼ਤ ਪੂਰੇ ਵਿਸ਼ਵ ਹਾਕੀ ਜਗਤ ਵਿੱਚ ਬਹੁਤ ਸੀ। ਵਿਸ਼ਵ ਭਰ ਦੇ ਹਾਕੀ ਪ੍ਰੇਮੀ ਸਿੱਖ ਹਾਕੀ ਖਿਡਾਰੀਆਂ ਦੀ ਖੇਡ ਨਾਲ ਡਾਹਢੇ ਅਨੰਦਿਤ ਅਤੇ ਰੁਮਾਂਚਿਤ ਹੋਇਆ ਕਰਦੇ ਸਨ। ਉਸ ਆਲਮ ਵਿੱਚ ਹਾਕੀ ਦੀ ਬਦੌਲਤ ਵੀ ਪੂਰੇ ਵਿਸ਼ਵ ਵਿੱਚ ਸਿੱਖ ਕੌਮ ਦਾ ਮਾਣ ਸਤਿਕਾਰ, ਸਿੱਖ ਜਗਤ ਲਈ ਨਿਹਾਇਤ ਫ਼ਖਰ ਤੇ ਸਨਮਾਨ ਵਾਲੀ ਗੱਲ ਸੀ।



ਹਰਕੀਰਤ ਕੌਰ
9779118066

ਭਾਰਤੀ ਹਾਕੀ ਇਤਹਾਸ ਇਸ ਗੱਲ ਦਾ ਗਵਾਹ ਹੈ ਕਿ ਪੰਜਾਬ ਦਾ ਮਾਣ ਤੇ ਪੰਜਾਬ ਦੀ ਸ਼ਾਨ ਗੁਰਮੀਤ ਸਿੰਘ ਨੇ 1932 ਲਾਸ ਏਂਜਲਸ ਵਿਖੇ ਉਲੰਪਿਕ ਸੋਨ ਤਗਮਾ ਜੇਤੂ ਪਹਿਲਾਂ ਸਿੱਖ ਖਿਡਾਰੀ ਸੀ, ਜਿਸ ਨੇ ਇਹ ਵੀ ਸਾਬਿਤ ਕੀਤਾ ਕਿ ਜੋ ਜੋਸ਼, ਜੋ ਅਣਖ, ਜੋ ਬਹਾਦਰੀ ਸਿੱਖ ਕੌਮ ਦੇ ਖਿਡਾਰੀਆਂ ਵਿੱਚ ਹੈ, ਉਸਨੂੰ ਆਉਣ ਵਾਲਾ ਸਮਾਂ ਹੀ ਦੱਸੇਗਾ। ਫਿਰ ਆਏ ਤਿਰਲੋਚਨ ਸਿੰਘ, ਬਲਬੀਰ ਸਿੰਘ, ਧਰਮ ਸਿੰਘ, ਉਧਮ ਸਿੰਘ, ਬਖਸ਼ੀਸ਼ ਸਿੰਘ, ਗੁਰਦੇਵ ਸਿੰਘ, ਪ੍ਰਿਥੀਪਾਲ ਸਿੰਘ, ਚਰਨਜੀਤ ਸਿੰਘ, ਹਰਚਰਨ ਸਿੰਘ ਆਦਿ ਬੇਸ਼ੁਮਾਰ ਖਿਡਾਰੀ ਜਿੰਨਾ ਨੇ ਗੁਰਮੀਤ ਸਿੰਘ ਮਗਰੋਂ ਭਾਰਤੀ ਹਾਕੀ ਦੇ ਝੰਡੇ ਨੂੰ ਬੁਲੰਦ ਰੱਖਣ ਲਈ ਆਪਣੀ ਜਿੰਦ ਜਾਨ ਲੁਟਾਈ। ਅਸੀਂ ਮੰਨਦੇ ਹਾਂ ਕਿ ਇਹਨਾਂ ਖਿਡਾਰੀਆਂ ਨੇ ਭਾਰਤੀ ਹਾਕੀ ਦੇ ਨਾਲ ਨਾਲ ਸਿੱਖੀ ਦਾ ਝੰਡਾ ਵੀ ਬੁਲੰਦ ਕੀਤਾ। ਸਿੱਖ ਕੌਮ ਦੇ ਗੌਰਵ ਨੂੰ ਵੀ ਵਧਾਇਆ।

ਇਸ ਉਪਰੰਤ ਹਜ਼ਾਰਾਂ ਖਿਡਾਰੀ ਸਿੰਘ ਨਾਂਅ ਅਧੀਨ ਭਾਰਤੀ ਹਾਕੀ ਟੀਮ ਲਈ ਖੇਡਦੇ ਰਹੇ ਪਰ ਅਫਸੋਸ ਬਹੁਤਿਆਂ ਦੇ ਕੇਸ ਕਟੇ ਹੋਏ ਸਨ। ਸਾਡੇ ਇਹਨਾਂ ਜੋਸ਼ੀਲੇ ਨੋਜਵਾਨ ਖਿਡਾਰੀਆਂ ਨੂੰ ਇਸ ਗੱਲ ਵੱਲ ਖਾਸ ਧਿਆਨ ਦੀ ਜਰੂਰਤ ਹੈ। ਸਾਬਕਾ ਸਿੱਖ ਹਾਕੀ ਖਿਡਾਰੀਆਂ ਦਾ ਕਹਿਣਾ ਹੈ ਕਿ ਭਾਰਤੀ ਹਾਕੀ ਟੀਮ ਵਿੱਚ ਹਰ ਸਿੱਖ ਹਾਕੀ ਖਿਡਾਰੀ ਜੂੜੇ ਤੇ ਚਿੱਟੇ ਰੁਮਾਲ ਨੂੰ ਯਕੀਨੀ ਬਣਾਏ, ਜੋ ਉਹਨਾਂ ਦੀ ਪੰਰਪਰਾ ਹੈ।

ਇੱਥੇ ਇੱਕ ਗੱਲ ਹੋਰ ਚਿੰਤਾਜਨਕ ਹੈ ਕਿ ਅੱਜ ਬਹੁਤੀ ਸਿੱਖ ਪਨੀਰੀ ਹਾਕੀ ਵਰਗੀ ਜੋਸ਼ੀਲੀ ਅਤੇ ਤੇਜ਼ ਤਰਾਰ ਖੇਡ ਤੋਂ ਮੂੰਹ ਫੇਰ ਚੁੱਕੀ ਹੈ ਅਤੇ ਤੇਜ਼ੀ ਨਾਲ ਇਸ ਖੇਡ ਤੋਂ ਦੂਰ ਹੋ ਰਹੀ ਹੈ। ਅੱਜ ਦੀ ਪੀੜੀ ਨੂੰ ਆਪਣੇ ਪੁਰਖਿਆਂ ਵੱਲੋਂ ਵਿਸ਼ਵ ਪੱਧਰ ਤੇ ਹਾਕੀ ਦੇ ਸਿਰਜੇ ਇਤਹਾਸ ਦੀ ਗਾਥਾ ਦਾ ਪਤਾ ਹੀ ਨਹੀਂ ਹੈ।

ਵਿਸ਼ਵ ਪੱਧਰ ਤੇ ਜਿੰਨੀਆਂ ਵੀ ਸਿੱਖ ਜਥੇਬੰਦੀਆਂ, ਸਿੱਖ ਸੰਸਥਾਵਾਂ ਸਿੱਖੀ ਗੌਰਵ ਨੂੰ ਬਰਕਰਾਰ ਰੱਖਣ ਲਈ ਯਤਨਸ਼ੀਲ ਹਨ, ਉਹਨਾਂ ਨੂੰ ਸਿੱਖ ਖੇਡ ਸੰਸਾਰ ਵੱਲ ਵੀ ਖਾਸ ਤਵੱਜੋ ਦੇਣੀ ਚਾਹੀਦੀ ਹੈ। ਅਫਸੋਸ ਇਹ ਹੈ ਕਿ ਅਜੋਕੇ ਸਮੇਂ ਵਿੱਚ ਅਸੀਂ ਆਪਣੇ ਪੁਰਾਤਨ ਸਿੱਖ ਹਾਕੀ ਖਿਡਾਰੀਆਂ ਦੇ ਇਤਹਾਸ ਦੇ ਚਰਚੇ ਤਾਂ ਬਹੁਤ ਕਰਦੇ ਹਾਂ ਪਰ ਇਹ ਚਿੰਤਾ ਨਹੀਂ ਕਰਦੇ ਕਿ ਸਾਡੀ ਅਜੋਕੀ ਨੋਨਿਹਾਲ ਪੀੜੀ ਲਈ ਇਹ ਇਤਹਾਸ ਪ੍ਰੇਰਨਾ ਸਰੋਤ ਕਿਉਂ ਨਹੀਂ ਬਣ ਰਿਹਾ?

ਇਹ ਵਿਸ਼ਾ ਸਿੱਖ ਕੌਮ ਅਤੇ ਹਾਕੀ ਜਗਤ ਦੇ ਸਿੱਖ ਖਿਡਾਰੀਆਂ ਲਈ ਬਹੁਤ ਹੀ ਸੰਵੇਦਨਸ਼ੀਲ ਹੈ। ਇਸ ਉੱਪਰ ਧਿਆਨ ਕੇਂਦਰਿਤ ਕਰਨਾ ਬਹੁਤ ਜਰੂਰੀ ਹੈ ਤਾਂ ਜੋ ਵਿਸ਼ਵ ਪੱਧਰ ਤੇ ਸਿੰਘ ਨਾਮ ਦੀ ਪਹਿਚਾਣ ਮਕਬੂਲ ਹੋ ਸਕੇ।


ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਨ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਨਣ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
ਜਨ ਤੰਤ੍ਰ: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224





KAMAL SANDHU
Sales Representative
647.891.0143



RE/MAX GOLD
realtorkamalsandhu@gmail.com
www.arearealtor.com

Looking For a Nest..? Call the Best




EXCLUSIVE FOR SALE IN WOODSTOCK

CLOSING IN APRIL 2021

| Bedroom | Bathroom |
|---|---|
| 4 | 2+1 |
| Size (Sq.Ft.) | Home Details |
| 2455 | 42' |




FOR SALE
EXCLUSIVE
JAMES C

CLOSING IN APRIL 2021

| Bedroom | Bathroom |
|---|---|
| 4 | 2+1 |
| Size (Sq.Ft.) | Home Details |
| 2250 | 36' |


3+1 bdrms with finished Basement




Just listed for sale on MLS, 5 Sedgegrass way Brampton

KAMAL SANDHU RE/MAX GOLD REALTY INC BROKERAGE

# ਪੰਜਾਬ ਵਿੱਚ ਕਾਣਿਆਂ ਨੂੰ ਵਰਤਣ ਦਾ ਦਾਅ ਖੇਡਣ ਦੇ ਮੂਡ ਵਿੱਚ ਦਿੱਸ ਰਹੀ ਹੈ ਭਾਜਪਾ



ਜਤਿੰਦਰ ਪੰਨੂ

ਐਨ ਓਦੋਂ, ਜਦੋਂ ਇਹ ਸਮਝਿਆ ਜਾ ਰਿਹਾ ਹੈ ਕਿ ਅੱਜ ਦੀ ਤਰੀਕ ਵਿੱਚ ਪੰਜਾਬ ਦੇ ਲੋਕਾਂ ਵਿੱਚ ਬਾਕੀ ਸਾਰਿਆਂ ਤੋਂ ਵੱਧ ਅਣਚਾਹੀ ਪਾਰਟੀ ਭਾਜਪਾ ਹੈ, ਉਸ ਵਕਤ ਵੀ ਇਸ ਪਾਰਟੀ ਦੇ ਆਗੂ ਇਹ ਦਾਅਵਾ ਹਿੱਕ ਕੇ ਠੋਕ ਕੇ ਕਰੀ ਜਾ ਰਹੇ ਹਨ ਕਿ ਅਗਲੇ ਸਾਲ ਦੀਆਂ ਚੋਣਾਂ ਵਿੱਚ ਪੰਜਾਬ ਵਿੱਚ ਸਰਕਾਰ ਉਨ੍ਹਾਂ ਦੀ ਬਣਨੀ ਹੈ। ਏਦਾਂ ਦੇ ਕਿਸੇ ਵੀ ਧਿਰ ਵੱਲੋਂ ਕੀਤੇ ਗਏ ਦਾਅਵੇ ਨੂੰ ਚੋਣਾਂ ਕਾਫੀ ਦੂਰ ਹੋਣ ਕਾਰਨ ਵੇਲੇ ਤੋਂ ਪਹਿਲਾਂ ਦੀ ਗੱਲ ਕਹਿ ਕੇ ਅਤੇ ਭਾਜਪਾ ਆਗੂਆਂ ਦੇ ਕਹੇ ਗਏ ਸ਼ਬਦਾਂ ਨੂੰ ਮੁੰਗੇਰੀ ਲਾਲ ਦੇ ਹੁਸੀਨ ਸੁਫਨੇ ਕਹਿ ਕੇ ਛੱਡਿਆ ਜਾ ਸਕਦਾ ਹੈ, ਪਰ ਜਦੋਂ ਭਾਜਪਾ ਦੀ ਚੋਣ ਰਣਨੀਤੀ ਦੇ ਧੁਰੰਤਰਾਂ ਦੀਆਂ ਗੱਲਾਂ ਧਿਆਨ ਨਾਲ ਸੁਣੀਆਂ ਜਾਣ ਤਾਂ ਵਿੱਚੋਂ ਇੱਕ ਸਾਜ਼ਿਸ਼ੀ ਯੋਜਨਾਬੰਦੀ ਝਲਕ ਪੈਂਦੀ ਹੈ। ਉਨ੍ਹਾਂ ਦਾ ਸਿਰਫ ਦਾਅਵਾ ਨਹੀਂ, ਉਹ ਆਪਣੇ ਨਿਸ਼ਾਨੇ ਦੀ ਪ੍ਰਾਪਤੀ ਲਈ ਅੰਦਰੋ-ਅੰਦਰ ਏਦਾਂ ਦਾ ਕੰਮ ਕਰ ਰਹੇ ਹਨ ਅਤੇ ਕਿਸੇ ਇੱਕ ਵੀ ਪਾਰਟੀ ਨੂੰ ਉਨ੍ਹਾਂ ਦੇ ਕੀਤੇ ਦੀ ਜਾਂ ਤਾਂ ਭਿਣਕ ਨਹੀਂ ਪਈ, ਜਾਂ ਫਿਰ ਅੰਦਰ ਦੀ ਕਾਣ ਦੇ ਕਾਰਨ ਸਿਆਸੀ ਆਗੂ ਭਾਜਪਾ ਸਾਹਮਣੇ ਸਿਰ ਚੁੱਕ ਕੇ ਬੋਲਣ ਦੀ ਜੁਰਅੱਤ ਨਹੀਂ ਕਰ ਸਕਦੇ। ਦੂਸਰੀ ਗੱਲ ਸਾਨੂੰ ਵੱਧ ਠੀਕ ਜਾਪਦੀ ਹੈ।

ਅਸਲ ਵਿੱਚ ਪੰਜਾਬ ਜਿੱਤਣ ਵਾਸਤੇ ਭਾਜਪਾ ਦੀ ਯੋਜਨਾਬੰਦੀ ਵਿੱਚ ਲੋੜੀਂਦੇ ਬੰਦਿਆਂ ਦਾ ਕਾਣੇ ਹੋਣਾ ਹੀ ਸਭ ਤੋਂ ਵੱਧ ਮਹੱਤਵ ਰੱਖਦਾ ਹੈ। ਕੋਈ ਵਕਤ ਸੀ ਕਿ ਇਹ ਫਾਰਮੂਲਾ ਪੰਜਾਬ ਦੇ ਅਕਾਲੀ ਤੇ ਕਾਂਗਰਸੀ ਵਰਤਦੇ ਸਨ। ਅਣਵੰਡੇ ਪੰਜਾਬ ਵਿੱਚ ਅਜੋਕੇ ਹਰਿਆਣਾ ਵੱਲ ਦੇ ਵਿਧਾਇਕ ਪਿਆਰਾ ਰਾਮ ਨੇ ਵਿਧਾਨ ਸਭਾ ਵਿੱਚ ਜਦੋਂ ਕੁਝ ਸਵਾਲ ਤਾਬੜਤੋੜ ਕਰ ਦਿੱਤੇ ਤਾਂ ਪ੍ਰਤਾਪ ਸਿੰਘ ਕੈਰੋਂ ਦਾ ਹਰ ਸਵਾਲ ਬਾਰੇ ਇੱਕੋ ਲਾਈਨ ਦਾ ਜਵਾਬ ਸੀ, 'ਅਜੇ ਇਸ ਦੀ ਜਾਣਕਾਰੀ ਨਹੀਂ, ਪਤਾ ਕਰ ਕੇ ਦੱਸ ਸਕਾਂਗਾ।' ਪਿਆਰਾ ਰਾਮ ਨੇ ਕਿਹਾ ਸੀ: 'ਪੁੱਤਰਾਂ ਦੇ ਸਿਨਮਿਆਂ ਦੀ ਜਾਣਕਾਰੀ ਤਾਂ ਹੋਵੇਗੀ।' ਇਸ ਤੋਂ ਹੰਗਾਮਾ ਹੋ ਗਿਆ, ਪਰ ਪਿਆਰਾ ਰਾਮ ਨੇ ਨਵੀਂ ਗੱਲ ਕਹਿ ਦਿੱਤੀ ਕਿ 'ਤੇਰੀ ਕੈਬਨਿਟ ਵਿੱਚ ਕੇਸਾਂ ਵਿੱਚ ਫਸੇ ਹੋਏ ਕਿੰਨੇ ਮੰਤਰੀ ਹਨ, ਇਸ ਦਾ ਵੀ ਤੈਨੂੰ ਪਤਾ ਹੋਊਗਾ, ਕਿਉਂਕਿ ਉਨ੍ਹਾਂ ਦੀ ਫਾਈਲਾਂ ਦਿਖਾ ਕੇ ਉਨ੍ਹਾਂ ਨੂੰ ਆਪਣੇ ਵੱਸ ਵਿੱਚ ਰੱਖਣ ਤੇ ਵਰਤਣ ਦਾ ਢੰਗ ਤੈਨੂੰ ਆਉਂਦਾ ਹੈ।' ਇਹ ਚੋਟ ਪ੍ਰਤਾਪ ਸਿੰਘ ਤੋਂ ਸਹਾਰੀ ਨਹੀਂ ਸੀ ਗਈ ਅਤੇ ਓਸੇ ਸ਼ਾਮ ਪਿਆਰਾ ਰਾਮ ਦੇ ਘਰ ਇੱਕ ਅਫਸਰ ਉਸ ਨੂੰ ਜੇਲ੍ਹ ਜਾਣ ਜਾਂ ਚੁੱਪ ਦਾ ਮੁੱਲ ਵੱਟਣ ਲਈ ਕਹਿਣ ਚਲਾ ਗਿਆ ਸੀ ਤੇ ਪਿਆਰਾ ਰਾਮ ਨੇ ਇਸ ਦਾ ਮੁੱਲ ਵੱਟਣ ਦੀ ਥਾਂ ਕੈਰੋਂ ਦੀ ਭੰਡੀ ਜਾਰੀ ਰੱਖਣ ਅਤੇ ਜੇਲ੍ਹ ਜਾਣ ਵਾਲਾ ਰਾਹ ਚੁਣ ਲਿਆ ਸੀ।

ਕੈਰੋਂ ਤੋਂ ਬਾਅਦ ਇਹ ਫਾਰਮੂਲਾ ਜੇ ਕਿਸੇ ਨੇ ਸਭ ਤੋਂ ਵੱਧ ਚੁਸਤੀ ਨਾਲ ਵਰਤਿਆ ਸੀ ਤਾਂ ਉਸ ਦਾ ਨਾਂਅ ਪ੍ਰਕਾਸ਼ ਸਿੰਘ ਬਾਦਲ ਹੈ। ਇਸ ਦੀਆਂ ਮਿਸਾਲਾਂ ਵਿੱਚੋਂ ਇੱਕੋ ਦੱਸ ਦੇਣੀ ਕਾਫੀ ਹੋਵੇਗੀ। ਇੱਕ ਪੁਰਾਣਾ ਘਾਗ ਅਕਾਲੀ ਮੰਤਰੀ ਤੇ ਇੱਕ ਯੂਥ ਆਗੂ ਪੇਚਾ ਪਾਈ ਰੱਖਦੇ ਸਨ। ਦੋਵੇਂ ਇੱਕੋ ਹਲਕੇ ਤੋਂ ਸਨ। ਉਸ ਮੰਤਰੀ ਦੇ ਪਰਵਾਰ ਦਾ ਇੱਕ ਜੀਅ ਪੰਜਾਬ ਸਰਕਾਰ ਦੇ ਅਫਸਰ ਵਜੋਂ ਜਿੱਥੇ ਲਾਇਆ ਸੀ, ਉਸ ਦਾ ਸੀਨੀਅਰ ਆਈ ਏ ਐੱਸ ਅਫਸਰ ਉਸ ਦੇ ਕੰਮਾਂ ਤੋਂ ਖੁਸ਼ ਨਹੀਂ ਸੀ ਤੇ ਰੋਜ਼ ਜਵਾਬ ਤਲਬੀ ਕਰ ਲੈਂਦਾ ਸੀ। ਇੱਕ ਵਾਰੀ ਬੈਠਿਆਂ ਉਸ ਨੇ ਖੁਦ ਦੱਸਿਆ ਕਿ ਉਸ ਨੂੰ ਏਦਾਂ ਕਰਨ ਲਈ ਮੁੱਖ ਮੰਤਰੀ ਬਾਦਲ ਨੇ ਕਿਹਾ ਸੀ। ਮੈਂ ਹੱਸ ਕੇ ਕਿਹਾ: ਤੁਸੀਂ ਨੁਕਸਾਨ ਕਰਵਾ ਲਓਗੇ। ਉਸ ਨੇ ਕਿਹਾ: 'ਬਾਦਲ ਸਾਹਿਬ ਮੇਰਾ ਨੁਕਸਾਨ ਨਹੀਂ ਹੋਣ ਦੇਣਗੇ।' ਮੈਂ ਪੁੱਛਿਆ: ਤੁਹਾਡੇ ਕੋਲ ਕਿੰਨੀਆਂ ਵੋਟਾਂ ਹਨ? ਉਹ ਕੁਝ ਦੇਰ ਚੁੱਪ ਰਹਿ ਕੇ ਪੁੱਛਣ ਲੱਗਾ: 'ਇਸ ਦਾ ਕੀ ਮਤਲਬ?' ਮੈਂ ਦੱਸਿਆ ਕਿ ਬਾਦਲ ਸਾਹਿਬ ਉਸ ਮੰਤਰੀ ਨੂੰ ਤੰਗ ਕਰਵਾਉਣਗੇ ਤੇ ਜਦੋਂ ਉਹ ਝੁਕ ਗਿਆ ਤਾਂ ਉਸ ਨੂੰ ਖੁਸ਼ ਕਰਨ ਲਈ ਤੁਹਾਡਾ ਰਗੜਾ ਕੱਢ ਦੇਣਗੇ। ਉਹ ਸਹਿਮਤ ਨਹੀਂ ਸੀ। ਆਖਰ ਨੂੰ ਉਹੀ ਹੋਇਆ, ਜੋ ਮੈਂ ਉਸ ਨੂੰ ਕਿਹਾ ਸੀ। ਮੰਤਰੀ ਨੂੰ ਖੁਸ਼ ਕਰਨ ਲਈ ਉਸ ਅਫਸਰ ਨੂੰ ਨਾ ਸਿਰਫ ਬਦਲ ਦਿੱਤਾ ਗਿਆ, ਸਗੋਂ ਉਸ ਦੀ ਏਨੀ ਜ਼ਿਆਦਾ ਬੇਇੱਜ਼ਤੀ ਕਰਵਾਈ ਗਈ ਕਿ ਉਸ ਦੀ ਕਹਾਣੀ ਪਾਉਣਾ ਮੈਨੂੰ ਅੱਜ ਤੱਕ ਠੀਕ ਨਹੀਂ ਲੱਗਦਾ। ਮੰਤਰੀ ਦਾ ਕਾਣਾ ਹੋਣਾ ਉਸ ਬੰਦੇ ਦਾ ਉਹ ਗੁਣ ਸੀ, ਜਿਹੜਾ ਅੱਜ ਤੱਕ ਬਾਦਲ ਪਰਵਾਰ ਨੂੰ ਰਾਸ ਆਈ ਜਾ ਰਿਹਾ ਹੈ।



ਦੂਸਰੀ ਗੱਲ ਇਹ ਕਿ ਪਿਛਲੇਰੇ ਮਹੀਨੇ ਜਦੋਂ ਵਿਧਾਇਕ ਪਰਗਟ ਸਿੰਘ ਨੇ ਇਹ ਖਿਲਾਰਾ ਪਾਇਆ ਸੀ ਕਿ ਅੱਧੀ ਰਾਤ ਫੋਨ ਕਰ ਕੇ ਉਸ ਨੂੰ ਦਬਕਾ ਮਾਰਿਆ ਗਿਆ ਹੈ ਕਿ ਤੇਰੀਆਂ ਫਾਈਲਾਂ ਤਿਆਰ ਪਈਆਂ ਹਨ, ਉਸ ਦਾ ਪਰਗਟ ਨੂੰ ਕੋਈ ਫਰਕ ਨਹੀਂ ਸੀ ਪਿਆ, ਪਰ ਬਾਕੀਆਂ ਨੂੰ ਪਿਆ ਸੀ। ਪੰਜਾਬ ਦਾ ਹਰ ਹਾਕਮ ਆਪਣੇ ਕੋਲ ਵਿਰੋਧੀ ਲੀਡਰਾਂ ਨਾਲੋਂ ਵੱਧ ਆਪਣੇ ਬੰਦਿਆਂ ਦੀਆਂ ਫਾਈਲਾਂ ਰੱਖਦਾ ਹੈ ਤੇ ਜਿਨ੍ਹਾਂ ਵਿੱਚ ਕਾਣ ਹੋਵੇ, ਉਹ ਫਾਈਲਾਂ ਦਾ ਨਾਂਅ ਸੁਣ ਕੇ ਤ੍ਰਹਿਕ ਜਾਂਦੇ ਹਨ, ਪਰ ਜਿਸ ਨੇ ਕੋਈ ਗਲਤ ਨਹੀਂ ਕੀਤਾ, ਉਹ ਅੱਗੋਂ ਆਕੜ ਪਿਆ ਹੈ। ਜਿਹੜਾ ਜਵਾਬੀ ਦਾਅ ਪਰਗਟ ਸਿੰਘ ਨੇ ਵਰਤਿਆ, ਬਾਕੀ ਦੇ ਓਨਾ ਚਿਰ ਨਹੀਂ ਸਨ ਵਰਤ ਸਕੇ, ਜਿੰਨਾ ਚਿਰ ਏਦਾਂ ਦੀਆਂ ਫਾਈਲਾਂ ਦੀ ਚੱਬ ਹੇਠ ਆਏ ਹੋਏ ਕਾਣਿਆਂ ਦੀ ਗਿਣਤੀ ਚੋਖੀ ਨਹੀਂ ਸੀ ਹੋ ਗਈ। ਇਹੀ ਨਹੀਂ, ਕਾਣਿਆਂ ਨੂੰ ਧਮਕੀ ਦੇਣ ਵਾਲਿਆਂ ਦੀਆਂ ਫਾਈਲਾਂ ਵੀ ਕੁਝ ਅਫਸਰਾਂ ਨੇ ਉਨ੍ਹਾਂ ਨੂੰ ਪੁਚਾ ਦਿੱਤੀਆਂ ਸੁਣੀਦੀਆਂ ਹਨ, ਜਿਸ ਤੋਂ ਕਾਂਗਰਸ ਦਾ ਰੱਫੜ ਵਧਿਆ ਹੈ।

ਖੁਦ ਭਾਜਪਾ ਨੇ ਇਹ ਫਾਰਮੂਲਾ ਆਪਣੇ ਰਾਜਾਂ ਵਿੱਚ ਕਈ ਵਾਰ ਵਰਤਿਆ ਹੈ। ਗੁਜਰਾਤ ਨੂੰ ਰਾਜ ਬਣਾਉਣ ਵੇਲੇ ਤੋਂ ਓਥੇ ਸ਼ਰਾਬਬੰਦੀ ਲਾਗੂ ਸੁਣੀਂਦੀ ਹੈ ਅਤੇ ਅੱਜ ਵੀ ਲਾਗੂ ਹੈ। ਇਸ ਦੇ ਬਾਵਜੂਦ ਹਰ ਚਾਰ-ਪੰਜ ਸਾਲਾਂ ਬਾਅਦ ਕਿਤੇ ਨਾ ਕਿਤੇ ਨਾਜਾਇਜ਼ ਸ਼ਰਾਬ ਦੇ ਗੋਦਾਮ ਫੜੇ ਜਾਂਦੇ ਅਤੇ ਉਨ੍ਹਾਂ ਉੱਤੇ ਬੁਲਡੋਜ਼ਰ ਫੇਰਨ ਦਾ ਕੰਮ ਹੁੰਦਾ ਹੈ। ਹਰ ਵਾਰ ਇਸ ਧੰਦੇ ਵਿੱਚ ਕੋਈ ਨਾ ਕੋਈ ਭਾਜਪਾ ਵਿਧਾਇਕ ਜਾਂ ਹੋਰ ਆਗੂ ਸਰਗੁਣਾ ਨਿਕਲਦਾ ਹੈ। ਪਿਛਲੇ ਵੀਰਵਾਰ ਸ਼ਾਮੀਂ ਗੁਜਰਾਤ ਵਿੱਚ ਇੱਕ ਭਾਜਪਾ ਵਿਧਾਇਕ ਆਪਣੇ ਰਿਜ਼ਾਰਟ ਵਿੱਚ ਵਿਗੜੇ ਅਮੀਰਾਂ ਨਾਲ ਜੂਆ ਖੇਡਣ ਦੇ ਨਾਲ ਸ਼ਰਾਬ ਅਤੇ ਸ਼ਬਾਬ ਦੀ ਮਹਿਫਲ ਲਾਈ ਬੈਠਾ ਫੜਿਆ ਗਿਆ ਹੈ। ਉਸ ਕੋਲੋਂ ਨੇਪਾਲ ਤੋਂ ਲਿਆਂਦੀਆਂ ਲੜਕੀਆਂ ਵੀ ਮਿਲੀਆਂ ਹਨ। ਇਹ ਕੰਮ ਉਹ ਚਿਰਾਂ ਤੋਂ ਕਰਦਾ ਰਿਹਾ ਸੀ, ਕਦੀ ਛਾਪਾ ਨਹੀਂ ਪਿਆ। ਕਾਣਾ ਹੋਣ ਕਾਰਨ ਉਹ ਭਾਜਪਾ ਨੂੰ ਵੱਧ ਵਫਾਦਾਰ ਜਾਪਦਾ ਸੀ। ਪਿਛਲੇ ਸਾਲ ਰਾਜ ਸਭਾ ਚੋਣ ਵਿੱਚ ਉਹ ਕਰਾਸ ਵੋਟਿੰਗ ਕਰ ਕੇ ਕਾਂਗਰਸ ਉਮੀਦਵਾਰ ਨੂੰ ਵੋਟ ਪਾ ਬੈਠਾ ਦੱਸਿਆ ਜਾਂਦਾ ਹੈ। ਇਸ ਕਾਰਨ ਪਾਰਟੀ ਉਸ ਨਾਲ ਨਾਰਾਜ਼ ਹੋ ਗਈ। ਪਿਛਲੇ ਵੀਰਵਾਰ ਤੋਂ ਪਹਿਲਾਂ ਉਸ ਦੀਆਂ ਮਹਿਫਲਾਂ ਵਿੱਚ ਕਦੀ ਸਰਕਾਰ ਦੇ ਕਿਸੇ ਅਫਸਰ ਨੇ ਵਿਘਨ ਪਾਉਣ ਦੀ ਵੀ ਜੁਰਅੱਤ ਨਹੀਂ ਸੀ ਕੀਤੀ ਤੇ ਜਦੋਂ ਭਾਜਪਾ ਨਾਰਾਜ਼ ਹੋ ਗਈ ਤਾਂ ਉਸ ਦੇ ਆਗੂਆਂ ਨੇ ਸੋਚਿਆ ਕਿ ਜੇ ਬੇਵਫਾਈ ਕਰਦਾ ਇੱਕ ਕਾਣਾ ਸੁੱਕਾ ਛੱਡ ਦਿੱਤਾ ਤਾਂ ਏਸੇ ਵਾਂਗ ਬਾਕੀ ਦੇ ਕਾਣੇ ਵੀ ਵਿਗੜ ਸਕਦੇ ਹਨ, ਇਸ ਲਈ ਉਹ ਜੂਆ ਖੇਡਦਾ ਮੌਕੇ ਉੱਤੇ ਫੜ ਲਿਆ ਗਿਆ ਹੈ।

ਗੱਲ ਫਿਰ ਭਾਜਪਾ ਦੀ ਅਗਲੇ ਸਾਲ ਦੀ ਉਸ ਚੋਣ ਰਣਨੀਤੀ ਉੱਤੇ ਆਉਂਦੀ ਹੈ, ਜਿਹੜੀ ਅਕਾਲੀ ਅਤੇ ਕਾਂਗਰਸ ਆਗੂ ਬੜੀ ਵਾਰ ਵਰਤਦੇ ਰਹੇ ਸਨ ਤੇ ਇਸ ਵਾਰੀ ਭਾਜਪਾ ਵਰਤਣ ਬਾਰੇ ਸੋਚਦੀ ਪਈ ਹੈ। ਕਰਨਾਟਕਾ ਤੋਂ ਆਰੰਭ ਕਰ ਕੇ ਮੱਧ ਪ੍ਰਦੇਸ਼ ਵਿੱਚ ਕਾਂਗਰਸ ਦਾ ਇੱਕ ਗਰੁੱਪ ਏਸੇ ਫਾਰਮੂਲੇ ਨਾਲ ਤੋੜਨ ਪਿੱਛੋਂ ਭਾਜਪਾ ਨੇ ਰਾਜਸਥਾਨ ਵਿੱਚ ਕਾਂਗਰਸ ਦੀ ਸਰਕਾਰ ਤੋੜਨ ਦਾ ਚੱਕਰ ਚਲਾਇਆ, ਪਰ ਗੱਲ ਨਹੀਂ ਬਣੀ। ਫਿਰ ਪੁੱਡੂਚੇਰੀ ਵਿੱਚ ਕਾਂਗਰਸ ਦੇ ਕਈ ਵਿਧਾਇਕ ਅਗਲੀ ਅਸੈਂਬਲੀ ਚੋਣ ਤੋਂ ਪਹਿਲਾਂ ਅਸਤੀਫੇ ਦਿਵਾ ਕੇ ਆਪਣੇ ਵਿੱਚ ਏਸੇ ਫਾਰਮੂਲੇ ਨਾਲ ਸ਼ਾਮਲ ਕਰਾਏ ਸਨ। ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਬੰਗਾਲ ਵਿੱਚ ਮਮਤਾ ਬੈਨਰਜੀ ਦੀ ਤ੍ਰਿਣਮੂਲ ਕਾਂਗਰਸ ਦੇ ਕਈ ਆਗੂ ਵੀ ਏਸੇ ਫਾਰਮੂਲੇ ਨਾਲ ਭਾਜਪਾ ਨੇ ਆਪਣੇ ਨਾਲ ਮਿਲਾਏ ਸਨ। ਜਿਸ ਕਿਸੇ ਨੂੰ ਦੋ-ਤਿੰਨ ਦਿਨ ਇਨਫੋਰਸਮੈਂਟ ਡਾਇਰੈਕਟੋਰੇਟ ਜਾਂ ਸੀ ਬੀ ਆਈ ਵਾਲੇ ਸੱਦਦੇ ਅਤੇ ਪੁੱਛਗਿੱਛ ਦੇ ਬਹਾਨੇ ਸਾਰਾ ਦਿਨ ਜ਼ਲੀਲ ਕਰਦੇ ਸਨ, ਉਹ ਅਗਲੇ ਦਿਨ ਭਾਜਪਾ ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦੇਂਦਾ ਸੀ। ਮਹਾਰਾਸ਼ਟਰ ਵਿਚ ਇਸ ਵਕਤ ਸਾਰਾ ਜ਼ੋਰ ਇਸੇ ਦਾਅ ਨਾਲ ਸਾਂਝੀ ਸਰਕਾਰ ਤੋੜਨ ਤੇ ਭਾਜਪਾ ਸਰਕਾਰ ਬਣਾਉਣ ਲਈ ਲਾਇਆ ਪਿਆ ਹੈ। ਜਦੋਂ ਸ਼ਰਦ ਪਵਾਰ ਦਾ ਭਤੀਜਾ ਅਜੀਤ ਪਵਾਰ ਭਾਜਪਾ ਨਾਲ ਜੁੜ ਕੇ ਉਸ ਦੀ ਸਰਕਾਰ ਵਿੱਚ ਅੱਧੀ ਰਾਤ ਉੱਪ ਮੁੱਖ ਮੰਤਰੀ ਬਣ ਗਿਆ ਤਾਂ ਬਹੱਤਰ ਘੰਟਿਆਂ ਦੇ ਰਾਜ ਦੌਰਾਨ ਭਾਜਪਾ ਨੇ ਉਸ ਦੇ ਖਿਲਾਫ ਆਪਣੀ ਇਸ ਤੋਂ ਪਿਛਲੀ ਸਰਕਾਰ ਦੌਰਾਨ ਖੁਦ ਬਣਵਾਏ ਨੌਂ ਸੰਗੀਨ ਕੇਸ ਇੱਕੋ ਝਟਕੇ ਨਾਲ ਰੱਦ ਕਰ ਦਿੱਤੇ ਸਨ। ਅੱਜਕੱਲ੍ਹ ਉਧਵ ਠਾਕਰੇ ਦੀ ਸਰਕਾਰ ਵਿੱਚੋਂ ਮੱਛੀ ਵਾਂਗ ਕੁੰਡੀ ਪਾ ਕੇ ਖਿੱਚਣ ਲਈ ਓਸੇ ਅਜੀਤ ਪਵਾਰ ਉੱਤੇ ਫਿਰ ਉਹੋ ਜਿਹੇ ਕੇਸ ਬਣਾਏ ਜਾ ਰਹੇ ਹਨ ਅਤੇ ਇਸ ਵਾਰੀ ਉਸ ਦੀ ਪਤਨੀ ਨੂੰ ਵੀ ਉਲਝਾਇਆ ਜਾ ਰਿਹਾ ਹੈ।

ਭਾਜਪਾ ਲੀਡਰ ਮੂੰਹੋਂ ਨਹੀਂ ਕਹਿੰਦੇ, ਪਰ ਕਨਸੋਆਂ ਮਿਲ ਰਹੀਆਂ ਹਨ ਕਿ ਪੰਜਾਬ ਦੀ ਰਾਜਨੀਤੀ ਦੇ ਦੋਵਾਂ ਮੁੱਖ ਧੜਿਆਂ, ਕਾਂਗਰਸ ਤੇ ਅਕਾਲੀ ਦਲ ਦੇ ਜਿੰਨੇ ਕੁ ਲੀਡਰਾਂ ਨੂੰ ਉਨ੍ਹਾਂ ਦੀ ਕਾਣ ਦੇ ਕਾਰਨ ਉਨ੍ਹਾਂ ਪਾਰਟੀਆਂ ਦੇ ਨੇਤਾ ਵਰਤਦੇ ਰਹੇ ਸਨ, ਭਾਜਪਾ ਉਨ੍ਹਾਂ ਹੀ ਕਾਣਿਆਂ ਤੱਕ ਪਹੁੰਚ ਕਰਦੀ ਹੋ ਸਕਦੀ ਹੈ। ਸਾਂਝੇ ਪੰਜਾਬ ਦਾ ਉਹ ਹਰਿਆਣਵੀ ਵਿਧਾਇਕ ਪਿਆਰਾ ਰਾਮ ਤਾਂ ਅੱਜ ਦੀ ਰਾਜਨੀਤੀ ਵਿੱਚ ਕਿਸੇ ਨੂੰ ਯਾਦ ਨਹੀਂ, ਜਿਹੜਾ ਧਮਕੀ ਤੋਂ ਡਰਨ ਦੀ ਥਾਂ ਆਪਣੇ ਕੱਪੜਿਆਂ ਦਾ ਝੋਲਾ ਤੇ ਟਾਈਪਿੰਗ ਮਸ਼ੀਨ ਚੁੱਕ ਕੇ ਜੇਲ੍ਹ ਜਾਣ ਲਈ ਤੁਰ ਪਿਆ ਸੀ, ਅਜੋਕੀ ਰਾਜਨੀਤੀ ਦੇ ਧੁਰੰਤਰ ਇਸ ਕਾਣ ਦੇ ਦਬਾਅ ਹੇਠ ਅਗਲੇ ਸਾਲ ਦੀ ਰਾਜਨੀਤੀ ਦਾ ਹਿੱਸਾ ਬਣਨ ਨੂੰ ਤਿਆਰ ਹੁੰਦੇ ਸੁਣੀਂਦੇ ਹਨ। ਸਾਡੀ ਇਹ ਗੱਲ ਅੱਜ ਕਈ ਲੋਕਾਂ ਨੂੰ ਖਾਮ-ਖਿਆਲੀ ਲੱਗ ਸਕਦੀ ਹੈ, ਪਰ ਜਿਹੜੀਆਂ ਖਬਰਾਂ ਸਾਡੇ ਤੱਕ ਪਹੁੰਚ ਰਹੀਆਂ ਹਨ, ਉਨ੍ਹਾਂ ਦਾ ਸਾਰ ਇਹੋ ਹੈ ਕਿ ਭਾਜਪਾ ਅਗਲੇ ਸਾਲ ਕਾਣਿਆਂ ਨੂੰ ਵਰਤਣ ਦਾ ਉਹੋ ਦਾਅ ਵਰਤ ਸਕਦੀ ਹੈ, ਜਿਹੜਾ ਅਕਾਲੀ ਤੇ ਕਾਂਗਰਸੀ ਆਗੂ ਕੁਰਸੀ ਉੱਤੇ ਬਹਿਣ ਅਤੇ ਬੈਠ ਗਏ ਹੋਣ ਤਾਂ ਟਿਕੇ ਰਹਿਣ ਲਈ ਵਰਤਦੇ ਰਹੇ ਹਨ। ਅਸੀਂ ਅਜੇ ਇਹ ਗੱਲ ਨਹੀਂ ਕਹਿ ਸਕਦੇ ਕਿ ਇਹ ਦਾਅ ਯਕੀਨਨ ਚੱਲ ਵੀ ਜਾਵੇਗਾ, ਪਰ ਇਸ ਦੇ ਵਰਤਣ ਦੀਆਂ ਕਨਸੋਆਂ ਫੋਕੀਆਂ ਨਹੀਂ।

# ਸਿੱਖ-ਭਾਈਚਾਰਾ ਗਤੀਸ਼ੀਲ ਅਤੇ ਪ੍ਰਗਤੀਸ਼ਲ ਹੈ-ਅੱਤਵਾਦੀ ਅਤੇ ਖਾਲਿਸਤਾਨੀ ਨਹੀਂ

ਇਹ ਗੱਲ ਮਨਣੀ ਪੈਂਦੀ ਹੈ ਕਿ ਸਿਖ ਭਾਈਚਾਰਾ ਗਤੀਸ਼ੀਲ ਹੈ ਅਤੇ ਅਜ ਅਗਰ ਅਸੀਂ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਜਾਕੇ ਦੇਖਦੇ ਹਾਂ ਤਾਂ ਸਿਖ ਭਾਈਚਾਰੇ ਦੇ ਲੋਕੀਂ ਮਿਲ ਜਾਂਦੇ ਹਨ ਅਤੇ ਅਸੀਂ ਇਹ ਵੀ ਦੇਖਦੇਹਾਂ ਪਏ ਕਿ ਸਿਖ ਭਾਈਚਾਰੇ ਦੇ ਲੋਕੀਂ ਕਿਸੇ ਵੀ ਦੇਸ਼ ਵਿੱਚ ਜਾਂ ਭਾਰਤ ਦੇ ਕਿਸੇ ਵੀ ਪ੍ਰਦੇਸ਼ ਵਿੱਚ ਗਏ ਹਨ ਉਥੇ ਦੇ ਹੀ ਹੋਕੇ ਰਹਿ ਗਏ ਹਨ ਅਤੇ ਉਸ ਇਲਾਕੇ ਦੇ ਲੋਕਾਂ ਵਿੱਚ ਇਉਂ ਮਿਲ ਗਏਹਨ ਜਿਵੇਂ ਉਸ ਇਲਾਕੇ ਦੇ ਹੀ ਵਾਸੀ ਹੁੰਦੇ ਹਨ।

ਅਸਾਂ ਇਹ ਵੀ ਦੇਖਿਆ ਹੈ ਕਿ ਸਿਖ ਭਾਈਚਾਰ ਪ੍ਰਗਤੀਸ਼ੀਲ ਹੈ ਅਤੇ ਤਰਕੀ ਕਰਨਾ ਚਾਹੁੰਦਾ ਹੈ। ਅਜ ਦਾ ਸਿਖ ਭਾਈਚਾਰਾ ਦਬ ਕੇ ਕਮਾ ਅਤੇ ਰਜਕੇ ਖਾ ਵਿੱਚ ਵਿਸ਼ਵਾਸ ਰਖਦਾ ਹੈ। ਅਗਰ ਅਸੀਂ ਅਜ ਸਿਖਾਂ ਦੇ ਰਹਿਣ ਸਹਿਣ ਅਤੇ ਜੀਵਨ ਪਧਰ ਵਲ ਝਾਤੀ ਮਾਰਦੇਹਾਂ ਤਾਂ ਸਿਖਾਂ ਦੇ ਚਿਹਰੇ ਹੀ ਦਸ ਦਿੰਦੇ ਹਨ ਕਿ ਇਹ ਭਾਈਚਾਰਾ ਖਾਂਦਾ ਪੀਂਦਾ ਹੈ ਅਤੇ ਇੰਨ੍ਹਾਂ ਦੀਆਂ ਰਸੋਈਆਂ ਵਿਚੋਂ ਉਠਦੀਆ ਖੁਸ਼ਬੂਈਆਂ ਵਡੇ ਵਡੇ ਲੋਕਾਂ ਦੇ ਮੂੰਹ ਵਿਚ ਪਾਣੀ ਲਿਆ ਦਿੰਦੀਆਂ ਹਨ।

ਸਿੱਖ ਭਾਈਚਾਰਾ ਆਪਣੇ ਵਕਤਾਂ ਵਿੱਚ ਬੜੀ ਮਾਰ ਖਾ ਬੈਠਾ ਹੈ ਅਤੇ ਅਗਰ ਅਜ ਅਸੀਂ ਹਿੰਦੁਸਤਾਨ ਦੀ ਆਜ਼ਾਦੀ ਦੀ ਗਲ ਹੀ ਕਰਦੇ ਹਾਂ ਤਾਂ ਸਿਖਾਂ ਦੇ ਗੁਰੂ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਪਹਿਲੇ ਆਦਮੀ ਸਨ ਜਿੰਨ੍ਹਾਂ ਨੇ ਇਹ ਆਖ ਦਿਤਾ ਸੀ, ਪਾਪ ਕੀ ਜੰਜ ਲੈ ਕਾਬਲੋਂ ਧਾਇਆ, ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦ ਨਾ ਆਇਆ ਅਤੇ ਸਾਡਾ ਇਤਿਹਾਸ ਗਵਾਹ ਹੈ ਕਿ ਮੁਸਲਮਾਨੀ ਰਾਜ ਦੇ ਵਕਤਾਂ ਵਿੱਚ ਜਿਤਨੇ ਜ਼ਲਮ ਸਿਖਾਂ ਉਤੇ ਮੁਗਲਾਂ ਨੇ ਕੀਤੇ ਸਨ ਸ਼ਾਇਦ ਦੁਨੀਆਂ ਦੇ ਇਤਿਹਾਸ ਵਿੱਚ ਕਿਸੇ ਉਤੇ ਵੀ ਨਾ ਕੀਤੇ ਗਏ ਹੋਣ। ਕਈ ਸਿਖ ਚਰਖੜੀਆਂ ਉਤੇ ਚਾੜ੍ਹਕੇ ਮਾਰੇ ਗਏ। ਕਈ ਸਿਖ ਆਰਿਆਂਨਾਲ ਚੀਰਕੇ ਮਾਰੇ ਗਏ। ਕਈ ਸਿਖਾਂ ਦੀਆਂ ਖੋਪਰੀਆਂ ਰੰਬੀਆਂ ਨਾਲ ਉਤਾਰੀਆਂ ਗਈਆਂ, ਕਈ ਸਿਖਾਂ ਨੂੰ ਜਮੂਰਾ ਨਾਲ ਮਾਸ ਨੋਚ ਨੋਚਕੇ ਮਾਰਿਆ ਗਿਆ। ਕਈ ਸਿਖਾਂ ਨੂੰ ਉਬਲਦੀਆਂ ਦੇਗਾਂ ਵਿੱਚ ਪਾਇਆ ਗਿਆ। ਕਈ ਸਿਖਾਂ ਉਤੇ ਤਤੀਆਂ ਰੇਤਾਂ ਪਾਈਆਂ ਗਈਆਂ। ਕਈ ਸਿਖਾਂ ਨੂੰ ਤਤੀਆਂ ਤਵੀਆਂ ਉਤੇ ਬਿਠਾਇਆ ਗਿਆ। ਨਿਕੇ ਨਿਕੇ ਮਾਸੂਮਾਂ ਨੂੰ ਜਿਉਂਦਿਆ ਕੰਧਾ ਵਿੱਚ ਚਿਣ ਦਿਤਾ ਗਿਆ। ਅਰਥਾਤ ਮੁਸਲਮਾਨਾਂ ਦੇ ਕੁਰਾਨ ਵਿੱਚ ਜਿਤਨੀਆਂ ਵੀ ਸਜ਼ਾਵਾਂ ਲਿਖੀਆਂ ਹਨ, ਕਿਸੇ ਮੁਸਲਮਾਨ ਉਤੇ ਇਹ ਵਰਤੀਆਂ ਗਈਆਂ ਸਨ ਜਾਂ ਨਹੀਂ ਸਾਨੂੰ ਨਹੀਂ ਪਤਾ ਪਰ ਮੁਸਲਮਾਨਾ ਨੇ ਇਹ ਸਜ਼ਾਵਾਂ ਸਿਖਾਂ ਵਓਤੇ ਵਰਤਕੇ ਦੇਖਆਂ ਸਨ।



ਅਗਰ ਅਸੀਂ ਹਿੰਦੁਸਤਾਨ ਦੀ ਆਜ਼ਾਦੀ ਦੀ ਜੰਗ ਦੀ ਗਲ ਕਰਦੇ ਹਾਂ ਤਾਂ ਇਹ ਸ੍ਰੀ ਗੁਰੂ ਹਰਗੋਬਿੰਦ ਜੀ ਦੇ ਵਕਤਾਂ ਵਿੱਚ ਹੀ ਬਾਕਾਇਦਾ ਚਲਾ ਦਿਤੀ ਗਈ ਸੀ ਅਤੇ ਅਸਾਂ ਇਤਿਹਾਸ ਵਿੱਚ ਪੜ੍ਹਿਆ ਹੈ ਕਿ ਸ੍ਰੀ ਗੁਰੂ ਗੋਬਿੰਦ ਸ੍ਹਿਘ ਜੀ ਨੇ ਤਾਂ ਬਾਕਾਇਦਾ ਫੌਜ ਬਣਾਕੇ ਮੁਗਲਾਂ ਤੋਂ ਆਜ਼ਾਦੀ ਲਈ ਜੰਗ ਛੇੜ ਦਿਤੀ ਸੀ ਅਤੇ ਅਗਰ ਅਸੀਂ ਅੰਗਰੇਜ਼ਾਂ ਪਾਸੋਂ ਆਜ਼ਾਦੀ ਦੀ ਜੰਗ ਦੀ ਗਲ ਕਰਦੇ ਹਾਂ ਤਾਂ ਇਸ ਵਿਚ ਫਾਂਸੀਆਂ ਉਤੇ ਲਟਕਾਏ ਗਏ, ਪੁਲਿਸ ਦੀਆਂ ਗੋਲੀਆਂ ਨਾਲ ਮਾਰੇ ਗਏ, ਜੇਨ੍ਹਾਂ ਵਿੱਚ ਬੰਦ ਕੀਤੇ ਗਏ ਅਤੇ ਅਗਰ ਕਾਲੇ ਪਾਣੀਆਂ ਦੀਆਂ ਸਜ਼ਾਵਾਂ ਦੀ ਗਲ ਕਰਦੇ ਹਾਂ ਤਾਂ ਸਿਖਾਂ ਦੀ ਗਿਣਤੀ ਘਟ ਨਹੀਂ ਰਹੀ ਹੈ ਬਲਕਿ ਆਪਣੀ ਆਬਾਦੀ ਦੇ ਲਿਹਾਜ਼ ਨਾਲ ਸਦਾ ਹੀ ਜ਼ਿਆਦਾ ਰਹੀ ਹੈ।

ਆਜ਼ਾਦੀ ਬਾਅਦ ਇਹ ਜਿਹੜਾ ਭਾਰਤ ਬਣਿਆ ਹੈ ਇਸ ਵਿਚ ਚਾਹੇ ਖੇਤੀ ਦਾ ਖੇਤਰ ਸੀ, ਚਾਹੇ ਮਿਲਟਰੀ ਦਾ ਖੇਤਰ ਸੀ, ਚਾਹੇ ਵਿਉਪਾਰ ਦਾ ਖੇਤਰ ਸੀ,। ਚਾਹੇ ਪ੍ਰਸ਼ਾਸਨ ਦਾ ਖੇਤਰ ਸੀ ਸਿਖ ਭਾਈ ਚਾਰਾ ਸਭਤੋਂ ਮੂਹਰੀ ਰਿਹਾ ਹੈ ਅਤੇ ਬੇਸ਼ਕ ਬਟਵਾਰੇ ਵਕਤ ਵੀ ਖਾਲਿਸਤਾਨ ਦੀ ਗਲ ਤੁਰ ਪਈ ਸੀ, ਪਰ ਸਿਆਣੇ ਸਿਖਾਂ ਨੇ ਇਹ ਫੈਸਲਆ ਕਰ ਲਿਆਂ ਸੀ ਕਿ ਸਿਖ ਭਾਰਤ ਨਾਲ ਹੀ ਰਹਿਣਗ। ਅਤੇ ਇਸ ਲਿਹਾਜ਼ ਨਾਲ ਸਿਖ ਭਾਰਤ ਦੈ ਪਹਿਲੇ ਨਾਗਰਿਕ ਬਣ ਜਾਂਦੇ ਹਨ ਅਤੇ ਅਸਾਂ ਦੇਖਿਆ ਵੀ ਹੈ ਕਿ ਸਿਖ ਭਾਈਚਾਰੇ ਬਟਵਾਰੇ ਬਾਅਦ ਭਾਰਤ ਦੇ ਕੋਨੇ ਕੋਨੇ ਵਿਚ ਜਾਕੇ ਵਸਗਿਆ ਹੈ ਅਤੇ ਉਥੋਂ ਦਾ ਹੀ ਹੋਕੇ ਰਹਿ ਗਿਆ ਹੈ।

ਇਹ ਹੈ ਸਿਖ ਭਾਈਚਾਰੇ ਦਾ ਇਤਿਹਾਸ ਅਤੇ ਅਸਾਂ ਦੇਖਿਆਂ ਸਿਖ ਭਾਈਚਾਰਾ ਸਿਰਫ ਭਾਰਤ ਹੀ ਨਹੀਂ ਬਲਕਿ ਦੁਨੀਆਂ ਭਰ ਵਿੱਚ ਮਾਣ ਅਤੇ ਸਤਿਕਾਰ ਪ੍ਰਾਪਤ ਕਰ ਬੈਠਾ ਸੀ। ਭਾਰਤ ਅੰਦਰ ਸਿਖ ਭਾਈਚਾ ਸਰਦਾਰ ਜੀ ਵਾਲਾ ਰੁਤਬਾ ਹਾਸਲ ਕਰ ਬੈਠਾ ਸੀ ਅਤੇ ਭਾਰਤ ਦੇ ਲੋਕਾਂ ਵਿੱਚ ਇਹ ਵਿਸ਼ਵਾਸ ਬਣ ਆਇਆ ਸੀ ਕਿ ਇਸ ਭਾਈਚਾਰੇ ਦੇ ਹਰ ਆਦਮੀ ਉਤੇ ਵਿਸ਼ਾਸ ਕੀਤਾ ਜਾ ਸਕਦਾ ਹੈ। ਅਗਰ ਬਸ ਜਾਂਗਡੀ ਦੇ ਡਿਬੇ ਵਿੱਚ ਸਵਾਰੀਆਂ ਘਟ ਹਨ ਅਤੇ ਇਕ ਸਰਦਾਰ ਜੀ ਵੀ ਅਗਰ ਬੈਠਾ ਹੁੰਦਾ ਸੀ ਤਾ ਇਕਲੀ ਔਰਤ ਵੀ ਆਪਣੇ ਆਪ ਨੂੰ ਸੇਫ ਸਮਝਦੀ ਸੀ ਕਿ ਸਰਦਾਰ ਜੀ ਬੈਠਾ ਹੈ। ਅਤੇਸਿਖ ਚਾਹੈ ਮਿਲਟਰੀ ਵਿੱਚ ਸਨ, ਚਾਹੇ ਪੁਲਿਪਸ ਵਿੱਚ ਸਨ ਮੁਲਕ ਵਿਸ਼ਵਾਸ ਕਰਦਾ ਸੀ ਕਿ ਮੁਲਕ ਹਰ ਪਾਸੋਂ ਸੁਰਖਿਅਤ ਚੈ। ਕਦੀ ਕਿਸੇ ਨੇ ਇਹ ਨਹੀਂ ਸੀ ਸੋਚਿਆ ਕਿ ਸਿਖ ਅਤਵਾਦੀ ਹੈ ਜਾਂ ਸਿਖ ਖਾਲਿਸਤਾਨ ਚਾਹੁੰਦਾ ਹੈ। ਇਹ ਗਲਾਂ ਪਤਾ ਨਹੀਂ ਕਿਸਨੇ ਅਸੀਆਂ ਦੇ ਕਰੀਬ ਸ਼ੁਰੂ ਕਰ ਦਿਤੀਆਂ ਅਤੇ ਬਾਕਾਇਦਾ ਇਕ ਲਹਿਰ ਚਲੀ ਜਿਸ ਦੀ ਆਗਵਾਨੀ ਰਾਜਸੀ ਲੋਕੀਂ ਨਹੀਂ ਸਨ ਕਰ ਰਹੇ ਅਤੇ ਜਿਸ ਕਿਸੇ ਨੇ ਵੀ ਇਹ ਲਹਿਰ ਚਲਾਈ ਸੀ ਉਸਨੇ ਸਿਖ ਭਾਈਚਾਰੇ ਪਾਸੋਂ ਸਲਾਹ ਨਹੀਂ ਸੀ ਲਿਤੀ। ਇਹ ਲਹਿਰ ਅਤਵਾਦ ਨਾਲ ਚਲਾਈ ਗਈ ਸੀ ਜਿਸਦਾ ਸਿਖ ਇਤਿਹਾਸ ਨਾਲ ਕੋਈ ਜੋੜ ਮੇਨ ਨਹੀ ਸੀ ਅਤੇ ਨਾਂ ਹੀ ਇਹ ਸੋਚਿਆ ਹੀ ਗਿਆ ਸੀ ਕਿ ਭਾਰਤ ਪਾਸ ਇਤਨੀ ਵਡੀ ਫੌਜ ਹੈ ਅਤੇ ਇਹ ਨਿਕੇ ਨਿਕੇ ਹਥਿਆਰਾਂ ਨਾਲ ਕੋਇ. ਲੜਾਈ ਜਿਤੀ ਨਹੀਂਜਾ ਸਕਦੀ। ਅਤੇ ਰਾਜਸੀ ਲੋਕਾਂ ਦੀ ਵੀ ਸਲਾਹ ਨਹੀਂ ਲਿਤੀ ਗਈ ਸੀ ਸਗੋਂ ਰਾਜਸੀ ਲੋਕੀਂ ਆਪ ਹੀ ਇਸ ਲਹਿਰ ਦੀ ਮਾਰ ਤੋਂ ਬਚਣ ਲਈ ਲੁਕੀ ਜਾ ਰਹੇ ਸਨ। ਇਸ ਲਹਿਰ ਦਾ ਅੰਤ ਸਿਖ ਭਾਈਚਾਰੇ ਨੂੰ ਦੇਖਣਾ ਪਿਆ ਅਤੇ ਕੁਲ ਮਿਲਾਕੇ ਸਿਖਾਂ ਦਾ ਇਤਨਾ ਨੁਕਸਾਨ ਹੋਇਆ ਜਿਤਨਾ ਅਜ ਤਕ ਕਿਸੇ ਵੀ ਲਹਿਰ ਵਿਚ ਨਹੀਂ ਸੀ ਹੋਇਆ। ਕਿਤਨੇ ਹੀ ਨੌਜਵਾਨਾ ਦੀ ਮੌਤ ਹੋ ਗਈ ਅਤੇ ਅਤਵਾਦੀ ਅਤੇ ਖਾਲਿਸਤਾਨੀ ਦਾ ਰੁਤਬਾ ਨਸੀਬ ਹੋਇਆ। ਸਿਰਫ ਭਾਰਤ ਵਿਚ ਹੀ ਨਹੀਂ ਬਲਕਿ ਸਾਰੀ ਦੁਨੀਆਂ ਵਿੱਚ ਰੋਲਾ ਪਾ ਦਿਤਾ ਗਿਆ ਕਿ ਸਿਖ ਅਤਵਾਦੀ ਹੈ ਅਤੇ ਸਿਖ ਖਾਲਿਸਤਾਨੀ ਹੈ। ਬੇਸ਼ਕ ਮੁਲਕ ਦੀ ਸਰਕਾਰ ਨੂੰ ਅੰਦਰ ਖਾਤੇ ਪਤਾ ਸੀ ਕਿ ਸਾਰੇ ਸਿਖ ਇਸ ਲਹਿਰ ਵਿਚ ਸ਼ਾਮਲ ਨਹੀਂ ਹਨ ਅਤੇ ਇਸ ਕਰਕੇ ਅਜ ਵੀ ਮਿਲਟਰੀ, ਪ੍ਰਸ਼ਾਸਨ ਅਤੇ ਪੁਲਿਸ ਵਿੱਚ ਸਿਖਾਂ ਦੀ ਗਿਣਤੀ ਕਾਇਮ ਹੈ, ਪਰ ਸਿਖਾਂ ਦਾ ਜਿਹੜਾ ਵੀ ਨੁਕਸਨ ਹੋ ਚੁਕਾ ਹੈ ਉਹ ਕਦੀ ਵੀ ਪੂਰਾ ਨਹੀਂ ਹੋ ਸਕਣਾ ਅਤੇ ਇਹ ਵੀ ਇਕ ਸਚਾਈ ਹੈ ਕਿ ਸਦੀਆਂ ਦਾ ਜਿਹੜਾ ਮਾਣ ਸਤਿਤਕਾਰ ਇਹ ਸਿਖ ਭਾਈਚਾਰਾ ਬਣਾ ਬੈਠਾ ਸੀ ਹੁਣ ਕੋਈ ਹੋਰ ਦਸ ਦਹਾਕੇ ਪਰਿਆ ਨਹੀਂ ਜਾਣਾ ਹੈ।

*ਦਲੀਪ ਸਿੰਘ ਵਾਸਨ, ਐਡਵੋਕੇਟ*
*10ਆਓ1-ਸੀ ਵਿਕਾਸ ਕਲੋਨੀ,*
*ਪਟਿਆਲਾ-ਪੰਜਾਬ-ਭਾਰਤ-147001*
*ਫੋਨ- 0175 5191856*

# ਕੋਵਿਡ ਉਤੇ ਮਾਹਿਰਾਂ ਦੇ ਬਿਆਨ ਸੜਕ ਛਾਪ ਜੋਤਿਸ਼ੀਆਂ ਵਰਗੇ ਰਹੇ

-ਸੰਦੀਪਨ ਦੇਬ-

ਜਿਵੇਂ ਅਸੀਂ ਜਾਣਦੇ ਹਾਂ ਕਿ ਨਾਇਕ ਅਕਸਰ ਸਾਧਾਰਨ ਲੋਕ ਹੁੰਦੇ ਹਨ, ਪਰ ਚੁਣੌਤੀ ਨੂੰ ਝੱਲਣ ਪਿੱਛੋਂ ਉਹ ਖਾਸ ਕਾਰਨਾਮੇ ਕਰਦੇ ਹਨ। ਮੈਂ ਇਹ ਤਜਵੀਜ਼ ਕਰਨਾ ਚਾਹਾਂਗਾ ਕਿ ਬਹੁਤੇ ਮਾਹਿਰ ਅਜਿਹੇ ਲੋਕ ਹੁੰਦੇ ਹਨ, ਜੋ ਘਟਨਾ ਹੋਣ ਤੋਂ ਪਿੱਛੋਂ ਵਿਆਖਿਆ ਕਰਦੇ ਹਨ ਕਿ ਆਖਰ ਇਹ ਕਿਉਂ ਵਾਪਰਿਆ? ਸਾਡੇ ਮਾਹਰ ਸੋਸ਼ਲ ਮੀਡੀਆ ਉੱਤੇ ਬੜੀ ਵੱਡੀ ਭੀੜ ਦੇ ਵਾਂਗ ਹਨ, ਜੋ ਵ੍ਹਟਸਐਪ ਰਾਹੀਂ ਭੇਜੀਆਂ ਗਈਆਂ ਚੀਜ਼ਾਂ ਨੂੰ ਪਛਾਣਦੇ ਹਨ। ਅਸੀਂ ਸਾਰੇ ਅੰਕੜਿਆਂ ਦੇ ਮਾਹਰ ਹਾਂ। ਭਾਰਤ ਵਿੱਚ ਜਦੋਂ ਕੋਵਿਡ-19 ਵਾਲੀ ਦੂਸਰੀ ਲਹਿਰ ਆਈ ਤਾਂ ਮਾਹਰ ਇੱਕ ਦਮ ਘਬਰਾ ਗਏ ਕਿ ਕਿਵੇਂ ਸਰਕਾਰ ਨੂੰ ਇਸ ਵੱਲ ਦੇਖਣਾ ਚਾਹੀਦਾ ਹੈ। ਕਿਸੇ ਨੇ ਵੀ ਦੂਸਰੀ ਲਹਿਰ ਦੇ ਬਾਰੇ ਭਵਿੱਖਬਾਣੀ ਨਹੀਂ ਸੀ ਕੀਤੀ।

ਜਦੋਂ ਦੂਸਰੀ ਲਹਿਰ ਚੱਲੀ, ਇਸ ਬਾਰੇ ਭੜਥੂ ਪੈ ਗਿਆ। ਪਹਿਲੀ ਲਹਿਰ ਦੇ ਦਿਨਾਂ ਵਿੱਚ ਜੋ ਚਰਚਿਤ ਹੋਏ, ਉਨ੍ਹਾਂ ਵਿੱਚੋਂ ਡਾ. ਰਮਣਨ ਲਕਸ਼ਮੀਨਾਰਾਇਣ ਵੀ ਸਨ, ਜਿਨ੍ਹਾਂ ਭਵਿੱਖਬਾਣੀ ਕੀਤੀ ਕਿ ਪਿਛਲੀ ਅਗਸਤ ਤੱਕ 30 ਤੋਂ 40 ਲੱਖ ਮੌਤਾਂ ਹੋ ਜਾਣਗੀਆਂ। ਜਦੋਂ ਭਾਰਤ ਨੇ ਉਨ੍ਹਾਂ ਉੱਤੇ ਭਰੋਸਾ ਨਾ ਕੀਤਾ ਤਾਂ ਰਮਣਨ ਕੁਝ ਮਹੀਨੇ ਦਿਖਾਈ ਨਹੀਂ ਦਿੱਤੇ, ਪਰ ਜਦੋਂ ਦੂਸਰੀ ਲਹਿਰ ਨੇ ਸੱਟ ਮਾਰੀ ਤਾਂ ਉਨ੍ਹਾਂ ਦੇ ਵਿਚਾਰਾਂ ਨੂੰ ਪੱਛਮੀ ਮੀਡੀਆ ਨੇ ਮੁੜ ਸੁਰਜੀਤ ਕਰ ਦਿੱਤਾ। ਰਮਣਨ ਦਾ ਵਰਤਮਾਨ ਟੀਚਾ ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ ਐਂਟੀ ਬਾਡੀ ਸਰਵੇ ਉੱਤੇ ਹੈ, ਜਿਸ ਨੇ ਪਾਇਆ ਕਿ ਹਰੇਕ ਰਜਿਸਟਰਡ ਕੋਵਿਡ ਕੇਸ ਨਾਲ 34 ਹੋਰ ਕੇਸ ਜੁੜੇ ਹੋ ਸਕਦੇ ਹਨ। ਅਸਲ ਵਿੱਚ ਇਸ ਸਰਵੇ ਦੇ ਨਤੀਜੇ ਇਸ ਗੱਲ ਵੱਲ ਇਸ਼ਾਰਾ ਕਰਦੇ ਹਨ ਕਿ ਹਰ ਅਧਿਕਾਰਤ ਅੰਕੜੇ ਨਾਲ 34 ਹੋਰ ਲੋਕ ਵੀ ਇਨਫੈਕਟਿਡ ਹੋਏ, ਜਿਨ੍ਹਾਂ ਵਿੱਚੋਂ ਬਹੁਤੇ ਲੋਕਾਂ ਵਿੱਚ ਰੋਗ ਵਿਰੋਧੀ ਸ਼ਕਤੀ ਵਿਕਸਤ ਹੋਈ ਹੈ। ਕੁਝ ਲੋਕਾਂ ਨੇ ਮਹਿਸੂਸ ਕੀਤਾ ਕਿ ਉਹ ਇਨਫੈਕਟਿਡ ਹੋ ਚੁੱਕੇ ਹਨ। ਸਾਡੇ ਹਸਪਤਾਲ ਅੱਜ ਹੋਰ ਜ਼ਿਆਦਾ ਭਰੇ ਨਹੀਂ, ਜਦ ਕਿ ਰਮਣਨ ਸਮਝਦੇ ਹਨ ਕਿ ਦੇਸ਼ ਕਿਆਮਤ ਵੱਲ ਵਧ ਰਿਹਾ ਹੈ।

ਰੋਗ ਵਿਰੋਧੀ ਸ਼ਕਤੀ ਹੋਣੀ ਚੰਗੀ ਖ਼ਬਰ ਹੈ। ਫਰਵਰੀ 2020 ਵਿੱਚ ਵਿਸ਼ਵ ਦੇ ਪ੍ਰਸਿੱਧ ਕੋਰੋਨਾ ਵਾਰੀਅਰ ਡਾ. ਐਂਥਨੀ ਫਾਊਚੀ ਨੇ ਮਾਸਕ ਪਹਿਨਣ ਦੀ ਲੋੜ ਨੂੰ ਨਕਾਰ ਦਿੱਤਾ। ਕੁਝ ਮਹੀਨੇ ਬਾਅਦ ਉਨ੍ਹਾਂ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਕਦੀ ਨਹੀਂ ਕਿਹਾ ਕਿ ਮਾਸਕ ਬੇਕਾਰ ਚੀਜ਼ ਹੈ, ਉਨ੍ਹਾਂ ਨੇ ਸਿਰਫ਼ ਲੋਕਾਂ ਨੂੰ ਇਹ ਕਿਹਾ ਸੀ ਕਿ ਮਾਸਕ ਨਾ ਖ਼ਰੀਦਣ ਤਾਂ ਕਿ ਸਿਹਤ ਮੁਲਾਜ਼ਮਾਂ ਕੋਲ ਲੋੜੀਂਦੀ ਸਪਲਾਈ ਹੋਵੇ। ਇਹ ਭੈੜੀ ਸਥਿਤੀ ਉੱਤੇ ਧੋਖਾ ਦੇਣ ਵਾਲੀ ਗੱਲ ਅਤੇ ਅਣਜਾਣਤਾ ਹੈ। ਇੱਕ ਸਾਲ ਤੋਂ ਵੱਧ ਸਮੇਂ ਤੋਂ ਡਾ. ਫਾਉਚੀ ਨੇ ਇਹ ਕਹਾਣੀ ਘੜੀ ਕਿ ਕੋਵਿਡ ਵਾਇਰਸ ਕੁਦਰਤੀ ਤੌਰ ਉੱਤੇ ਪੈਦਾ ਹੋਇਆ ਹੈ ਤੇ ਇਹ ਮਨੁੱਖ ਨੇ ਜੋੜ-ਤੋੜ ਕੇ ਨਹੀਂ ਬਣਾਇਆ, ਜਿਸ ਦੀ ਪੈਦਾਇਸ਼ ਵੁਹਾਨ ਦੀ ਵਾਇਰੋਲੋਜੀ ਲੈਬ ਵਿੱਚ ਹੋਈ ਦੱਸੀ ਜਾਂਦੀ ਹੈ। ਵਧੇਰੇ ਅਮਰੀਕੀ ਮੀਡੀਆ ਨੇ ਉਨ੍ਹਾ ਦਾ ਸਾਥ ਦਿੱਤਾ। ਲਾਂਸੇਟ ਵਰਗੇ ਸਾਇੰਟਿਫਿਕ ਰਸਾਲਿਆਂ ਨੇ ਨੇ ਉਨ੍ਹਾਂ ਪੰਨਿਆਂ ਨੂੰ ਰੱਦ ਕਰ ਦਿੱਤਾ ਜਿਨ੍ਹਾਂ ਨੇ ਤਰਕ ਦਿੱਤਾ ਕਿ ਵਾਇਰਸ ਵਿੱਚ ਪ੍ਰੋਟੀਨ ਸ਼ੱਕੀ ਗ਼ੈਰ-ਕੁਦਰਤੀ ਦਿਖਾਈ ਦਿੰਦੇ ਹਨ। ਅੱਜ ਡਾ. ਫਾਉਚੀ ਮੰਨਦੇ ਹਨ ਕਿ ਇਸ ਨੂੰ ਨਕਾਰਨ ਲਈ ਉਨ੍ਹਾਂ ਕੋਲ ਲੋੜੀਂਦੀ ਸੂਚਨਾ ਨਹੀਂ ਸੀ। ਫਿਰ ਵੀ ਉਸ ਸਿਧਾਂਤ ਨੂੰ ਉਤਸ਼ਾਹਿਤ ਕਰਨ ਵਿੱਚ ਮੁਕਤੀਦਾਤਾ ਨਜ਼ਰ ਆਏ ਕਿ ਵਾਇਰਸ ਇੱਕ ਜਾਨਵਰ ਤੋਂ ਮਨੁੱਖ ਵਿੱਚ ਸਿੱਧੇ ਤੌਰ ਉੱਤੇ ਛਾਲ ਮਾਰ ਕੇ ਆਇਆ, ਜਦ ਕਿ ਇੱਕ ਵੀ ਜਾਨਵਰ ਵਾਇਰਸ ਨਾਲ ਇਨਫੈਕਟਿਡ ਨਹੀਂ ਪਾਇਆ ਗਿਆ।

ਇਸ ਦੌਰਾਨ 'ਦਿ ਵਾਸ਼ਿੰਗਟਨ ਪੋਸਟ' ਨੇ ਫਰਵਰੀ 2020 ਦੇ ਲੇਖ ਵਿੱਚ ਸ਼ਬਦਾਂ ਨੂੰ ਬਦਲ ਦਿੱਤਾ। ਲੇਖ ਦੀਆਂ ਲਾਈਨਾਂ ਅਨੁਸਾਰ ਰਿਪਬਲਿਕਨ ਸੀਨੇਟਰ ਟਾਮ ਕਾਟਨ ਉਸ ਕੋਰੋਨਾ ਵਾਇਰਸ ਦਾ ਵਿਵਾਦਿਤ ਸਿਧਾਂਤ ਦੁਹਰਾਉਂਦੇ ਰਹੇ, ਜਿਸ ਨੂੰ ਪਹਿਲਾਂ ਰੱਦ ਕੀਤਾ ਸੀ। ਤੀਸਰੀ ਲਹਿਰ ਦੂ ਚਰਚਾ ਹੈ ਕਿ ਕਦੋਂ ਸਾਡੇ ਉੱਤੇ ਵਾਰ ਕਰੇਗੀ। ਕਿਸ ਸਮੇਂ ਇਹ ਸਿਖਰ ਉੱਤੇ ਤੇ ਕਿਸ ਸਮੇਂ ਉਤਾਰ ਉੱਤੇ ਹੋਵੇਗੀ। ਸਭ ਤੋਂ ਮਸ਼ਹੂਰ ਸਿਧਾਂਤ ਅਨੁਸਾਰ ਇਹ ਲਹਿਰ ਆਪਣੇ ਸਿਖਰ ਉੱਤੇ ਸਤੰਬਰ ਤੇ ਨਵੰਬਰ ਮਹੀਨੇ ਵਿੱਚ ਹੋਵੇਗੀ ਅਤੇ ਉਸ ਦੇ ਬਾਅਦ ਜਨਵਰੀ ਤੱਕ ਇਹ ਖ਼ਤਮ ਹੋ ਜਾਵੇਗੀ। ਇਹ ਇਸ ਗੱਲ ਉੱਤੇ ਨਿਰਭਰ ਕਰਦਾ ਹੈ ਕਿ ਪਾਬੰਦੀ ਪੂਰੀ ਤਰ੍ਹਾਂ ਉਨ੍ਹਾਂ ਲਈ ਜਾਵੇ ਜਾਂ ਹੋਰ ਜ਼ਿਆਦਾ ਸਖ਼ਤ ਕਰ ਦਿੱਤੀ ਜਾਵੇ, ਜਦ ਕਿ ਇਹ ਸਾਰੇ ਅੰਦਾਜ਼ੇ ਨੀਤੀ ਘਾੜਿਆਂ ਦੇ ਮੰਤਵ ਲਈ ਹਨ। ਸਾਨੂੰ ਇੱਕ ਔਸਤਨ ਜਨਤਾ ਵਜੋਂ ਸਮਝਣਾ ਚਾਹੀਦਾ ਹੈ ਕਿ ਕੋਈ ਵੀ ਭਵਿੱਖਬਾਣੀ ਕਲਪਨਾ ਵਾਂਗ ਚੰਗੀ ਹੁੰਦੀ ਹੈ। ਕਿਸੇ ਨੇ ਵੀ ਡੈਲਟਾ ਵੇਰੀਐਂਟ ਤੇ ਇਸ ਦੀ ਇਨਫੈਕਸ਼ਨ ਦੇ ਬਾਰੇ ਕੋਈ ਭਵਿੱਖਬਾਣੀ ਨਹੀਂ ਕੀਤੀ, ਨਾ ਕਿਸੇ ਨੇ ਬਲੈਕ ਫੰਗਸ ਦੇ ਬਾਰੇ ਦੱਸਿਆ ਸੀ। ਦੂਸਰੀ ਲਹਿਰ ਦੇ ਉਭਰਨ ਦੇ ਦਿਨਾਂ ਵਿੱਚ ਮਾਹਰ ਤੀਸਰੀ ਲਹਿਰ ਬਾਰੇ ਰੌਲਾ ਪਾ ਰਹੇ ਸਨ ਅਤੇ ਇਹ ਕਹਿ ਰਹੇ ਸਨ ਕਿ ਸਾਡੇ ਬੱਚੇ ਵੀ ਪ੍ਰਭਾਵਤ ਹੋਣਗੇ। ਕੀ ਇਹ ਸਹੀ ਹੈ?

ਸੱਚਾਈ ਇਹ ਹੈ ਕਿ ਮਾਹਰਾਂ ਨੇ ਸਾਨੂੰ ਕੋਵਿਡ ਦੇ ਮਾਮਲੇ ਵਿੱਚ ਨੀਵਾਂ ਦਿਖਾਇਆ ਹੈ। ਟੀ ਵੀ ਉੱਤੇ ਆਕਸੀਜਨ ਦੀ ਕਿੱਲਤ ਬਾਰੇ ਗੱਲ ਕੀਤੀ ਜਾਂਦੀ ਹੈ ਪਰ ਆਕਸੀਜਨ ਪਲਾਂਟਾਂ ਨੂੰ ਸਥਾਪਿਤ ਕਰਨ ਦੇ ਬਾਰੇ ਕੋਈ ਚਿੰਤਤ ਨਹੀਂ।

## ਗ਼ਜ਼ਲ ਛੋਟੀ ਬਹਿਰ

ਜਦੋਂ ਤੱਕ ਜਾਨ ਬਾਕੀ ਏ।
ਮੇਰਾ ਈਮਾਨ ਬਾਕੀ ਏ।

ਨਹੀਂ ਮਿਲਿਆ ਸਹਾਰਾ,
ਬਥੇਰਾ ਤਾਣ ਬਾਕੀ ਏ।

ਗ਼ਰੂਰ ਤੇਰਾ ਨਾ-ਮਨਜ਼ੂਰ,
ਕੋਲ਼ ਜੋ ਸ਼ਾਨ ਬਾਕੀ ਏ।

ਹੋਣਗੇ ਗਿਰਗਟ ਲੋਕ ਵੀ,
ਕੀਤੀ ਜ਼ੁਬਾਨ ਬਾਕੀ ਏ।

ਕਿਉਂ ਵੱਟੀ ਚੁੱਪ, ਖੋਲ੍ਹ ਮੂੰਹ,
ਤੋਹਮਤੀ ਇਨਾਮ ਬਾਕੀ ਏ।

ਨਾ ਝੱਲੀਏ ਤੇਰਾ ਸਿਤਮ,
ਹੱਥ ਕਮਾਨ ਬਾਕੀ ਏ।

ਛੱਡ ਸਕਾਂ ਨਾ ਮਹਿਫਿਲ,
ਤੇਰਾ ਆਗਮਾਨ ਬਾਕੀ ਏ।



ਇੱਕ ਮੁਲਾਕਾਤ ਬੜੀ ਜਰੂਰੀ,
ਤੇਰਾ ਕੁੱਝ ਸਮਾਨ ਬਾਕੀ ਏ।

ਕਹਾਂ ਕਿਉਂ ਨਾ ਝੂਠਾ ਤੈਨੂੰ,
ਹੋਣਾ ਬਦਨਾਮ ਬਾਕੀ ਏ।

ਚੰਗਾ ਬਣਿਆਂ ਨਹੀਂ ਜਾਣਾ,
ਜਦੋਂ ਤੱਕ ਸ਼ੈਤਾਨ ਬਾਕੀ ਏ।

ਕਾਨੀ ਫੜ੍ਹੀ ਰੱਖ 'ਹਕੀਰ'
ਅਜੇ ਇਮਤਿਹਾਨ ਬਾਕੀ ਏ।

ਸੁਲੱਖਣ ਸਿੰਘ

## ਕਿਰਸਾਨੀ ਤੇ ਕਬਿੱਤ

ਹਲ਼ ਵਾਹੇ ,ਨੱਕੇ ਮੋੜੇ,ਮਿੱਟੀ ਨਾਲ ਮਿੱਟੀ ਹੋਵੇ,
ਤਪ ਔਖਾ ਹੁੰਦਾ ਬੜਾ,ਲੋਕੋ ਵਾਹੀਵਾਨੀ ਦਾ।
ਸੱਪਾਂ ਦੀਆਂ ਸਿਰੀਆਂ ਜੋ,ਦਿਨ ਰਾਤ ਮਿਧਦਾ ਏ,
ਜਿਗਰਾ ਕਿਸਾਨ ਦਾ ਹੈ,ਕੰਮ ਨਹੀਂ ਗਿਆਨੀ ਦਾ।
ਫ਼ਕਿਰਾਂ ਨੇ ਝੰਬੀ ਦੇਹੀ,ਕਰਜ਼ੇ ਨੇ ਮੱਤ ਮਾਰੀ,
ਲੰਘ ਜਾਏ ਏਸੇ ਤਰ੍ਹਾਂ,ਪਹਿਰ ਵੀ ਜਵਾਨੀ ਦਾ।
ਰੁੱਖਾਂ ਦੀ ਜਿਰਾਂਦ ਕਰ, ਖੜ੍ਹਾ ਰਾਖੀ ਫ਼ਸਲਾਂ ਦੀ,
ਕੱਕਰਾਂ ਚ ਠਰੇ ਜਿਹੜਾ ,ਪੁੱਤ ਓਹ ਕਿਸਾਨੀ ਦਾ।

*-ਰਾਜਨਦੀਪ ਕੌਰ ਮਾਨ*
*6239326166*

## ਕਵਿਤਾ

### ਉਡੀਕ ਬਾਰੇ...

*-ਗੁਰਬਾਜ ਸਿੰਘ*
*8837644027*

ਉਡੀਕ ..?
ਕੀ ਕਹਾਂ ਉਡੀਕ ਬਾਰੇ..?
ਬੱਸ ਇੰਨਾ ਹੀ ਕਹਾਂਗਾ ਕਿ...
ਉਡੀਦੇ ਦੋ ਰੂਪ ਹੁੰਦੇ ਨੇ...
ਇਕ ਓਹ ਉਡੀਕ..
ਜੋ ਖਤਮ ਹੋ ਜਾਂਦੀ ਹੈ...
ਤੇ ਖਤਮ ਹੋਣ ਤੇ...
ਬੇਅੰਤ ਸਕੂਨ-ਏ-ਰੂਹ ਬਖਸ਼ਦੀ ਹੈ..
ਤੇ ਦੂਜੀ ਉਹ...
ਜੋ ਕਦੇ ਖਤਮ ਨਹੀਂ ਹੁੰਦੀ...
ਦਿਨ, ਮਹੀਨੇ, ਸਾਲ ਤੇ ਸ਼ਾਇਦ..
ਤਾ-ਉਮਰ...
ਆਖਰੀ ਸਾਹਾਂ ਤੱਕ ਵੀ...
ਅਸਹਿ ਪੀੜਾਂ, ਹਿਜਰ ਤੇ ਵਿਛੋੜੇ ਦੇ..
ਲਾਬੂੰਆ ਤਾਈਂ ਸਾੜਦੀ...
ਬੇਰੋਕ..ਬੇਰਹਿਮੀ ਨਾਲ...
ਤੇ ਅੱਜ ਇਹੋ ਉਡੀਕ...
ਹੰਝੂਆਂ ਨਾਲ ਭਿੱਜੇ...
ਮੋਹ ਦੇ ਰੰਗ-ਰੱਤੇ...
ਸ਼ਬਦਾਂ ਦੇ ਵਸਤਰ ਧਾਰ...
ਕਦੇ ਇਹ ਕਵਿਤਾ ਦਾ ਰੂਪ ਲੈ ਲੈਂਦੀ ਹੈ...
ਤੇ ਕਦੇ ਗੀਤ ਬਣ ਜਾਂਦੀ ਹੈ...
ਅਰਦਾਸ-ਕਾਮਨਾ ਕਰਨਾ ਕਿ...
ਇਹ ਉਡੀਕ...
ਜ਼ਿੰਦਗੀ ਦੇ ਕਿਸੇ ਐਸੇ ਮੋੜ ਤੇ...
ਖਤਮ ਹੋ ਜਾਵੇ...
ਜਿੱਥੋਂ...
ਮੈਂ ਫੇਰ ਜਿਉਦਿਆਂ ਚ ਹੋ ਜਾਵਾਂ...
...ਆਮੀਨ।



## ਕਤਲ ਦੇ ਦੋਸ਼ੀ ਦੀ ਧੀ ਨਾਲ ਪਹਿਲਾਂ ਸਮੂਹਿਕ ਬਲਾਤਕਾਰ ਕਰਨ ਵਾਲੇ ਚਾਰ ਦੋਸ਼ੀ ਗ੍ਰਿਫਤਾਰ



ਬਟਾਲਾ, 8 ਜੁਲਾਈ (ਪੋਸਟ ਬਿਊਰੋ)- ਬਟਾਲਾ ਦੇ ਪਿੰਡ ਬਲੜਵਾਲ ਵਿੱਚ ਬੀਤੇ ਐਤਵਾਰ ਨੂੰ ਪਿਤਾ-ਪੁੱਤਰ ਸਮੇਤ ਚਾਰ ਜਣਿਆਂ ਦੀ ਹੱਤਿਆ ਦੇ ਕੇਸ ਨੇ ਨਵਾਂ ਮੋੜ ਲੈ ਲਿਆ ਹੈ। ਇਨ੍ਹਾਂ ਕਤਲਾਂ ਦੇ ਮੁੱਖ ਦੋਸ਼ੀ ਦੀ ਨਾਬਾਲਗ ਧੀ ਦਾ ਮੈਡੀਕਲ ਕਰਾਇਆ ਤਾਂ ਉਸ ਨਾਲ ਸਮੂਹਿਕ ਬਲਾਤਕਾਰ ਦੀ ਪੁਸ਼ਟੀ ਹੋਈ ਹੈ। ਇਸ ਦੇ ਬਾਅਦ ਪੁਲਸ ਨੇ ਚਾਰ ਜਣਿਆਂ ਖਿਲਾਫ ਸਮੂਹਿਕ ਬਲਾਤਕਾਰ ਦਾ ਮਾਮਲਾ ਦਰਜ ਕਰ ਲਿਆ ਹੈ। ਇਨ੍ਹਾਂ ਵਿੱਚੋਂ ਦੋ ਸਕੇ ਭਰਾ ਹਨ।

ਵਰਨਣ ਯੋਗ ਹੈ ਕਿ ਕਤਲ ਕਾਂਡ ਵਿੱਚ ਜਰਮਨ ਸਿੰਘ ਦਾ ਦਾਦਾ, ਪਿਤਾ, ਚਾਚਾ ਅਤੇ ਚਚੇਰੇ ਭਰਾ ਦੀ ਪਿੰਡ ਦੇ ਇੱਕ ਵਿਅਕਤੀ ਨੇ ਆਪਣੇ ਭਰਾ ਦੇ ਨਾਲ ਮਿਲ ਕੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। 36 ਘੰਟੇ ਅੰਦਰ ਪੁਲਸ ਨੇ ਤਿੰਨਾਂ ਕਾਤਲਾਂ ਨੂੰ ਗ੍ਰਿਫਤਾਰ ਕਰ ਲਿਆ ਸੀ। ਇਸ ਦੇ ਅਗਲੇ ਦਿਨ ਉਸ ਦੀ ਨਾਬਾਲਗ ਬੇਟੀ ਨੇ ਸਿਵਲ ਹਸਪਤਾਲ ਵਿੱਚ ਪਹੁੰਚ ਕੇ ਚਾਰ ਨੌਜਵਾਨਾਂ ਉੱਤੇ ਸਮੂਹਿਕ ਬਲਾਤਕਾਰ ਦਾ ਦੋਸ਼ ਲਾਇਆ ਸੀ। ਬੀਤੇ ਦਿਨ ਪੁਲਸ ਨੇ ਨਾਬਾਲਗਾ ਦਾ ਸਿਵਲ ਹਸਪਤਾਲ ਵਿੱਚ ਮੈਡੀਕਲ ਕਰਵਾਇਆ, ਜਿਸ ਵਿੱਚ ਸਮੂਹਿਕ ਬਲਾਤਕਾਰ ਦੀ ਪੁਸ਼ਟੀ ਹੋਈ ਹੈ।ਥਾਣਾ ਘੁਮਾਣ ਦੇ ਐਸ ਐਚ ਓ ਜੋਗਿੰਦਰ ਸਿੰਘ ਨੇ ਕਿਹਾ ਕਿ ਚਾਰੋਂ ਦੋਸ਼ੀ ਫਰਾਰ ਹਨ, ਜਲਦੀ ਉਨ੍ਹਾਂ ਨੂੰ ਫੜ ਲਿਆ ਜਾਏਗਾ। ਵਾਰਦਾਤ ਵਾਲੇ ਦਿਨ ਪਤਾ ਲੱਗਾ ਸੀ ਕਿ ਲੜਕੀ ਬਲਤਾਕਾਰ ਦੇ ਦੋਸ਼ੀ ਨਾਲ ਰਾਤ ਵੇਲੇ ਘਰੋਂ ਗਈ ਤੇ ਸਵੇਰੇ ਆਈ ਸੀ। ਇਸ ਦੇ ਬਾਅਦ ਉਸ ਦੇ ਪਿਤਾ ਨੇ ਲੜਕੀ ਨੂੰ ਲੈ ਜਾਣ ਵਾਲੇ ਨੌਜਵਾਨ ਦੇ ਪਰਵਾਰ ਦੇ ਚਾਰ ਜਣਿਆਂ ਦੀ ਹੱਤਿਆ ਕਰ ਦਿੱਤੀ ਸੀ।

### ਬਿਜਲੀ ਬਣੇਗੀ 2022 ਦਾ ਚੋਣ ਮੁੱਦਾ:

## ਬਿਜਲੀ ਸਮਝੌਤੇ ਤੋਂ ਪਿੱਛੇ ਹਟੀ ਤਾਂ ਕਾਂਗਰਸ ਨੂੰ ਝਟਕਾ ਲੱਗ ਸਕਦੈ

ਚੰਡੀਗੜ੍ਹ, 8 ਜੁਲਾਈ (ਪੋਸਟ ਬਿਊਰੋ)- ਪੰਜਾਬ ਵਿੱਚ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਬਿਜਲੀ ਮੁੱਦਾ ਬਣੇਗਾ। ਇਸ ਸਾਲ ਕੱਟਾਂ ਕਾਰਨ ਜਨਤਾ ਤੇ ਉਦਯੋਗ ਜਗਤ ਪ੍ਰੇਸ਼ਾਨ ਹੈ ਤੇ ਇਸ ਤੋਂ ਕਾਂਗਰਸ ਸਰਕਾਰ ਪ੍ਰਤੀ ਨਾਰਾਜ਼ਗੀ ਉਭਰ ਰਹੀ ਹੈ। ਕੱਟਾਂ ਦੇ ਨਾਲ ਸਰਕਾਰ ਬਿਜਲੀ ਸਮਝੌਤਿਆਂ ਬਾਰੇ ਵੀ ਨਿਸ਼ਾਨੇ ਉੱਤੇ ਹੈ। ਵਿਰੋਧੀ ਧਿਰ ਹੀ ਨਹੀਂ, ਕਾਂਗਰਸ ਦੇ ਆਪਣੇ ਨੇਤਾ, ਵਿਧਾਇਕ, ਪਾਰਲੀਮੈਂਟ ਮੈਂਬਰ ਤੇ ਸੂਬਾ ਪ੍ਰਧਾਨ ਵੀ ਸਰਕਾਰ ਉੱਤੇ ਸਵਾਲ ਉਠਾ ਰਹੇ ਹਨ।

ਵਰਨਣ ਯੋਗ ਹੈ ਕਿ ਤਿੰਨ ਪ੍ਰਾਈਵੇਟ ਥਰਮਲ ਪਲਾਂਟਾਂ ਨਾਲ ਬਿਜਲੀ ਖਰੀਦ ਸਮਝੌਤੇ ਰੱਦ ਕਰਨ ਦੇ ਲਈ ਰਾਜਸਰਕਾਰ ਨੇ ਕੋਈ ਕਦਮ ਨਹੀਂ ਉਠਾਇਆ, ਜਦ ਕਿ ਕਾਂਗਰਸ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ 2017 ਦੀਆਂ ਚੋਣਾਂ ਤੋਂ ਪਹਿਲਾਂ ਦਾਅਵਾ ਕਰਦੇ ਰਹੇ ਸਨ ਕਿ ਕਾਂਗਰਸ ਸਰਕਾਰ ਬਣਨ ਉੱਤੇ ਸਮਝੌਤਿਆਂ ਨੂੰ ਰੱਦ ਕਰ ਦੇਵਾਂਗੇ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਸਮਝੌਤਿਆਂ ਨੂੰ ਏਦਾਂ ਰੱਦ ਨਹੀਂ ਕੀਤਾ ਜਾ ਸਕਦਾ। ਇਸ ਨਾਲ ਭਵਿੱਖ ਵਿੱਚ ਵੱਡੇ ਨਿਵੇਸ਼ਕ ਸਰਕਾਰ ਉੱਤੇ ਵਿਸ਼ਵਾਸ ਨਹੀਂ ਕਰਨਗੇ। ਉਨ੍ਹਾਂ ਨੇ ਮਾਰਚ 2020 ਦੇ ਬਜਟ ਸੈਸ਼ਨ ਵਿੱਚ ਸਮਝੌਤਿਆਂ ਨੂੰ ਗਲਤ ਦੱਸਦੇ ਹੋਏ ਵਾਅਦਾ ਕੀਤਾ ਸੀ ਕਿ ਅਗਲੇ ਸੈਸ਼ਨ ਵਿੱਚ ਸਰਕਾਰ ਇਸ ਮੁੱਦੇ ਉੱਤੇ ਵ੍ਹਾਈਟ ਪੇਪਰ ਲਿਆਏਗੀ, ਪਰ 15 ਮਹੀਨੇ ਤੋਂ ਵੱਧ ਸਮਾਂ ਬੀਤਣ ਦੇ ਬਾਵਜੂਦ ਸਰਕਾਰ ਅਜਿਹਾ ਨਹੀਂ ਕਰ ਸਕੀ। ਪੰਜਾਬ ਵਿੱਚ ਮਾਨਸੂਨ ਦੀ ਦੇਰੀ ਤੇ ਕੁਝ ਪਲਾਂਟਾਂ ਦੇ ਯੂਨਿਟ ਬੰਦ ਹੋਣ ਕਾਰਨ ਪੈਦਾ ਹੋਏ ਬਿਜਲੀ ਸੰਕਟ ਨੇ ਇਸ ਮੁੱਦੇ ਨੂੰ ਕੈਪਟਨ ਸਰਕਾਰ ਦੇ ਗਲੇ ਦੀ ਹੱਡੀ ਬਣਾ ਦਿੱਤਾ ਹੈ। ਵਿਰੋਧੀ ਦਲ ਲਗਾਤਾਰ ਸਰਕਾਰ ਉੱਤੇ ਹਮਲੇ ਕਰ ਰਹੇ ਹਨ,ਕਿਉਂਕਿ ਬਿਜਲੀ ਸਮਝੌਤੇ ਅਕਾਲੀ ਸਰਕਾਰ ਦੇ ਸਮੇਂ ਵਿੱਚ ਹੋਏ ਸਨ, ਇਸ ਲਈ ਕਾਂਗਰਸ ਪਹਿਲਾਂ ਇਸ ਮੁੱਦੇ ਉੱਤੇ ਉਸ ਨੂੰ ਘੇਰਦੀ ਸੀ, ਪਰ ਅੱਜਕੱਲ੍ਹ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਵੀ ਕਹਿ ਰਹੇ ਹਨ ਕਿ ਸਮਝੌਤੇ ਰੱਦ ਕਰ ਕੇ ਸਰਕਾਰ ਦਿਖਾਏ।

## ਸਿੱਧੂ ਨੇ ਖੋਲ੍ਹਿਆ ਰਾਜ਼, ਫੈਸਲਾ ਲੈਣ ਦੇ ਸਾਰੇ ਅਧਿਕਾਰ ਤਾਂ ਕੈਪਟਨ ਕੋਲ, ਮੰਤਰੀ ਬਣ ਕੇ ਕੀ ਕਰਾਂ

ਚੰਡੀਗੜ੍ਹ, 8 ਜੁਲਾਈ (ਪੋਸਟ ਬਿਊਰੋ)- ਪੰਜਾਬ ਸਰਕਾਰ ਵਿੱਚ ਬਿਜਲੀ ਮੰਤਰੀ ਦਾ ਅਹੁਦਾ ਠੁਕਰਾ ਕੇ ਬਿਜਲੀ ਸੰਕਟ ਉੱਤੇ ਨਸੀਹਤ ਦੇਣ ਕਾਰਨ ਵਿਰੋਧੀਆਂ ਦੇ ਨਿਸ਼ਾਨੇ ਉੱਤੇਆਏ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਮੰਤਰੀ ਅਹੁਦਾ ਨਾ ਲੈਣਬਾਰੇ ਕਿਹਾ ਹੈ ਕਿ ਬਿਜਲੀ ਬਾਰੇ ਫੈਸਲਾ ਲੈਣ ਦੇ ਸਾਰੇ ਅਧਿਕਾਰ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਕੋਲ ਹਨ, ਜਿਹੜਾ ਮੁੱਖ ਮੰਤਰੀ ਨੂੰ ਸਿੱਧੀ ਰਿਪੋਰਟ ਕਰਦਾ ਹੈ। ਇਸ ਲਈ ਉਨ੍ਹਾਂ ਨੇ ਆਪਣਾ ਸਮਾਂ ਲੋਕਾਂ ਦੀ ਤਾਕਤ ਲੋਕਾਂ ਤਕ ਪੁਚਾਉਣ ਦਾ ਰਾਹ ਤਿਆਰ ਕਰਨ ਲਈ ਪੰਜਾਬ ਮਾਡਲ ਤਿਆਰ ਕਰਨ ਉੱਤੇ ਲਾਇਆ ਹੈ।



ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਪੰਜਾਬ ਮਾਡਲ ਦਾ ਮਤਲਬ ਨੁਕਸਦਾਰ ਬਿਜਲੀ ਖਰੀਦ ਸਮਝੌਤੇ ਰੱਦ ਕਰਨਾ, ਸਸਤੀ ਅਤੇ ਟਿਕਾਊ ਬਿਜਲੀ ਪੈਦਾ ਕਰਨਾ ਅਤੇ ਖਰੀਦਣਾ ਹੈ ਅਤੇ ਸਭ ਲਈ ਸਸਤੀ ਬਿਜਲੀ ਹਾਸਲ ਕਰਵਾਉਣ ਲਈ ਟਰਾਂਸਮਿਸ਼ਨ ਲਾਗਤ ਘਟਾਉਣਾ ਹੈ। ਉਨ੍ਹਾ ਲਿਖਿਆ ਕਿ ਨੀਤੀ ਉੱਤੇ ਕੰਮ ਨਾ ਕਰਨ ਵਾਲੀ ਰਾਜਨੀਤੀ ਨਾਕਾਰਾਤਮਕ ਪ੍ਰਚਾਰ ਹੈ ਅਤੇ ਲੋਕ ਪੱਖੀ ਏਜੰਡੇ ਤੋਂ ਬੇਮੁਖ ਲੀਡਰ ਰਾਜਨੀਤੀ ਸਿਰਫ਼ ਧੰਦੇ ਲਈ ਕਰਦੇ ਹਨ, ਪਰ ਵਿਕਾਸ ਤੋਂ ਵਾਂਝੀ ਰਾਜਨੀਤੀ ਉਨ੍ਹਾਂ ਲਈ ਕੋਈ ਮਤਲਬ ਨਹੀਂ ਰੱਖਦੀ। ਅੱਜ ਉਹ ਦੁਬਾਰਾ ਕਹਿ ਰਹੇ ਹਨ ਕਿ ਪੰਜਾਬ ਦਾ ਵਿਕਾਸ ਕਰਨ ਲਈ ਪੰਜਾਬ ਮਾਡਲ ਦੀ ਜ਼ਰੂਰਤ ਹੈ। ਸਿੱਧੂ ਨੇ ਲਿਖਿਆ ਕਿ ਅੱਜ ਸੋਲਰ ਐਨਰਜੀ 1.99 ਰੁਪਏ ਪ੍ਰਤੀ ਯੂਨਿਟ ਹੈ ਅਤੇ ਇਸ ਦੇ ਕਈ ਲਾਭ ਹਨ, ਜਿਵੇਂ ਮੌਕੇ ਉੱਤੇ ਸੋਲਰ ਟਿਊਬਵੈਲ ਨੂੰ ਮਿਲ ਸਕਦੀ ਹੈ, ਪਰ ਬਾਦਲਾਂ ਨੇ ਨੁਕਸਦਾਰ ਬਿਜਲੀ ਸਮਝੌਤੇ ਕਰਕੇ ਪੰਜਾਬ ਨੂੰ ਥਰਮਲ ਬਿਜਲੀ ਪਲਾਂਟ ਤੋਂ ਪੈਦਾ ਹੁੰਦੀ ਬਿਜਲੀ ਨਾਲ ਬੰਨ੍ਹ ਦਿੱਤਾ। ਜੇ ਇਹ ਬਿਜਲੀ ਸਮਝੌਤੇ ਰੱਦ ਨਾ ਕੀਤੇ ਗਏ ਤਾਂ ਅਸੀਂ ਦਹਾਕਿਆਂ ਤਕ ਵੱਡੀ ਕੀਮਤ ਚਕਾਉਂਦੇ ਰਹਾਂਗੇ।

## ਆਈ ਐਸ ਆਈ ਲਈ ਜਾਸੂਸੀ ਕਰਦੇ ਦੋ ਫ਼ੌਜੀ ਜਵਾਨ ਗ੍ਰਿਫ਼ਤਾਰ

ਚੰਡੀਗੜ੍ਹ, 8 ਜੁਲਾਈ (ਪੋਸਟ ਬਿਊਰੋ)- ਪੰਜਾਬ ਪੁਲਸ ਨੇ ਪਾਕਿਸਤਾਨ ਦੀ ਆਈ ਐਸ ਆਈ ਨੂੰ ਇੰਟਰ-ਸਰਵਿਸਿਜ਼ ਕਲਾਸੀਫਾਈਡ ਦਸਤਾਵੇਜ਼ ਪੁਚਾਉਣ ਦੇ ਦੋਸ਼ ਵਿੱਚ ਫ਼ੌਜ ਦੇ ਦੋ ਜਵਾਨਾਂ ਦੀ ਗ੍ਰਿਫ਼ਤਾਰੀ ਕਰਕੇ ਕਰਾਸ-ਬਾਰਡਰ ਜਾਸੂਸੀ ਨੈਟਵਰਕ ਦਾ ਪਰਦਾਫਾਸ਼ ਕੀਤਾ ਹੈ। ਗ੍ਰਿਫ਼ਤਾਰ ਕੀਤੇ ਜਵਾਨਾਂ ਵਿੱਚੋਂ ਇੱਕ ਦੀ ਪਛਾਣ ਸਿਪਾਹੀ ਹਰਪ੍ਰੀਤ ਸਿੰਘ (23), ਪਿੰਡ ਚੀਚਾ ਜ਼ਿਲਾ ਹੈ, ਜੋ ਅਨੰਤਨਾਗ ਵਿੱਚ ਤਾਇਨਾਤ ਸੀ। ਉਹ 2017 ਵਿੱਚ ਫ਼ੌਜ ਵਿੱਚ ਭਰਤੀ ਹੋਇਆ ਸੀ ਅਤੇ 19 ਰਾਸ਼ਟਰੀ ਰਾਈਫਲਜ਼ ਨਾਲ ਸਬੰਧਤ ਹੈ। ਦੂਸਰਾ ਸਿਪਾਹੀ ਗੁਰਭੇਜ ਸਿੰਘ (23), ਤਰਨਤਾਰਨ ਦੇ ਪਿੰਡ ਪੂਨੀਆਂ ਦਾ ਵਸਨੀਕ ਹੈ, ਜੋ 18 ਸਿੱਖ ਲਾਈਟ ਇਨਫੈਂਟਰੀ ਨਾਲ ਸਬੰਧਤ ਹੈ ਅਤੇ ਕਾਰਗਿਲ ਵਿੱਚ ਕਲਰਕ ਵਜੋਂ ਕੰਮ ਕਰਦਾ ਸੀ। ਉਹ ਸਾਲ 2015 ਵਿੱਚ ਭਾਰਤੀ ਫ਼ੌਜ ਵਿੱਚ ਭਰਤੀ ਹੋਇਆ ਸੀ।



ਪੰਜਾਬ ਪੁਲਸ ਦੇ ਮੁਖੀ ਦਿਨਕਰ ਗੁਪਤਾ ਨੇ ਦੱਸਿਆ ਕਿ ਐਸ ਐਸ ਪੀ ਜਲੰਧਰ ਦਿਹਾਤੀ ਨਵੀਨ ਸਿੰਗਲਾ ਦੀ ਅਗਵਾਈ ਵਿੱਚ ਪੁਲਸ ਨੇ ਐਨ ਡੀ ਪੀ ਐਸ ਕੇਸ ਦੀ ਜਾਂਚ ਦੌਰਾਨ ਸਰਹੱਦ ਪਾਰ ਨਸ਼ਾ ਤਸਕਰੀ ਕਰਨ ਵਾਲੇ ਰਣਵੀਰ ਸਿੰਘ ਨੂੰ 24 ਮਈ 2021 ਨੂੰ 70 ਗ੍ਰਾਮ ਹੈਰੋਇਨ ਨਾਲ ਫੜਿਆ ਤਾਂ ਉਸ ਕੋਲੋਂ ਭਾਰਤੀ ਫ਼ੌਜ ਦੀ ਕਾਰਜ ਪ੍ਰਣਾਲੀ ਅਤੇ ਤਾਇਨਾਤੀ ਦੇ ਗੁਪਤ ਦਸਤਾਵੇਜ਼ ਮਿਲੇ ਸਨ। ਉਸ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਉਸ ਨੂੰ ਇਹ ਦਸਤਾਵੇਜ਼ ਸਿਪਾਹੀ ਹਰਪ੍ਰੀਤ ਸਿੰਘ, ਜੋ ਉਸ ਦਾ ਦੋਸਤ ਹੈ ਅਤੇ ਦੋਵੇਂ ਇੱਕੋ ਪਿੰਡ ਦੇ ਵਾਸੀ ਹਨ, ਤੋਂ ਮਿਲੇ ਹਨ। ਡੀ ਜੀ ਪੀ ਦਿਨਕਰ ਗੁਪਤਾ ਨੇ ਕਿਹਾ ਕਿ ਰਣਵੀਰ ਨੇ ਸਿਪਾਹੀ ਹਰਪ੍ਰੀਤ ਸਿੰਘ ਨੂੰ ਫ਼ੌਜ ਨਾਲ ਸਬੰਧਤ ਕਲਾਸੀਫਾਈਡ ਦਸਤਾਵੇਜ਼ ਸਾਂਝੇ ਕਰਨ ਅਤੇ ਪੈਸੇ ਕਮਾਉਣ ਲਈ ਪ੍ਰੇਰਿਤ ਕੀਤਾ, ਜਿਸ ਪਿੱਛੋਂ ਉਸ ਨੇ ਆਪਣੇ ਦੋਸਤ ਸਿਪਾਹੀ ਗੁਰਭੇਜ ਨੂੰ ਇਨ੍ਹਾਂ ਦੇਸ਼ ਵਿਰੋਧੀ ਕੰਮਾਂ ਵਿੱਚ ਸ਼ਾਮਲ ਕਰ ਲਿਆ। ਗੁਪਤਾ ਨੇ ਦੱਸਿਆ ਕਿ ਗੁਰਭੇਜ 121 ਇਨਫੈਂਟਰੀ ਬ੍ਰਿਗੇਡ ਹੈਡਕੁਆਰਟਰ, ਕਾਰਗਿਲ ਵਿੱਚ ਬਤੌਰ ਕਲਰਕ ਕੰਮ ਕਰਦਾ ਹੋਣ ਕਰ ਕੇ ਉਸ ਨੂੰ ਭਾਰਤੀ ਫ਼ੌਜ ਦੀਆਂ ਰਣਨੀਤਕ ਅਤੇ ਜੰਗੀ ਨੀਤੀਆਂ ਦੀ ਜਾਣਕਾਰੀ ਦੇ ਇਨ੍ਹਾਂ ਕਲਾਸੀਫਾਈਡ ਦਸਤਾਵੇਜ਼ਾਂ ਤਕ ਪਹੁੰਚ ਕਰਨੀ ਸੌਖੀ ਸੀ। ਦੋਵੇਂ ਦੋਸ਼ੀ ਫ਼ੌਜੀਆਂ ਨੇ ਫਰਵਰੀ ਤੋਂ ਮਈ 2021 ਚਾਰ ਮਹੀਨਿਆਂ ਵਿੱਚ ਦੇਸ਼ ਦੀ ਫ਼ੌਜ ਅਤੇ ਕੌਮੀ ਸੁਰੱਖਿਆ ਨਾਲ ਸਬੰਧਤ 900 ਤੋਂ ਵੱਧ ਕਲਾਸੀਫਾਈਡ ਦਸਤਾਵੇਜ਼ਾਂ ਦੀਆਂ ਤਸਵੀਰਾਂ ਸ਼ੇਅਰ ਕੀਤੀਆਂ, ਜਿਨ੍ਹਾਂ ਨੂੰ ਦੋਸ਼ੀਆਂ ਨੇ ਅੱਗੇ ਪਾਕਿਸਤਾਨੀ ਖੁਫ਼ੀਆ ਅਧਿਕਾਰੀ ਨੂੰ ਸੌਂਪ ਦਿੱਤਾ। ਉਨ੍ਹਾਂ ਦੱਸਿਆ ਕਿ ਰਣਵੀਰ ਅੱਗੇ ਇਹ ਕਲਾਸੀਫਾਈਡ ਦਸਤਾਵੇਜ਼ ਆਈ ਐਸ ਆਈ ਦੇ ਕਾਰਕੁੰਨਾਂ ਨੂੰ ਸਿੱਧੇ ਜਾਂ ਅੰਮ੍ਰਿਤਸਰ ਦੇ ਪਿੰਡ ਦਾਓਕੇ ਦੇ ਨਸ਼ਾ ਤਸਕਰ ਗੋਪੀ ਰਾਹੀਂ ਭੇਜਦਾ ਸੀ। ਗੋਪੀ, ਪਾਕਿਸਤਾਨ ਵਿਚਲੀ ਨਸ਼ਾ ਤਸਕਰੀ ਕਰਨ ਵਾਲੀ ਸਿੰਡੀਕੇਟ ਅਤੇ ਆਈ ਐਸ ਆਈ ਅਧਿਕਾਰੀਆਂ ਦੇ ਸੰਪਰਕ ਵਿੱਚ ਸੀ ਅਤੇ ਉਨ੍ਹਾਂ ਨਾਲ ਮਿਲ ਕੇ ਕੰਮ ਕਰਦਾ ਸੀ।

## ਨਿਹੰਗ ਸਿੰਘ ਨੇ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਬੁੱਤ ਨੂੰ ਅੱਗ ਲਾਈ

ਲੁਧਿਆਣਾ, 8 ਜੁਲਾਈ (ਪੋਸਟ ਬਿਊਰੋ)- ਇੱਕ ਨਿਹੰਗ ਸਿੰਘ ਨੇ ਕੱਲ੍ਹ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਬੁੱਤ ਨੂੰ ਅੱਗ ਲਾ ਕੇ ਨੁਕਸਾਨ ਪਹੁੰਚਾਇਆ ਅਤੇ ਖ਼ੁਦ ਆਪਣਾ ਨਾਂ ਦੱਸ ਕੇ ਫੇਸਬੁੱਕ ਉੱਤੇ ਇਹ ਘਟਨਾ ਪਾ ਦਿੱਤੀ।

ਇਹ ਘਟਨਾ ਇਸ ਸ਼ਹਿਰ ਦੇ ਸਲੇਮ ਟਾਬਰੀ ਦੇ ਪੀਰੂਬੰਦਾ ਇਲਾਕੇ ਦੀ ਹੈ, ਜਿੱਥੇ ਇੱਕ ਪਾਰਕ ਵਿੱਚ ਸਾਬਕਾ ਪ੍ਰਧਾਨ ਮੰਤਰੀ ਦਾ ਪੱਥਰ ਦਾ ਬੁੱਤ ਲੱਗਾ ਹੈ। ਇਹ ਬੁੱਤ ਪਹਿਲਾਂ ਵੀ ਸ਼ਰਾਰਤੀ ਤੱਤਾਂ ਲਈ ਸਸਤੀ ਸ਼ੌਹਰਤ ਹਾਸਲ ਕਰਨ ਦਾ ਸਾਧਨ ਬਣ ਚੁੱਕਾ ਹੈ।ਇਸ ਕੇਸ ਦਾਦੋਸ਼ੀ ਰਮਨਦੀਪ ਸਿੰਘ ਨਿਹੰਗ ਭੌਰਾ ਪਿੰਡ, ਜਲੰਧਰ ਬਾਈਪਾਸ ਅਤੇ ਸਤਪਾਲ ਨਵੀ ਵਾਸੀ ਪੀਰੂਬੰਦਾ ਨੂੰ ਕਾਸਾਬਾਦ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਸਤਪਾਲ ਨਵੀ ਕਈ ਅਪਰਾਧਕ ਕੇਸਾਂ ਵਿੱਚ ਸ਼ਾਮਲ ਰਹਿ ਚੁੱਕਾ ਹੈ। ਉਸਦੇ ਖ਼ਿਲਾਫ਼ ਲੁੱਟ-ਖੋਹ ਦੇ ਅੱਧਾ ਦਰਜਨ ਕੇਸ ਹਨ ਅਤੇ ਰਮਨਦੀਪ ਉੱਤੇਵੀ ਝਗੜੇ ਦੇ ਪਰਚੇ ਦਰਜ ਹਨ।ਰਮਨਦੀਪ ਸਿੰਘ ਨਾਮੀ ਇਸ ਨੌਜਵਾਨ ਨੇ ਆਪਣੇ ਫੇਸਬੁੱਕ ਪੇਜ ਉੱਤੇ ਵੀਡੀਓ ਵਾਇਰਲ ਕਰ ਕੇ ਇਸ ਘਟਨਾ ਦੀ ਜ਼ਿੰਮੇਵਾਰੀ ਲਈ ਅਤੇ ਗੁਰਸਿਮਰਨ ਮੰਡ ਉੱਤੇ ਨਿਸ਼ਾਨਾ ਕੱਸਦੇ ਹੋਏ ਧਮਕੀ ਦਿੱਤੀ ਕਿ ਪੰਜਾਬ ਵਿੱਚਜੇ ਹੋਰ ਬੁੱਤ ਲਾਏ ਤਾਂ ਉਹ ਵੀ ਸਾੜੇ ਜਾਣਗੇ। ਪੁਲਸ ਨੇ ਇਸ ਬਾਰੇ ਕੋਈ ਅਧਿਕਾਰਤ ਬਿਆਨ ਜਾਰੀ ਨਹੀਂ ਕੀਤਾ।

## ਸਾਂਗ ਮਾਮਲੇ ਵਿੱਚ ਪੰਜਾਬ ਸਰਕਾਰ ਵੱਲੋਂ ਲੰਗਾਹ ਨੂੰ ਕਲੀਨ ਚਿੱਟ

ਚੰਡੀਗੜ੍ਹ, 8 ਜੁਲਾਈ (ਪੋਸਟ ਬਿਊਰੋ)- ਪੰਜਾਬ ਸਰਕਾਰ ਦੇ ਪ੍ਰਾਸੀਕਿਊਸ਼ਨ ਤੇ ਲਿਟੀਗੇਸ਼ਨ ਵਿਭਾਗ ਨੇ ਅੰਮ੍ਰਿਤ ਛਕਣ ਦਾ ਸਾਂਗ ਕਰ ਕੇ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਕੇਸ ਵਿੱਚ ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ ਨੂੰ ਕਲੀਨ ਚਿੱਟ ਦੇ ਦਿੱਤੀ ਹੈ। ਬਿਊਰੋ ਆਫ ਇਨਵੈਸਟੀਗੇਸ਼ਨ ਨੇ ਇਹ ਕੇਸ ਗ੍ਰਹਿ ਵਿਭਾਗ ਪੰਜਾਬ ਨੂੰ ਭੇਜ ਦਿੱਤਾ ਹੈ, ਜਿਸ ਵਿੱਚ ਐਡਵੋਕੇਟ ਜਨਰਲ ਦਾ ਮਸ਼ਵਰਾ ਲਏ ਜਾਣ ਦੀ ਗੱਲ ਵੀ ਆਖੀ ਗਈ ਹੈ।



ਵਰਨਣ ਯੋਗ ਹੈ ਕਿ ਸੁੱਚਾ ਸਿੰਘ ਲੰਗਾਹ ਨੇ ਪਿੱਛੇ ਜਿਹੇ ਮੌਜੂਦਾ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਜਾਣੇ-ਅਣਜਾਣੇ ਹੋਈਆਂ ਭੁੱਲਾਂ ਲਈ ਮੁਆਫੀ ਦੀ ਅਪੀਲ ਕੀਤੀ ਸੀ। ਅਕਾਲ ਤਖਤ ਦੇ ਤਤਕਾਲੀ ਜਥੇਦਾਰ ਗਿਆਨੀ ਗੁਰ-ਬਚਨ ਸਿੰਘ ਨੇ ਇੱਕ ਮਹਿਲਾ ਵੱਲੋਂ ਲਾਏ ਦੋਸ਼ਾਂ ਮਗਰੋਂ ਸੁੱਚਾ ਸਿੰਘ ਲੰਗਾਹ ਨੂੰ ਛੇ ਅਗਸਤ 2017 ਨੂੰ ਸਿੱਖ ਪੰਥ ਵਿੱਚੋਂ ਛੇਕ ਦਿੱਤਾ ਸੀ। ਗੁਰਦਾਸਪੁਰ ਪੁਲਸ ਨੇ ਮਹਿਲਾ ਦੀ ਸ਼ਿਕਾਇਤ ਉੱਤੇ ਲੰਗਾਹ ਦੇ ਖਿਲਾਫ 29 ਸਤੰਬਰ 2017 ਨੂੰ ਬਲਾਤਕਾਰ ਦਾ ਕੇਸ ਦਰਜ ਕੀਤਾ ਸੀ। ਜ਼ਿਲ੍ਹਾ ਅਦਾਲਤ ਨੇ ਜੁਲਾਈ 2018 ਵਿੱਚ ਉਸ ਨੂੰ ਇਸ ਕੇਸਵਿੱਚੋਂ ਬਰੀ ਕਰ ਦਿੱਤਾ ਸੀ। ਤਿੰਨ ਅਗਸਤ 2020 ਨੂੰ ਗੁਰਦਾਸ ਨੰਗਲ ਦੇ ਗੁਰਦੁਆਰੇ ਵਿੱਚ ਪੰਜ ਪਿਆਰਿਆਂ ਅੱਗੇ ਪੇਸ਼ ਹੋ ਕੇ ਸੁੱਚਾ ਸਿੰਘ ਨੇ ਅੰਮ੍ਰਿਤ ਛਕਿਆ, ਜਿੱਥੇ ਉਸ ਨੂੰ ਸੇਵਾ ਵੀ ਲਾਈ ਗਈ ਸੀ। ਫਿਰ ਗੁਰਦਾਸਪੁਰ ਦੇ ਸਤਨਾਮ ਸਿੰਘ ਨੇ ਪੰਜਾਬ ਪੁਲਸ ਕੋਲ ਸੁੱਚਾ ਸਿੰਘ ਲੰਗਾਹ ਅਤੇ ਹੋਰਨਾਂ ਦੇ ਖਿਲਾਫ ਸ਼ਿਕਾਇਤ ਕੀਤੀ ਅਤੇ ਇਹ ਕੇਸ ਅਕਾਲ ਤਖਤ ਦੇ ਜਥੇਦਾਰ ਕੋਲ ਵੀ ਪੁੱਜ ਗਿਆ ਸੀ। ਜਥੇਦਾਰ ਅਕਾਲ ਤਖਤ ਵੱਲੋਂ ਪੰਥ ਵਿੱਚੋਂ ਛੇਕੇ ਜਾਣ ਦੇ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਮੈਂਬਰ ਗੁਰਿੰਦਰਪਾਲ ਸਿੰਘ ਗੋਰਾ ਅਤੇ ਰਤਨ ਸਿੰਘ ਜਫਰਵਾਲ ਨੂੰ ਤਨਖਾਹੀਆ ਕਰਾਰ ਦੇ ਦਿੱਤਾ ਗਿਆ ਸੀ।

ਓਧਰ ਬਿਊਰੋ ਆਫ ਇਨਵੈਸਟੀਗੇਸ਼ਨ ਨੇ ਸਤਨਾਮ ਸਿੰਘ ਦੀ ਸ਼ਿਕਾਇਤ ਉੱਤੇ ਪੜਤਾਲ ਸ਼ੁਰੂ ਕਰ ਦਿੱਤੀ ਸੀ ਅਤੇ ਗ੍ਰਹਿ ਵਿਭਾਗ ਨੇ ਇਹ ਕੇਸ ਪ੍ਰਾਸੀਕਿਊਸ਼ਨ ਅਤੇ ਲਿਟੀਗੇਸ਼ਨ ਵਿਭਾਗ ਨੂੰ ਭੇਜ ਦਿੱਤਾ ਤੇ ਇਸ ਵਿਭਾਗ ਨੇ ਕਾਨੂੰਨੀ ਮਾਹਰਾਂ ਦੀ ਟੀਮ ਬਣਾ ਕੇ ਮਾਮਲੇ ਦੀ ਜਾਂਚ ਕੀਤੀ ਸੀ। ਸ਼ਿਕਾਇਤ ਵਿੱਚ ਕਿਹਾ ਗਿਆ ਕਿ ਪੰਥਤੋਂ ਛੇਕੇ ਕਿਸੇ ਵਿਅਕਤੀ ਨੂੰ ਪੰਥਕ ਪ੍ਰੰਪਰਾਵਾਂ ਅਨੁਸਾਰ ਉਦੋਂ ਤਕ ਅੰਮ੍ਰਿਤ ਨਹੀਂ ਛਕਾਇਆ ਜਾ ਸਕਦਾ, ਜਿੰਨਾ ਚਿਰ ਪੰਜ ਸਿੰਘ ਸਾਹਿਬਾਨ ਉਸ ਨੂੰ ਮੁੜ ਕੇ ਪੰਥ ਵਿੱਚ ਸ਼ਾਮਲ ਨਹੀਂ ਕਰ ਲੈਂਦੇ।ਸ਼ਿਕਾਇਤਕਰਤਾ ਅਨੁਸਾਰ ਗੁਰਦਾਸ ਨੰਗਲ ਗੁਰਦੁ-ਆਰੇ ਵਿੱਚ ਲੰਗਾਹ ਨੂੰ ਮੁੜ ਕੇ ਪੰਥ ਵਿੱਚ ਸ਼ਾਮਲ ਕਰ ਕੇ ਸਿੱਧੇ ਤੌਰ ਉੱਤੇ ਅਕਾਲ ਤਖਤ ਦੀ ਸਰਬਉਚਤਾ ਨੂੰ ਚੁਣੌਤੀ ਦਿੱਤੀ ਗਈ ਹੈ। ਇਸ ਕੇਸ ਵਿੱਚ ਸਾਬਕਾ ਚੇਅਰਮੈਨ ਜਗਰੂਪ ਸਿੰਘ ਸਣੇ 11 ਲੋਕਾਂ ਨੇ ਦਰਖਾਸਤ ਦਿੱਤੀ ਸੀ। ਮੌਜੂਦਾ ਪੜਤਾਲ ਰਿਪੋਰਟ ਅਨੁਸਾਰ ਪ੍ਰਾਸੀਕਿਊਸ਼ਨ ਤੇ ਲਿਟੀਗੇਸ਼ਨ ਵਿਭਾਗ ਨੇ ਸੁੱਚਾ ਸਿੰਘ ਲੰਗਾਹ ਤੇ ਹੋਰਨਾਂ ਨੂੰ ਧਾਰਾ 295-ਏ ਦੇ ਮਾਮਲੇ ਵਿੱਚ ਕਲੀਨ ਚਿੱਟ ਦੇ ਦਿੱਤੀ ਅਤੇ ਕਿਹਾ ਹੈ ਕਿ ਜੇ ਸਰਕਾਰ ਚਾਹੇ ਤਾਂ ਐਡਵੋਕੇਟ ਜਨਰਲ ਤੋਂ ਇਸ ਬਾਰੇ ਕਾਨੂੰਨੀ ਰਾਇ ਲੈਣੀ ਉਚਿਤ ਹੋਵੇਗੀ। ਸਿੱਖ ਰਹਿਤ ਮਰਿਆਦਾ ਦੀਆਂ ਨੱਥੀ ਪੁਸਤਕਾਂ ਵਿੱਚ ਕੋਈ ਆਰਟੀਕਲ ਨਹੀਂ ਹੈ ਕਿ ਅਕਾਲ ਤਖਤ ਸਾਹਿਬ ਦੀ ਮਨਜ਼ੂਰੀ ਬਿਨਾਂ ਪੰਜ ਪਿਆਰਿਆਂ ਵੱਲੋਂ ਪੰਥ ਵਿੱਚੋਂ ਛੇਕੇ ਕਿਸੇ ਸਿੱਖ ਨੂੰ ਅੰਮ੍ਰਿਤ ਨਹੀਂ ਛਕਾਇਆ ਜਾ ਸਕਦਾ। ਇਸ ਕਰ ਕੇ ਇੱਥੇ ਸਿੱਖ ਰਹਿਤ ਮਰਿਆਦਾ ਦੀ ਉਲੰਘਣਾ ਨਹੀਂ ਹੋਈ। ਵਿਭਾਗੀ ਰਿਪੋਰਟ ਅਨੁਸਾਰ ਪੰਜ ਪਿਆਰਿਆਂ ਵੱਲੋਂ ਲੰਗਾਹ ਨੂੰ ਕਰਾਇਆ ਗਿਆ ਅੰਮ੍ਰਿਤਪਾਨ ਸਾਂਗ ਨਹੀਂ ਕਿਹਾ ਜਾ ਸਕਦਾ। ਇਹ ਸਭ ਸਿੱਖ ਪੰਥ ਵਿੱਚ ਸ਼ਾਮਲ ਹੋਣ ਦੀ ਕੋਸ਼ਿਸ਼ ਜਾਪਦਾ ਹੈ ਅਤੇ ਸਿੱਖ ਧਰਮ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਇਰਾਦੇ ਨਾਲ ਨਹੀਂ ਕੀਤਾ ਜਾਪਦਾ।

## ਭਾਜਪਾ ਦੇ ਬਾਗੀ ਆਗੂ ਅਨਿਲ ਜੋਸ਼ੀ ਨੂੰ ਕਾਰਨ ਦੱਸੋ ਨੋਟਿਸ

ਚੰਡੀਗੜ੍ਹ, 8 ਜੁਲਾਈ (ਪੋਸਟ ਬਿਊਰੋ)- ਭਾਰਤੀ ਜਨਤਾ ਪਾਰਟੀ ਨੇ ਆਪਣੇ ਬਾਗੀ ਆਗੂ ਅਤੇ ਸਾਬਕਾ ਮੰਤਰੀ ਅਨਿਲ ਜੋਸ਼ੀ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਹੈ, ਜਿਸ ਬਾਰੇ ਪਾਰਟੀ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਜੋਸ਼ੀ ਵੱਲੋਂ ਪਿਛਲੇ ਦਿਨਾਂ ਤੋਂ ਕੀਤੀ ਬਿਆਨਬਾਜ਼ੀ ਨੇ ਪਾਰਟੀ ਦਾ ਨੁਕਸਾਨ ਕੀਤਾ ਹੈ, ਜਿਸ ਲਈ ਉਨ੍ਹਾਂ ਨੂੰ ਦੋ ਦਿਨਾਂ ਦੇ ਅੰਦਰ ਸਥਿਤੀ ਸਪੱਸ਼ਟ ਕਰਨ ਲਈ ਕਿਹਾ ਗਿਆ ਹੈ।

ਅਸ਼ਵਨੀ ਸ਼ਰਮਾ ਨੇ ਕਿਹਾ ਕਿ ਸਾਬਕਾ ਮੰਤਰੀ ਨੇ ਇੱਕ ਵਾਰੀ ਨਹੀਂ, ਪਾਰਟੀ ਵਿਰੋਧੀ ਬਿਆਨਬਾਜ਼ੀ ਕਈ ਵਾਰ ਦੁਹਰਾਈ ਹੈ। ਪਾਰਟੀ ਦੇ ਸੂਬਾ ਪ੍ਰਧਾਨ ਦੀ ਇਸ ਕਾਰਵਾਈ ਨਾਲ ਭਾਜਪਾ ਦਾ ਨਵਾਂ ਅੰਦਰੂਨੀ ਸੰਕਟ ਸ਼ੁਰੂ ਹੋਣ ਦੇ ਆਸਾਰ ਹਨ, ਕਿਉਂਕਿ ਅਨਿਲ ਜੋਸ਼ੀ ਸਮੇਤ ਕਈ ਆਗੂਆਂ ਨੇ ਖੇਤੀ ਕਾਨੂੰਨਾਂ ਦੇ ਮਾਮਲੇ ਉਤੇ ਸੂਬਾਈ ਤੇ ਕੇਂਦਰੀ ਲੀਡਰਸ਼ਿਪ ਨੂੰ ਸ਼ੀਸ਼ਾ ਦਿਖਾਉਣ ਦੇ ਯਤਨ ਕੀਤੇ ਸਨ। ਪਾਰਲੀਮੈਂਟ ਵੱਲੋਂ ਖੇਤੀ ਕਾਨੂੰਨ ਪਾਸ ਕੀਤੇ ਜਾਣ ਤੋਂ ਬਾਅਦ ਭਾਜਪਾ ਨੂੰ ਪੰਜਾਬ ਵਿੱਚ ਲਗਾਤਾਰ ਕਿਸਾਨਾਂ ਦੇ ਰੋਹ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਕਿਸਾਨਾਂ ਨੇ ਭਾਜਪਾ ਆਗੂਆਂ ਦੇ ਘਰਾਂ ਦਾ ਘਿਰਾਓ ਹੀ ਨਹੀਂ ਕੀਤਾ ਹੋਇਆ, ਸਗੋਂ ਭਾਜਪਾ ਨੂੰ ਸਿਆਸੀ ਗਤੀਵਿਧੀਆਂ ਕਰਨੀਆਂ ਵੀ ਔਖੀਆਂ ਹੋ ਗਈਆਂ ਹਨ। ਵਿਧਾਨ ਸਭਾ ਦੀਆਂ ਚੋਣਾਂ ਸਿਰ ਉੱਤੇ ਹੋਣ ਕਾਰਨ ਭਾਜਪਾ ਦੀ ਸਥਿਤੀ ਨਾਜ਼ੁਕ ਬਣੀ ਹੋਈ ਹੈ।

ਅਨਿਲ ਜੋਸ਼ੀ ਨੇ ਪਿਛਲੇ ਇੱਕ ਮਹੀਨੇ ਦੇ ਵੀ ਵੱਧ ਸਮੇਂ ਤੋਂ ਖੇਤੀ ਕਾਨੂੰਨਾਂ ਦੇ ਮਾਮਲੇ ਉੱਤੇ ਪਾਰਟੀ ਆਗੂਆਂ ਦੇ ਵਿਹਾਰ ਦੀ ਨਿੰਦਾ ਕੀਤੀ ਸੀ ਤੇ ਕਿਸਾਨ ਅੰਦੋਲਨ ਦੇ ਹੱਲ ਲਈ ਕਿਸਾਨਾਂ ਦੀ ਗੱਲ ਸੁਣਨ ਦੀ ਵਕਾਲਤ ਕੀਤੀ ਸੀ। ਉਨ੍ਹਾਂ ਇਹ ਵੀ ਕਿਹਾ ਸੀ ਕਿ ਪਾਰਟੀ ਦੀ ਕੌਮੀ ਲੀਡਰਸ਼ਿਪ ਜ਼ਮੀਨੀ ਹਾਲਤ ਸਮਝ ਨਹੀਂ ਰਹੀ। ਉਨ੍ਹਾਂ ਇੱਥੋਂ ਤੱਕ ਆਖ ਦਿੱਤਾ ਸੀ ਕਿ ਲੋਕ ਸਾਨੂੰ ਬਾਹਰ ਨਹੀਂ ਨਿਕਲਣ ਦੇ ਰਹੇ ਤੇ ਅਸੀਂ ਸਰਕਾਰ ਬਣਾਉਣ ਦੇ ਦਾਅਵੇ ਕਰਦੇ ਹਾਂ। ਭਾਜਪਾ ਦੇ ਇੱਕ ਹੋਰ ਆਗੂ ਕੇ ਡੀ ਭੰਡਾਰੀ ਨੇ ਵੀ ਅਨਿਲ ਜੋਸ਼ੀ ਨਾਲ ਸੁਰ ਮਿਲਾਉਂਦਿਆਂ ਖੇਤੀ ਕਾਨੂੰਨਾਂ ਵਿਰੁੱਧ ਅੰਦੋਲਨ ਦਾ ਸਾਰਥਕ ਹੱਲ ਕੱਢਣ ਦਾ ਮਸ਼ਵਰਾ ਦਿੱਤਾ ਸੀ। ਜੋਸ਼ੀ ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਮੰਤਰੀ ਰਹੇ ਹਨ ਤੇ ਅੰਮ੍ਰਿਤਸਰ ਸ਼ਹਿਰ ਦੇ ਇੱਕ ਹਲਕੇ ਦੀ ਨੁਮਾਇੰਦਗੀ ਕਰਦੇ ਸਨ, ਭੰਡਾਰੀ ਜਲੰਧਰ ਉਤਰੀ ਹਲਕੇ ਤੋਂ ਦੋ ਵਾਰ ਵਿਧਾਇਕ ਰਹੇ ਹਨ।

## ਜਲੰਧਰ ਦਾ ਪਿੰਡ ਮਿੱਠਾਪੁਰ ਟੋਕੀਓ ਵਿੱਚ ਇਤਿਹਾਸ ਸਿਰਜੇਗਾ

*** ਓਲੰਪਿਕ ਵਿੱਚ ਪਰਗਟ ਪਿੱਛੋਂ ਉਸੇ ਪਿੰਡ ਦਾ ਮਨਪ੍ਰੀਤ ਤਿਰੰਗਾ ਲਹਿਰਾਏਗਾ**

ਜਲੰਧਰ, 8 ਜੁਲਾਈ (ਪੋਸਟ ਬਿਊਰੋ)- ਟੋਕੀਓ ਓਲੰਪਿਕ ਦੇ ਉਦਘਾਟਨੀ ਸਮਾਗਮ ਵਿੱਚ ਮਿੱਠਾਪੁਰ ਦੇ ਮਨਪ੍ਰੀਤ ਸਿੰਘ ਨੂੰ ਤਿਰੰਗਾ ਲਹਿਰਾਉਣ ਲਈ ਚੁਣੇ ਜਾਣ ਉੱਤੇ ਮਿੱਠਾਪੁਰ ਨੇ ਖੇਡਾਂ ਦੇ ਖੇਤਰ ਵਿੱਚ ਅਹਿਮ ਮਾਅਰਕਾ ਮਾਰਿਆ ਹੈ। ਇਹ ਪਹਿਲਾ ਮੌਕਾ ਹੈ ਕਿ ਦੇਸ਼ ਦੇ ਕਿਸੇ ਇੱਕ ਪਿੰਡ ਨੇ ਓਲੰਪਿਕ ਦੌਰਾਨ ਭਾਰਤੀ ਦਲ ਦੀ ਅਗਵਾਈ ਕਰਨ ਲਈ ਦੋ ਖਿਡਾਰੀ ਦਿੱਤੇ ਹੋਣ। ਮੌਜੂਦਾ ਭਾਰਤੀ ਹਾਕੀ ਕਪਤਾਨ ਮਨਪ੍ਰੀਤ ਸਿੰਘ ਤੋਂ ਪਹਿਲਾਂ 1996 ਵਿੱਚ ਇਸੇ ਪਿੰਡ ਦੇ ਪਰਗਟ ਸਿੰਘ ਨੇ ਓਲੰਪਿਕ ਵਿੱਚ ਭਾਰਤੀ ਦਲ ਦੀ ਅਗਵਾਈ ਕੀਤੀ ਸੀ।

ਇਸ ਬਾਰੇ ਪੰਜਾਬ ਹਾਕੀ ਦੇ ਪ੍ਰਧਾਨ ਨਿਤਿਨ ਕੋਹਲੀ ਅਤੇ ਸੀਨੀਅਰ ਮੀਤ ਪ੍ਰਧਾਨ ਓਲੰਪੀਅਨ ਹਰਪ੍ਰੀਤ ਸਿੰਘ ਮੰਡੇਰ ਨੇ ਦੱਸਿਆ ਕਿ ਭਾਰਤੀ ਹਾਕੀ ਟੀਮ ਦੇ ਕਪਤਾਨ ਮਨਪ੍ਰੀਤ ਸਿੰਘ ਨੂੰ 23 ਜੁਲਾਈ ਤੋਂ ਸ਼ੁਰੂ ਹੋ ਰਹੇ ਓਲੰਪਿਕ ਵਿੱਚ ਭਾਰਤੀ ਦਲ ਦੀ ਅਗਵਾਈ ਕਰਨ ਲਈ ਝੰਡਾ-ਬਰਦਾਰ ਚੁਣਿਆ ਗਿਆ ਹੈ। ਇਹ ਸਾਰੇ ਪੰਜਾਬੀਆਂ ਅਤੇ ਹਾਕੀ ਪ੍ਰੇਮੀਆਂ ਲਈ ਬਹੁਤ ਮਾਣ ਵਾਲੀ ਗੱਲ ਹੈ। ਉਨ੍ਹਾਂ ਦੱਸਿਆ ਕਿ 1996 ਐਟਲਾਂਟਾ ਓਲੰਪਿਕ ਵਿੱਚ ਓਦੋਂ ਦੇ ਭਾਰਤੀ ਹਾਕੀ ਕਪਤਾਨ ਪਰਗਟ ਸਿੰਘ ਨੇ ਭਾਰਤੀ ਓਲੰਪਿਕ ਦਲ ਦੀ ਅਗਵਾਈ ਕੀਤੀ ਸੀ। ਉਨ੍ਹਾਂ ਕਿਹਾ ਕਿ ਸਾਰੇ ਖੇਡ ਪ੍ਰੇਮੀਆਂ ਨੂੰ ਆਸ ਹੈ ਕਿ ਸਾਰੇ ਖੇਡ ਪ੍ਰੇਮੀਆਂ ਨੂੰ ਆਸ ਹੈ ਕਿ ਭਾਰਤੀ ਹਾਕੀ ਟੀਮ 1980 ਤੋਂ ਬਾਅਦ ਇੱਕ ਵਾਰ ਫਿਰ ਇਨ੍ਹਾਂ ਓਲੰਪਿਕ ਖੇਡਾਂ ਵਿੱਚ ਤਗਮਾ ਹਾਸਲ ਕਰ ਕੇ ਪਰਤੇਗੀ।

## ਪਿੰਡ ਮਨੌਲੀ ਵਿੱਚ ਗੁਟਕਾ ਸਾਹਿਬ ਦੀ ਬੇਅਦਬੀ

ਮੋਹਾਲੀ, 8 ਜੁਲਾਈ (ਪੋਸਟ ਬਿਊਰੋ)- ਜ਼ਿਲ੍ਹਾ ਮੋਹਾਲੀ ਦੇ ਪਿੰਡ ਮਨੌਲੀ ਵਿੱਚ ਕੱਲ੍ਹ ਸ੍ਰੀ ਗੁਟਕਾ ਸਾਹਿਬ ਦੇ 80 ਤੋਂ ਵੱਧ ਅੰਗ ਤਿੰਨ ਵੱਖ-ਵੱਖ ਥਾਵਾਂ ਉੱਤੇ ਖਿੱਲਰੇ ਹੋਏ ਮਿਲੇ ਸਨ। ਘਟਨਾ ਦਾ ਪਤਾ ਲੱਗਦੇ ਸਾਰ ਪੁਲਸ ਨੇ ਮੌਕੇ ਉੱਤੇ ਪਹੁੰਚ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਅਤੇ ਪੂਰੀ ਜਾਂਚ ਕੀਤੀ ਜਾ ਰਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਪਿੰਡ ਦੇ ਕੁਝ ਨੌਜਵਾਨ ਕੱਲ੍ਹ ਜਦੋਂ ਸਵੇਰੇ ਸੈਰ ਕਰਨ ਲਈ ਜਾ ਰਹੇ ਸਨ ਤਾਂ ਉਨ੍ਹਾਂ ਨੇ ਬਾਬਲ ਲਟੂਰੀਆਂ ਮੰਦਰ ਦੇ ਗੇਟ ਕੋਲ ਸ੍ਰੀ ਗੁਟਕਾ ਸਾਹਿਬ ਦੇ ਕੁਝ ਅੰਗ ਖਿੱਲਰੇ ਹੋਏ ਵੇਖੇ ਅਤੇ ਇਸ ਦੀ ਜਾਣਕਾਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪਿੰਡ ਦੇ ਸਰਪੰਚ ਨੂੰ ਦਿੱਤੀ। ਪੰਚਾਇਤ ਨੇ ਇਸ ਬਾਰੇ ਪੁਲਸ ਨੂੰ ਦੱਸਿਆ। ਪੁਲਸ ਨੇ ਇਸ ਬਾਰੇ ਅਣਪਛਾਤੇ ਵਿਅਕਤੀਆਂ ਵਿਰੁੱਧ ਕੇਸ ਦਰਜ ਕਰ ਲਿਆ ਹੈ। ਸ਼੍ਰੋਮਣੀ ਗੁਰਦੁ-ਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਹਰਦੀਪ ਸਿੰਘ ਵੀ ਮੌਕੇ ਉੱਤੇ ਪਹੁੰਚੇ ਅਤੇ ਸਾਰੀ ਸਥਿਤੀ ਦਾ ਜਾਇਜ਼ਾ ਲਿਆ।

## 1.47 ਲੱਖ ਦੀ ਜਾਅਲੀ ਕਰੰਸੀ ਸਮੇਤ ਛੇ ਦੋਸ਼ੀ ਕਾਬੂ

ਕਪੂਰਥਲਾ, 8 ਜੁਲਾਈ (ਪੋਸਟ ਬਿਊਰੋ)- ਜਾਅਲੀ ਕਰੰਸੀ ਦਾ ਨਾਜਾਇਜ਼ ਕਾਰੋਬਾਰ ਕਰਨ ਵਾਲੇ ਇੱਕ ਵੱਡੇ ਗੈਂਗ ਦਾ ਪਰਦਾਫਾਸ਼ ਕਰਦਿਆਂਜ਼ਿਲ੍ਹਾ ਪੁਲਸ ਨੇ ਛੇ ਜਣਿਆਂ ਨੂੰ ਗ੍ਰਿਫ਼ਤਾਰ ਕਰ ਕੇ 1.47 ਲੱਖ ਰੁਪਏ ਦੀ ਜਾਅਲੀ ਕਰੰਸੀ ਅਤੇ 7500 ਰੁਪਏ ਦੀ ਅਸਲੀ ਕਰੰਸੀ ਬਰਾਮਦ ਕੀਤੀ ਹੈ। ਦੋਸ਼ੀਆਂ ਦੇ ਖੁਲਾਸੇ ਉੱਤੇ ਗੈਂਗ ਨਾਲ ਜੁੜੇ 11 ਹੋਰ ਵਿਅਕਤੀਆਂ ਦੇ ਨਾਂ ਸਾਹਮਣੇ ਆਏ ਅਤੇ ਉਨ੍ਹਾਂ ਦੀ ਨਿਸ਼ਾਨਦੇਹੀ ਉੱਤੇ ਪੁਲਸ ਨੇ ਜਾਅਲੀ ਕਰੰਸੀ ਨੂੰ ਸਪਲਾਈ ਕਰਨ ਵਿੱਚ ਵਰਤੀਆਂ ਜਾ ਰਹੀਆਂ ਤਿੰਨ ਲਗਜ਼ਰੀ ਗੱਡੀਆਂ ਵੀ ਬਰਾਮਦ ਕੀਤੀਆਂ ਹਨ।



ਐਸ ਐਸ ਪੀ ਕਪੂਰਥਲਾ ਹਰਕਮਲਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਪਿਛਲੇ ਦਿਨੀਂ ਜ਼ਿਲ੍ਹਾ ਪੁਲਸ ਨੂੰ ਭੁਲੱਥ ਸਬ-ਡਵੀਜ਼ਨ ਦੇ ਸੁਭਾਨਪੁਰ ਖੇਤਰ ਨਾਲ ਲੱਗਦੇ ਨੈਸ਼ਨਲ ਹਾਈਵੇ ਉੱਤੇ ਜਾਅਲੀ ਕਰੰਸੀ ਮਾਫੀਆ ਦੇ ਸਰਗਰਮ ਹੋਣ ਦਾ ਪਤਾ ਲੱਗਾ ਸੀ, ਜਿਸ ਉੱਤੇ ਏ ਐਸ ਪੀ ਅਜੈ ਗਾਂਧੀ ਦੀ ਅਗਵਾਈ ਹੇਠ ਵਿਸ਼ੇਸ਼ ਟੀਮ ਨੂੰ ਇਸ ਗੈਂਗ ਨੂੰ ਫੜਨ ਲਈ ਨਿਰਦੇਸ਼ ਦਿੱਤੇ ਸਨ। ਪੁਲਸ ਨੇ ਕਈ ਦਿਨ ਚੱਲੀ ਵਿਸ਼ੇਸ਼ ਚੈਕਿੰਗ ਦੌਰਾਨ ਛੇ ਮੁਲਜ਼ਮਾਂ ਪ੍ਰਗਟ ਸਿੰਘ ਪਿੰਡ ਰਾਜੇਵਾਲ ਖੰਨਾ, ਹਰਪ੍ਰੀਤ ਕੌਰ ਉਰਫ ਪ੍ਰੀਤੀ ਵਾਸੀ ਮੁਲਾਂਪੁਰ ਥਾਣਾ ਸਰਹਿੰਦ, ਚਰਨਜੀਤ ਸਿੰਘ ਉਰਫ਼ ਚੰਨਾ ਤੇ ਮੋਹਿੰਦਰ ਸਿੰਘ ਦੋਵੇਂ ਪਿੰਡ ਭੰਡਾਲ ਬੇਟ, ਪਵਨ ਕੁਮਾਰ ਸੇਠੀ ਤੇ ਗੁਰਵਿੰਦਰ ਸਿੰਘ ਗੁਰੀ ਦੋਵੇਂ ਵਾਸੀ ਖੰਨਾ ਨੂੰ ਗ੍ਰਿਫ਼ਤਾਰ ਕਰ ਲਿਆ। ਐਸ ਐਸ ਪੀ ਨੇ ਦੱਸਿਆ ਕਿ ਗ੍ਰਿਫ਼ਤਾਰ ਮੁਲਜ਼ਮਾਂ ਤੋਂ ਪੁੱਛਗਿੱਛ ਜਾਰੀ ਹੈ ਤੇ ਪੁੱਛਗਿੱਛ ਦੌਰਾਨ 11 ਹੋਰ ਵਿਅਕਤੀਆਂ ਦੇ ਨਾਂ ਸਾਹਮਣੇ ਆਏ ਹਨ, ਜਿਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਲਈ ਪੁਲਸ ਟੀਮਾਂ ਵੱਲੋਂ ਛਾਪੇਮਾਰੀ ਦਾ ਦੌਰ ਜਾਰੀ ਹੈ।



## ਯੂਨੀਟੈਕ ਗਰੁੱਪ ਖ਼ਿਲਾਫ਼ ਮਨੀ ਲਾਂਡ੍ਰਿੰਗ ਕੇਸ ਵਿੱਚ ਗੁਰੂਗ੍ਰਾਮ ਦੇ ਤਿੰਨ ਪਲਾਟ ਕੁਰਕ

ਨਵੀਂ ਦਿੱਲੀ, 8 ਜੁਲਾਈ (ਪੋਸਟ ਬਿਊਰੋ)- ਰੀਅਲ ਅਸਟੇਟ ਕੰਪਨੀ ਯੂਨੀਟੈਕ ਗਰੁੱਪ ਤੇ ਉਸ ਦੇ ਪ੍ਰਮੋਟਰਾਂ ਸੰਜੇ ਚੰਦਰਾ ਅਤੇ ਅਜੇ ਚੰਦਰਾ ਦੇ ਖ਼ਿਲਾਫ਼ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਮਨੀ ਲਾਂਡ੍ਰਿੰਗ ਜਾਂਚ ਦੌਰਾਨ ਹਰਿਆਣਾ ਵਿੱਚ ਕਈ ਜ਼ਮੀਨੀਪਲਾਟ ਕਰੁਕ ਕੀਤੇ ਹਨ। ਇਨ੍ਹਾਂ ਦੀ ਕੀਮਤ 106 ਕਰੋੜ ਰੁਪਏ ਹੈ।



ਕੇਂਦਰੀ ਜਾਂਚ ਏਜੰਸੀ ਨੇ ਕਿਹਾ ਕਿ ਮਨੀ ਲਾਂਡ੍ਰਿੰਗ ਰੋਕੂ ਕਾਨੂੰਨ (ਪੀ ਐਮ ਐਲ ਏ) ਦੀਆਂ ਅਪਰਾਧਿਕ ਧਾਰਾਵਾਂ ਵਿੱਚ ਗੁਰੂਗ੍ਰਾਮ ਵਿੱਚ ਤਿੰਨ ਅਚੱਲ ਜਾਇਦਾਦਾਂ ਨੂੰ ਕੁਰਕ ਕਰਨ ਦਾ ਅਸਥਾਈ ਆਦੇਸ਼ ਜਾਰੀ ਹੋਇਆ ਹੈ।ਇਨ੍ਹਾਂ ਜ਼ਮੀਨੀ ਟੁਕੜਿਆਂ ਦੀ ਕੀਮਤ 106.08 ਕਰੋੜ ਰੁਪਏ ਬਣਦੀ ਹੈ। ਬਿਆਨ ਮੁਤਾਬਕ ਚੰਦਰ ਦੀਆਂ ਦੋ ਪ੍ਰੌਕਸੀ ਯੂਨਿਟਾਂ ਇਰੋਡ ਪ੍ਰਾਜੈਕਟਸ ਪ੍ਰਾਈਵੇਟ ਲਿਮਟਿਡਅਤੇ ਕੋਰ ਕਮਿਊਨਿਟੀਜ਼ ਪ੍ਰਾਈਵੇਟ ਲਿਮਟਿਡ ਨੇ ਇਹ ਪਲਾਟ ਖਰੀਦੇ ਸਨ। ਏਜੰਸੀ ਨੇ ਕਿਹਾ ਕਿ ਜਾਂਚ ਵਿੱਚਭੇਦ ਖੁੱਲ੍ਹਾ ਕਿ ਇਨ੍ਹਾਂ ਪਲਾਟਾਂ ਨੂੰ ਅਪਰਾਧ ਦੀ ਕਮਾਈ ਨਾਲ ਖਰੀਦਿਆ ਗਿਆ ਸੀ।ਇਨ੍ਹਾਂ ਦੋਹਾਂ ਕੰਪਨੀਆਂ ਉੱਤੇਸੰਜੇ ਚੰਦਰਾ ਦਾ ਕੰਟਰੋਲ ਹੈ। ਸਿੰਗਾਪੁਰ ਅਤੇ ਕੇਮੈਨ ਆਈਲੈਂਡ ਵਿੱਚ ਇਨ੍ਹਾਂ ਕੰਪਨੀਆਂ ਨੂੰ ਅਪਰਾਧ ਦੀ ਕਮਾਈ ਟ੍ਰਾਂਸਫਰ ਕੀਤੀ ਗਈ। ਇਸ ਤੋਂ ਪਹਿਲਾਂ ਈ ਡੀ ਨੇ ਇਸ ਸਾਲ ਚੰਦਰਾ ਤੇ ਯੂਨੀਟੈਕ ਗਰੁੱਪ ਖ਼ਿਲਾਫ਼ ਸਾਈਪ੍ਰਸ ਅਤੇ ਕੇਮੈਨ ਆਈਲੈਂਡ ਵਿੱਚ ਗ਼ੈਰ-ਕਾਨੂੰਨੀ ਤਰੀਕੇ ਨਾਲ 2,000 ਕਰੋੜ ਰੁਪਏ ਟ੍ਰਾਂਸਫਰ ਕਰਨ ਦੇ ਦੋਸ਼ ਵਿੱਚ ਪੀ ਐਮ ਐਲ ਏ ਦੀਆਂ ਵੱਖ-ਵੱਖ ਧਾਰਾਵਾਂ ਦੇ ਤਹਿਤ ਮਾਮਲਾ ਦਰਜ ਕੀਤਾ ਸੀ।

# ਨਰਿੰਦਰ ਮੋਦੀ ਨੇ ਨਵੇਂ ਵਜ਼ੀਰ ਲੈਣ ਵੇਲੇ ਚੋਣਾਂ ਵਾਲੇ ਰਾਜਾਂ ਦਾ ਖਿਆਲ ਰੱਖਿਆ

ਨਵੀਂ ਦਿੱਲੀ, 8 ਜੁਲਾਈ (ਪੋਸਟ ਬਿਊਰੋ)- ਨਰਿੰਦਰ ਮੋਦੀ ਸਰਕਾਰ ਦੇ ਦੂਸਰੇ ਰਾਜ ਦੇ ਪਹਿਲੇ ਕੈਬਨਿਟ ਵਾਧੇਨਾਲ ਤੁਸੀਂ ਇਸ ਗੱਲ ਦਾ ਅੰਦਾਜ਼ਾ ਲਾ ਸਕਦੇ ਹੋ ਕਿ ਅਗਲੇ ਇੱਕ-ਦੋ ਸਾਲਾਂ ਵਿੱਚ ਕਿਨ੍ਹਾਂ ਰਾਜਾਂ ਵਿੱਚ ਚੋਣਾਂ ਹੋਣ ਵਾਲੀਆਂ ਹਨ। ਸਿਆਸੀ ਤੌਰ ਉੱਤੇ ਜਿਹੜਾ ਸੂਬਾ ਜਿੰਨੀ ਅਹਿਮ ਹੈ, ਉਸ ਨੂੰ ਉਸੇ ਹਿਸਾਬ ਤਵੱਜੋਂ ਦਿੱਤੀ ਗਈ ਹੈ। ਇਸ ਦੇ ਨਾਲ ਕੇਂਦਰ ਵਿੱਚ ਬੰਗਾਲ ਤੇ ਮਹਾਰਾਸ਼ਟਰ ਵਰਗੇ ਰਾਜਾਂ ਦੀ ਘੱਟ ਨੁਮਾਇੰਦਗੀ ਦੀ ਭਰਪਾਈ ਕੀਤੀ ਗਈ ਹੈ।

ਕੇਂਦਰ ਦੀ ਮੋਦੀ ਸਰਕਾਰ ਲਈ ਬੇਹੱਦ ਅਹਿਮ ਸੂਬੇ ਉਤਰ ਪ੍ਰਦੇਸ਼ ਵਿੱਚ ਅਗਲੇ ਸਾਲ ਦੇ ਸ਼ੁਰੂ ਵਿੱਚ ਚੋਣਾਂ ਹੋਣ ਵਾਲੀਆਂ ਹਨ ਤੇ ਕੈਬਨਿਟ ਵਾਧੇ ਵਿੱਚ ਸਭ ਤੋਂ ਵੱਧ ਨੁਮਾਇੰਦਗੀ ਇਸੇ ਸੂਬੇ ਤੋਂ ਹੈ।ਉਤਰ ਪ੍ਰਦੇਸ਼ ਦੇ ਲੋਕ ਸਭਾ ਤੇ ਰਾਜ ਸਭਾ ਦੇ ਸੱਤ ਮੈਂਬਰਾਂ ਨੂੰ ਮੰਤਰੀ ਬਣਾਇਆ ਗਿਆ ਹੈ। ਇਨ੍ਹਾਂ ਸੱਤਾਂ ਦੀ ਚੋਣ ਵਿੱਚ ਜਾਤੀ ਆਧਾਰਤ ਸਮੀਕਰਨ ਦਾ ਪੂਰਾ ਖਿਆਲ ਰੱਖਿਆ



ਗਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਰੱਖਿਆ ਮੰਤਰੀ ਰਾਜਨਾਥ ਸਿੰਘ ਤੋਂ ਇਲਾਵਾ ਮਹਿਲਾ ਤੇ ਬਾਲ ਵਿਕਾਸ ਮੰਤਰੀ ਸਮ੍ਰਿਤੀ ਈਰਾਨੀ, ਹੁਨਰ ਵਿਕਾਸ ਤੇ ਉਦਮ ਮੰਤਰੀ ਡਾਕਟਰ ਮਹਿੰਦਰ ਨਾਥ ਪਾਂਡੇ ਸਮੇਤ ਅੱਠ ਮੰਤਰੀ ਪਹਿਲਾਂ ਸਨ, ਕੱਲ੍ਹ ਮੋਦੀ ਸਰਕਾਰ ਵਿੱਚਸਭ ਤੋਂ ਵੱਡੇ ਸੂਬੇ ਉਤਰ ਪ੍ਰਦੇਸ਼ ਦੀ ਸਭ ਤੋਂ ਵੱਧ ਨੁਮਾਇੰਦਗੀ ਹੋ ਗਈ ਹੈ। ਉਤਰ ਪ੍ਰਦੇਸ਼ ਵਿੱਚ ਚੋਣਾਂ ਦੇ ਕੁਝ ਮਹੀਨੇ ਬਾਅਦ ਗੁਜਰਾਤ ਵਿੱਚ ਚੋਣਾਂ ਹਨ ਤੇ ਉਥੋਂ ਦੇ ਸਿਆਸੀ ਸਮੀਕਰਨ ਦਾ ਸਾਹਮਣਾ ਕਰਨ ਲਈ ਮੰਤਰੀ ਮੰਡਲ ਵਿੱਚ ਤਿੰਨ ਨਵੇਂ ਚਿਹਰੇ ਸ਼ਾਮਲ ਕੀਤੇ ਗਏ ਹਨ। ਇਸ ਤੋਂ ਇਲਾਵਾ ਗੁਜਰਾਤ ਦੇ ਦੋ ਰਾਜ ਮੰਤਰੀਆਂ ਨੂੰ ਕੈਬਨਿਟ ਮੰਤਰੀ ਦਾ ਦਰਜਾ ਦਿੱਤਾ ਗਿਆ ਹੈ। ਉਤਰ ਪ੍ਰਦੇਸ਼ ਦੇ ਮਹਾਰਾਜਗੰਜ ਹਲਕੇ ਤੋਂ ਪਾਰਲੀਮੈਂਟ ਮੈਂਬਰ ਪੰਕਜ ਚੌਧਰੀ, ਮਿਰਜ਼ਾਪੁਰ ਤੋਂ ਅਨੁਪ੍ਰੀਆ ਪਟੇਲ, ਆਗਰਾ ਦੇ ਡਾਕਟਰ ਸੱਤਿਆ ਪਾਲ ਸਿੰਘ ਬਘੇਲ, ਜਾਲੌਨ ਦੇ ਭਾਨੂ ਪ੍ਰਤਾਪ ਸਿੰਘ ਵਰਮਾ, ਮੋਹਨਲਾਲਗੰਜ ਦੇ ਕੌਸ਼ਲ ਕਿਸ਼ੋਰ, ਖੀਰੀ ਦੇ ਅਜੈ ਕੁਮਾਰ ਅਤੇ ਰਾਜ ਸਭਾ ਮੈਂਬਰ ਬੀ ਐਲ ਵਰਮਾ ਨੇ ਮੰਤਰੀ ਦੀ ਸਹੁੰ ਚੁੱਕੀ ਹੈ। ਇਨ੍ਹਾਂ ਵਿੱਚੋਂ ਚਾਰ ਕੁਰਮੀ ਜਾਤੀ ਦੇ ਲੋਕ ਹਨ, ਦੋ ਦਲਿਤ ਤੇ ਇੱਕ ਬ੍ਰਾਹਮਣ ਹੈ। ਇਕੱਠਿਆਂ ਚਾਰ ਕੁਰਮੀ ਜਾਤੀ ਦੇ ਮੰਤਰੀ ਬਣਾਉਣ ਨਾਲ ਭਾਜਪਾ ਵੱਲੋਂ ਦੋ ਦਰਜਨ ਤੋਂ ਵੱਧ ਪਾਰਲੀਮੈਂਟਰੀ ਸੀਟਾਂ ਉੱਤੇ ਦਾਅਵੇਦਾਰੀ ਨੂੰ ਮਜ਼ਬੂਤ ਕਰਨ ਵਜੋਂ ਦੇਖਿਆ ਗਿਆ ਹੈ।

ਪੱਛਮੀ ਬੰਗਾਲ ਤੋਂ ਚਾਰ ਪਾਰਲੀਮੈਂਟ ਮੈਂਬਰਾਂ ਨੂੰ ਮੰਤਰੀ ਬਣਾਇਆ ਗਿਆ ਤੇ ਸਰਕਾਰ ਵਿੱਚ ਪਹਿਲਾਂ ਤੋਂ ਸ਼ਾਮਲ ਇਸ ਸੂਬੇ ਦੇ ਦੋ ਮੰਤਰੀਆਂ ਬਾਬੁਲ ਸੁਪ੍ਰਿਓ ਅਤੇ ਦੇਵਾਸ਼੍ਰੀ ਚੌਧਰੀ ਨੂੰ ਕੱਢ ਦਿੱਤਾ ਗਿਆ ਹੈ। ਸਰਕਾਰ ਵਿੱਚ ਸ਼ਾਮਲ ਚਾਰ ਬੰਗਾਲੀ ਨਵੇਂ ਚਿਹਰੇ ਸ਼ਾਂਤਨੂ ਠਾਕੁਰ, ਜਾਨ ਬਾਰਲਾ, ਨੀਤਿਸ਼ ਪ੍ਰਮਾਣਿਕ ਅਤੇ ਸੁਭਾਸ਼ ਸਰਕਾਰ ਹਨ। ਇਸ ਵਿੱਚ ਮਤੁਆ ਭਾਈਚਾਰੇ ਦੇ ਐਮ ਪੀ ਸ਼ਾਂਤਨੂ ਠਾਕੁਰ ਨੂੰ ਮੰਤਰੀ ਬਣਾਇਆ ਹੈ। ਉਹ ਬੰਗਾਲ ਦੇ ਉਤਰੀ ਖੇਤਰ ਵਿੱਚ ਅਲੀਪੁਰਦੁਆਰ ਤੋਂ ਪਾਰਲੀਮੈਂਟ ਮੈਂਬਰ ਹਨ ਤੇ ਉਨ੍ਹਾਂ ਨੂੰ ਪਾਰਟੀ ਇਸ ਖੇਤਰ ਦੀ ਰਾਜਨੀਤੀ ਵਿੱਚ ਆਪਣਾ ਨਵਾਂ ਚਿਹਰਾ ਬਣਾਉਣਾ ਚਾਹੁੰਦੀ ਹੈ।

## ਮੂਰਥਲ ਦੇ ਢਾਬਿਆਂ ਉਤੇ ਸੀ ਐਮ ਫਲਾਇੰਗ ਦਾ ਛਾਪਾ, ਨਾਜਾਇਜ ਕੰਮ ਕਰਦੇ ਮੁੰਡੇ-ਕੁੜੀਆਂ ਕਾਬੂ

ਸੋਨੀਪਤ, 8 ਜੁਲਾਈ (ਪੋਸਟ ਬਿਊਰੋ)- ਹਰਿਆਣਾ ਵਿੱਚ ਜੀ ਟੀ ਰੋਡ ਉੱਪਰ ਮੂਰਥਲ ਵਿੱਚ ਢਾਬਿਆਂ ਉਤੇ ਸੀ ਐਮ ਫਲਾਇੰਗ ਨੇ ਛਾਪਾ ਮਾਰ ਕੇ 12 ਲੜਕੀਆਂ ਤੇ 12 ਲੜਕਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਤਿੰਨ ਵਿਦੇਸ਼ੀ ਲੜਕੀਆਂ ਸਮੇਤ ਗ੍ਰਿਫ਼ਤਾਰ 12 ਲੜਕਿਆਂ ਅਤੇ ਤਿੰਨ ਲੜਕੇ ਦੇਹ ਵਪਾਰ ਵਿੱਚ ਗ੍ਰਿਫ਼ਤਾਰ ਕੀਤੇ ਗਏ ਅਤੇ ਨੌਂ ਲੜਕਿਆਂ ਨੂੰ ਜੂਆ ਖੇਲ੍ਹਦੇ ਫੜਿਆ ਗਿਆ ਹੈ। ਡੀ ਐਸ ਪੀ ਅਜੀਤ ਸਿੰਘ ਦੀ ਅਗਵਾਈ ਹੇਠ ਛੇ ਢਾਬਿਆਂ ਉੱਤੇ ਛਾਪੇ ਵਿੱਚ ਤਿੰਨਾਂ'ਚ ਦੇਹ ਵਪਾਰ ਅਤੇ 1 ਵਿੱਚ ਜੂਆ ਖੇਡਦੇ ਦੋਸ਼ੀਆਂ ਨੂੰ ਫੜਿਆ ਹੈ। ਦੇਰ ਰਾਤ ਤਕ ਛਾਪਾਮਾਰ ਕਾਰਵਾਈ ਜਾਰੀ ਸੀ।



ਮੂਰਥਲ ਵਿੱਚ ਢਾਬਿਆਂ ਉੱਤੇ ਦੇਹ ਵਪਾਰ ਅਤੇ ਨਸ਼ੇ ਦਾ ਧੰਦਾ ਹੋਣ ਦੀ ਸ਼ਿਕਾਇਤ ਮੁੱਖ ਮੰਤਰੀ ਫਲਾਇੰਗ ਦੇ ਅਫ਼ਸਰਾਂ ਨੂੰ ਮਿਲੀ ਤਾਂ ਉਨ੍ਹਾਂ ਦੀਆਂ ਤਿੰਨ ਟੀਮਾਂ ਨੇ ਛਾਪਾ ਮਾਰਿਆ। ਟੀਮਾਂ ਰਾਤ ਕਰੀਬ ਨੌਂ ਵਜੇ ਮੂਰਥਲ ਪਹੁੰਚੀਆਂ, ਜਿਨ੍ਹਾਂ ਦੀ ਅਗਵਾਈ ਐਸ ਪੀ ਅਜੀਤ ਸਿੰਘ ਅਤੇ ਐਸ ਡੀ ਐਮ ਸੋਨੀਪਤ ਕਰ ਰਹੇ ਸੀ। ਟੀਮਾਂ ਨੇ ਮੂਰਥਲ ਦੇ ਹੈਪੀ, ਰਾਜਾ ਅਤੇ ਹੋਟਲ ਵੈਸਟ ਢਾਬਿਆਂ ਉੱਤੇ ਛਾਪੇ ਮਾਰੇ। ਇਥੋਂ 12 ਲੜਕੀਆਂ ਸਹਿਤ ਤਿੰਨ ਲੜਕੇ ਮਿਲੇ। ਇਹ ਦੇਹ ਵਪਾਰ ਦਾ ਧੰਦਾ ਕਰ ਰਹੇ ਸਨ। ਨੌਂ ਲੜਕੀਆਂ ਦਿੱਲੀ ਦੀਆਂਵਸਨੀਕ, ਇੱਕ-ਇੱਕ ਲੜਕੀ ਉਜਬੇਕਿਸਤਾਨ, ਤੁਰਕੀ ਅਤੇ ਰੂਸ ਦੀ ਹੈ।ਇੱਕ ਟੀਮ ਨੇ ਬ੍ਰਾਊਨ ਸਟੋਨ ਢਾਂਬੇ ਉੱਤੇਛਾਪਾ ਮਾਰਿਆ ਤਾਂ ਉਥੋਂ 12 ਲੜਕੇ ਜੂਆ ਖੇਡਦੇ ਫੜੇ ਗਏ। ਉਨ੍ਹਾਂ ਦੇ ਕੋਲੋਂ 1.63 ਲੱਖ ਰੁਪਏ ਬਰਾਮਦ ਹੋਏ ਹਨ। ਕਾਰਵਾਈ ਦੌਰਾਨ ਕਈ ਢਾਬਿਆਂ ਉੱਤੇ ਪੁਲਸ ਤੈਨਾਤ ਸੀ।

## ਮਹਿੰਗਾਈ ਦੀ ਮਾਰ, ਨਕਦੀ ਸੰਕਟ ਦੇ ਮੁੱਦੇ ਨੂੰ ਹੱਲ ਕਰਨ ਲਈ ਕੰਪਨੀਆਂ ਵਿਨਿਵੇਸ਼ ਵੱਲ ਵਧੀਆਂ

ਮੁੰਬਈ, 8 ਜੁਲਾਈ (ਪੋਸਟ ਬਿਊਰੋ)- ਕੋਰੋਨਾ ਦੀ ਮਹਾਮਾਰੀ ਦੇ ਕਾਰਨ ਵਿੱਤੀ ਵਿੱਚ ਫਸੀਆਂ ਤਿੰਨ-ਚੌਥਾਈ ਯਾਨੀ ਕਰੀਬ 75 ਫੀਸਦੀ ਕੰਪਨੀਆਂ ਆਪਣੀਆਂ ਗੈਰ-ਜ਼ਰੂਰੀ ਜਾਇਦਾਦਾਂ ਵੇਚਣ ਬਾਰੇ ਸੋਚ ਰਹੀਆਂ ਹਨ।



ਇੱਕ ਸਲਾਹਕਾਰ ਕੰਪਨੀ ਈ-ਵਾਈਦੇ ਸਾਲਾਨਾ ਸਰਵੇ ਵਿੱਚ ਇਹ ਤੱਥ ਸਾਹਮਣੇ ਆਇਆ ਹੈ, ਜਿਸ ਦੇ 30 ਕੰਪਨੀਆਂ ਉਤੇ ਕੀਤੇ ਸਰਵੇ ਅਨੁਸਾਰ ਇਹ ਵਿਨਿਵੇਸ਼ (ਡਿਸਇੰਨਵੈਸਟਮੈਂਟ) ਕੰਪਨੀਆਂ ਆਪਣੇ ਨਕਦੀ ਸੰਕਟ ਦੇ ਮੁੱਦੇ ਨੂੰ ਹੱਲ ਕਰਨ ਅਤੇ ਨਿਵੇਸ਼ ਲਈ ਕਰ ਰਹੀਆਂ ਹਨ। ਵਰਣਨਯੋਗ ਹੈ ਕਿ ਬੀਤੇ ਵਿੱਤੀ ਸਾਲ 2020-21 ਵਿੱਚ ਅਰਥਵਿਵਸਥਾ ਵਿੱਚ 7.3 ਫੀਸਦੀ ਦੀ ਗਿਰਾਵਟ ਆਈ ਹੈ। ਮਹਾਮਾਰੀ ਦੀ ਨਵੀਂ ਲਹਿਰ ਦਾ ਅਰਥ ਹੈ ਕਿ ਚਾਲੂ ਵਿੱਤੀ ਸਾਲ ਵਿੱਚ ਵੀ ਅਰਥਵਿਵਸਥਾ ਹੇਠਲੇ ਆਧਾਰ ਪ੍ਰਭਾਵ ਉਤੇ ਦੋ ਅੰਕ ਵਾਧਾ ਹਾਸਲ ਨਹੀਂ ਕਰ ਸਕੇਗੀ। ਸਰਵੇ ਵਿੱਚ ਕਿਹਾ ਗਿਆ ਹੈ ਕਿ 73 ਫੀਸਦੀ ਕੰਪਨੀਆਂ ਦੀ ਯੋਜਨਾ ਅਗਲੇ ਦੋ ਸਾਲ ਵਿੱਚ ਆਪਣੀਆਂ ਜਾਇਦਾਦਾਂ ਦਾ ਵਿਨਿਵੇਸ਼ ਕਰਨ ਦੀ ਹੈ। ਕੋਵਿਡ-19 ਮਹਾਮਾਰੀ ਕਾਰਨ ਕਾਰੋਬਾਰੀ ਜ਼ਰੂਰਤਾਂ ਨੂੰ ਪੂਰਾ ਕਰਨ ਦੇ ਲਈ ਕੰਪਨੀਆਂ ਨੂੰ ਪੂੰਜੀ ਦੀ ਜ਼ਰੂਰਤ ਹੈ।

## ਪੱਛਮੀ ਬੰਗਾਲ ਵਿੱਚ 52 ਸਾਲਾਂ ਬਾਅਦ ਵਿਧਾਨ ਪ੍ਰੀਸ਼ਦ ਬਣਾਏ ਜਾਣ ਨੂੰ ਮਨਜ਼ੂਰੀ

ਕੋਲਕਾਤਾ, 8 ਜੁਲਾਈ (ਪੋਸਟ ਬਿਊਰੋ)- ਪੱਛਮੀ ਬੰਗਾਲ ਵਿੱਚ 52 ਸਾਲ ਬਾਅਦ ਵਿਧਾਨ ਪ੍ਰੀਸ਼ਦ ਦੇ ਗਠਨ ਨੂੰ ਸੂਬਾਈ ਵਿਧਾਨ ਸਭਾ ਦੀ ਪ੍ਰਵਾਨਗੀ ਮਿਲ ਗਈ ਹੈ। ਅਸੈਂਬਲੀ ਨੇ ਕੱਲ੍ਹ ਸੰਵਿਧਾਨ ਦੀ ਧਾਰਾ 169 ਅਧੀਨ ਸੂਬੇ ਵਿੱਚ ਵਿਧਾਨ ਪ੍ਰੀਸ਼ਦ ਬਣਾਏ ਜਾਣ ਦੇ ਸੰਬੰਧ ਵਿੱਚ ਮਤਾ ਪਾਸ ਕਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਵਿਧਾਨ ਪ੍ਰੀਸ਼ਦ ਬਣਾਉਣ ਦੇ ਮਤੇ ਦੇ ਹੱਕ ਵਿੱਚਸੂਬਾਈ ਵਿਧਾਨ ਸਭਾ ਵਿੱਚ 196 ਮੈਂਬਰਾਂ ਨੇ ਵੋਟ ਪਾਈ ਤੇ 69 ਮੈਂਬਰਾਂ ਨੇ ਵਿਰੋਧ ਵਿੱਚ ਵੋਟ ਪਾਈ। ਉਸ ਸਮੇਂ ਹਾਊਸ ਵਿੱਚ 265 ਮੈਂਬਰ ਸਨ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਸੂਬਾਈ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਸੂਬੇ ਵਿੱਚ ਵਿਧਾਨ ਪ੍ਰੀਸ਼ਦ ਬਣਾਉਣ ਦਾ ਵਾਅਦਾ ਕੀਤਾ ਸੀ। ਦੋ ਜੁਲਾਈ ਤੋਂ ਵਿਧਾਨ ਸਭਾ ਸਮਾਗਮ ਚੱਲ ਰਿਹਾ ਹੈ। ਇਸ ਵਿਧਾਨ ਸਭਾ ਦੇ 294 ਮੈਂਬਰ ਹਨ। ਜੇ ਵਿਧਾਨ ਪ੍ਰੀਸ਼ਦ ਬਣੀ ਤਾਂ ਉਸ ਦੇ 98 ਮੈਂਬਰ ਹੋ ਸਕਦੇ ਹਨ, ਕਿਉਂਕਿ ਵਿਧਾਨ ਪ੍ਰੀਸ਼ਦ ਮੈਂਬਰਾਂ ਦੀ ਗਿਣਤੀ ਵਿਧਾਨ ਸਭਾ ਦੀਆਂ ਕੁੱਲ ਸੀਟਾਂ ਦੀ ਗਿਣਤੀ ਦੇ ਇੱਕ ਤਿਹਾਈ ਤੋਂ ਵੱਧ ਨਹੀਂ ਹੋ ਸਕਦੀ। ਮਮਤਾ ਬੈਨਰਜੀ ਸਰਕਾਰ ਵੱਲੋਂ ਵਿਧਾਨ ਪ੍ਰੀਸ਼ਦ ਬਣਾਉਣ ਦਾ ਮਤਾ ਵਿਧਾਨ ਸਭਾ ਵਿੱਚ ਪਾਸ ਹੋ ਗਿਆ ਹੈ ਪਰ ਇਸ ਨੂੰ ਪਾਰਲੀਮੈਂਟ ਦੇ ਦੋਵਾਂ ਹਾਊਸਾਂ ਲੋਕ ਸਭਾ ਤਐ ਰਾਜ ਸਭਾ ਦੀ ਪ੍ਰਵਾਨਗੀ ਮਿਲਣੀ ਬਾਕੀ ਹੈ। ਇਸ ਤਰ੍ਹਾਂ ਵਿਧਾਨ ਪ੍ਰੀਸ਼ਦ ਨਰਿੰਦਰ ਮੋਦੀ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਨਹੀਂ ਬਣ ਸਕਦੀ।

## ਸੁਪਰੀਮ ਕੋਰਟ ਨੇ ਕਤਲ ਕੇਸ ਵਿੱਚ ਸ਼ਰਲਕ ਹੋਮਸ ਦੀ ਮਿਸਾਲ ਦਿੱਤੀ

ਨਵੀਂ ਦਿੱਲੀ, 8 ਜੁਲਾਈ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਸ਼ਰਲਕ ਹੋਮਸ ਦੇ ਇਸ ਕਥਨ, 'ਤੁਸੀਂ ਦੇਖਦੇ ਹੋ, ਪਰ ਧਿਆਨ ਨਹੀਂ ਦਿੰਦੇ', ਦੀ ਮਿਸਾਲ ਦਿੰਦੇ ਹੋਏ ਕਤਲ ਦੇ ਕੇਸ ਵਿੱਚ ਇੱਕ ਦੋਸ਼ੀ ਦੀ ਉਮਰ ਕੈਦ ਦੀ ਸਜ਼ਾ ਖਿਲਾਫ ਕੀਤੀ ਅਪੀਲ ਰੱਦ ਕਰ ਦਿੱਤੀ ਅਤੇ ਨਿਆਂ ਮਿੱਤਰ ਦੀ ਇਸ ਦਲੀਲ ਨੂੰ ਰੱਦ ਕਰ ਦਿੱਤਾ ਕਿ ਮੌਕੇ ਦੇ ਗਵਾਹਾਂ ਲਈ ਕਾਤਲ ਦਾ ਚਿਹਰਾ ਦੇਖਣਾ ਸੰਭਵ ਹੀ ਨਹੀਂ ਸੀ। ਜਸਟਿਸ ਆਰ ਐਫ ਨਰੀਮਨ, ਜਸਟਿਸ ਕੇ ਐਮ ਜੋਸਫ ਅਤੇ ਜਸਟਿਸ ਬੀ ਆਰ ਗਵਈ ਦੇ ਬੈਂਚ ਨੇ ਕੱਲ੍ਹਪਾਸ ਕੀਤੇ ਆਪਣੇ ਹੁਕਮ ਵਿੱਚ ਕਿਹਾ ਕਿ ਸਾਨੂੰ ਹਾਈ ਕੋਰਟ ਵੱਲੋਂ ਪਾਸ ਹੁਕਮ ਵਿੱਚ ਦਖਲ ਦੇਣ ਦਾ ਕੋਈ ਆਧਾਰ ਨਹੀਂ ਲੱਗਦਾ। ਇਸੇ ਮੁਤਾਬਕ ਵਿਸ਼ੇਸ਼ ਪਟੀਸ਼ਨ ਰੱਦ ਕੀਤੀ ਜਾਂਦੀ ਹੈ।



ਸੁਣਵਾਈ ਦੌਰਾਨ ਮਾਮਲੇ ਵਿੱਚ ਨਿਆਂ ਮਿੱਤਰ ਨਿਯੁਕਤ ਕੀਤੇ ਵਕੀਲ ਪੀਊਸ਼ ਕਾਂਤੀ ਰਾਏ ਨੇ ਕਿਹਾ ਕਿ ਸੁੰਨਸਾਨ ਥਾਂ ਉਤੇ ਹਨੇਰੀ ਰਾਤ ਸੀ ਤੇ ਕੇਸ ਦੇ ਚਾਰ ਚਸ਼ਮਦੀਦ ਗਵਾਹ ਪਟੀਸ਼ਨਰ ਦਾ ਚਿਹਰਾ ਨਹੀਂ ਦੇਖ ਸਕਦੇ ਸਨ। ਇਸ ਉਤੇ ਜਸਟਿਸ ਨਰੀਮਨ ਨੇ ਕਿਹਾ ਕਿ ਇਹ ਅਜਿਹਾ ਹੈ ਜਿਵੇਂ ਸ਼ਰਲਕ ਹੋਮਸ ਨੇ ਡਾਕਟਰ ਵਾਟਸਨ ਨੂੰ ਕਿਹਾ, ''ਤੁਸੀਂ ਦੇਖਦੇ ਹੋ, ਪਰ ਤੁਸੀਂ ਧਿਆਨ ਨਹੀਂ ਦਿੰਦੇ।' ਰਾਏ ਨੇ ਕਿਹਾ ਕਿ ਉਨ੍ਹਾਂ ਦਾ ਇੱਕੋ ਇੱਕ ਯਤਨ ਇਹ ਹੈ ਕਿ ਇੱਕ ਨਿਰਦੋਸ਼ ਨੂੰ ਉਸ ਅਪਰਾਧ ਲਈ ਸਜ਼ਾ ਨਹੀਂ ਦਿੱਤੀ ਜਾਣੀ ਚਾਹੀਦੀ, ਜਿਹੜਾ ਉਸ ਨੇ ਨਹੀਂ ਕੀਤਾ। ਇਸ ਉਤੇ ਬੈਂਚ ਨੇ ਰਾਏ ਨੂੰ ਕਿਹਾ ਕਿ ਤੁਸੀਂ ਅਜਿਹੀ ਚੀਜ਼ ਉਤੇ ਚਰਚਾ ਕਰ ਰਹੇ ਹੋ, ਜਿਸ ਉਤੇ ਪਹਿਲਾਂ ਹੀ ਬਹਿਸ ਹੋ ਚੁੱਕੀ ਹੈ।

ਬਰਤਾਨਵੀ ਨਾਵਲਕਾਰ ਸਰ ਆਰਥਰ ਕਾਨਨ ਡਾਇਲ ਦੇ ਕਾਲਪਨਿਕ ਪਾਤਰ ਸ਼ਰਲਕ ਹੋਮਸ ਨੂੰ ਲੰਡਨ ਦੇ ਕਈ ਗੁੰਝਲਦਾਰ ਅਪਰਾਧਕ ਕੇਸ ਹੱਲ ਕਰਨ ਦੀ ਮੁਹਾਰਤ ਸੀ। ਡਾਕਟਰ ਵਾਟਸਨ, ਉਨ੍ਹਾਂ ਦੇ ਮਿੱਤਰ ਸਨ।

# ਕੋਰੋਨਾ ਤੋਂ ਠੀਕ ਹੋਏ ਮਰੀਜ਼ਾਂ ਨੂੰ ਅਵੈਸਕੂਲਰ ਨੈਕਰੋਸਿਸ ਬਿਮਾਰੀ ਦੇ ਲੱਛਣ

ਨਵੀਂ ਦਿੱਲੀ, 8 ਜੁਲਾਈ (ਪੋਸਟ ਬਿਊਰੋ)- ਕੋਰੋਨਾ ਨੇ ਲੋਕਾਂ ਨੂੰ ਕਾਫੀ ਪ੍ਰੇਸ਼ਾਨ ਕਰ ਦਿੱਤਾ ਹੈ। ਇੱਥੋਂ ਤਕ ਕਿ ਕੋਰੋਨਾ ਤੋਂ ਠੀਕ ਹੋਣ ਪਿੱਛੋਂ ਵੀ ਮਰੀਜ਼ ਪੂਰੀ ਤਰ੍ਹਾਂ ਠੀਕ ਨਹੀਂ ਹੋ ਰਹੇ। ਉਨ੍ਹਾਂ ਨੂੰ ਕਈਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੋਰੋਨਾ ਤੋਂ ਠੀਕ ਹੋਏ ਮਰੀਜ਼ਾਂ ਵਿੱਚ ਇੱਕ ਨਵਾਂ ਖਤਰਾ ਆ ਰਿਹਾ ਹੈ, ਜਿਸ ਦਾ ਨਾਂਅ ਅਵੈਸਕੂਲਰ ਨੈਕਰੋਸਿਸਹੈ। ਇਸ ਨੂੰ 'ਡੈਥ ਆਫ ਬੋਨ' ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ।



ਮਾਹਰਾਂ ਦਾ ਕਹਿਣਾ ਹੈ ਕਿ ਮਿਊਕਰਮਾਇਕੋਸਿਸ ਦੇ ਕਹਿਰ ਕਾਰਨ ਕੋਰੋਨਾ ਤੋਂ ਠੀਕ ਹੋਣ ਵਾਲੇ ਮਰੀਜ਼ਾਂ ਵਿੱਚ ਇਹ ਅਗਲੀ ਮਾੜੀ ਸਥਿਤੀ ਹੋ ਸਕਦੀ ਹੈ। ਡਾਕਟਰਾਂ ਨੂੰ ਡਰ ਹੈ ਕਿ ਅਗਲੇ ਮਹੀਨਿਆਂ 'ਚ ਅਵੈਸਕੂਲਰ ਨੈਕਰੋਸਿਸ ਦੇ ਹੋਰ ਮਾਮਲੇ ਸਾਹਮਣੇ ਆ ਸਕਦੇ ਹਨ।ਇਸ ਬਿਮਾਰੀ ਨਾਲ ਸਬੰਧਤ ਸਰਵੇ ਨੂੰ ਪਿੱਛੇਜਿਹੇ ਮੈਡੀਕਲ ਜਰਨਲ 'ਬੀ ਐਮ ਜੇ ਕੇਸ ਸਟੱਡੀਜ਼' ਵਿੱਚ ਛਾਪਿਆ ਗਿਆ ਹੈ। ਮੁੰਬਈ ਦੇ ਹਿੰਦੂਜਾ ਹਸਪਤਾਲ ਦੇ ਮੈਡੀਕਲ ਡਾਇਰੈਕਟਰ ਡਾਕਟਰ ਸੰਜੇ ਅਗਰਵਾਲ ਨੇ ਅਵੈਸਕੂਲਰ ਨੈਕਰੋਸਿਸ ਨੂੰ 'ਲਾਂਗ ਕੋਵਿਡ' ਦਾ ਹਿੱਸਾ ਦੱਸਿਆ ਅਤੇ ਕਿਹਾ ਕਿ ਕੋਵਿਡ-19 ਦੇ ਕੇਸਾਂ ਵਿੱਚ ਜੀਵਨ ਰੱਖਿਅਕ ਕਾਰਟੀਕੋਸਟੈਰਾਇਡਸ ਦੇ ਵੱਡੇ ਪੱਧਰ ਉਤੇਵਰਤੋਂ ਦੇ ਕਾਰਨ ਇਸ ਦੇ ਕਸੇ ਵਧ ਸਕਦੇ ਹਨ।

ਅਵੈਸਕੂਲਰ ਨੈਕਰੋਸਿਸ ਹੱਡੀਆਂ ਵਿੱਚ ਹੋਣ ਵਾਲੀ ਇੱਕ ਗੰਭੀਰ ਸਮੱਸਿਆ ਹੈ, ਜਿਸ ਵਿੱਚ ਹੱਡੀਆਂ ਦੇ ਟੀਸ਼ੂ ਮਰਨ ਲੱਗਦੇ ਹਨ। ਕਹਿਣ ਦਾ ਮਤਲਬ ਹੈ ਕਿ ਇਸ ਬਿਮਾਰੀ ਵਿੱਚ ਹੱਡੀਆਂ ਗਲਣ ਲੱਗਦੀਆਂ ਹਨ। ਇਸ ਦਾ ਕਾਰਨ ਇਹ ਹੈ ਕਿ ਖ਼ੂਨ ਦੇ ਸੰਚਾਰ ਵਿੱਚ ਰੁਕਾਵਟ ਆਉਂਦੀ ਹੈ ਅਤੇ ਟੀਸ਼ੂਆਂ ਤਕ ਲੋੜੀਂਦੀ ਮਾਤਰਾ ਵਿੱਚ ਖ਼ੂਨ ਨਹੀਂ ਪਹੁੰਚਦਾ। ਅਜਿਹੇ ਵਿੱਚ ਪੋਸ਼ਣ ਦੀ ਕਮੀ ਹੋ ਜਾਂਦੀ ਹੈ ਅਤੇ ਹੱਡੀਆਂ ਦੇ ਟੀਸ਼ੂ ਮਰਨ ਲੱਗਦੇ ਹਨ।

# ਕੇਂਦਰੀ ਖੇਤੀ ਕਾਨੂੰਨਾਂ ਦੇ ਟਾਕਰੇ ਲਈ ਮਹਾਰਾਸ਼ਟਰ ਅਸੈਂਬਲੀ ਵਿੱਚ 3 ਬਿੱਲ ਪੇਸ਼

ਮੁੰਬਈ, 8 ਜੁਲਾਈ (ਪੋਸਟ ਬਿਊਰੋ)- ਸ਼ਿਵ ਸੈਨਾ ਦੀ ਅਗਵਾਈ ਵਾਲੀ ਮਹਾਰਾਸ਼ਟਰ ਵਿਕਾਸ ਅਗਾੜੀ ਦੀ ਸਰਕਾਰ ਨੇ ਕੇਂਦਰ ਦੇ ਤਿੰਨ ਖੇਤੀ ਕਾਨੂੰਨਾਂ ਦੇ ਟਾਕਰੇ ਲਈ ਕੱਲ੍ਹ ਸੂਬਾਈ ਅਸੈਂਬਲੀ ਵਿੱਚ ਖੇਤੀਬਾੜੀ, ਕੋਆਪਰੇਟਿਵ, ਖੁਰਾਕ ਅਤੇ ਸਿਵਲ ਸਪਲਾਈਜ਼ ਨਾਲ ਸਬੰਧਤ ਤਿੰਨ ਸੋਧ ਬਿੱਲ ਪੇਸ਼ ਕੀਤੇ ਹਨ। ਇਨ੍ਹਾਂ ਵਿੱਚ ਵਪਾਰੀਆਂ ਨਾਲ ਕੀਤੇ ਖੇਤੀ ਸਮਝੌਤੇ ਹੇਠ ਫਸਲ ਦੇ ਘੱਟੋ-ਘੱਟ ਸਮਰਥਨ ਮੁੱਲ ਤੋਂ ਵੱਧ ਕੀਮਤ ਦਿਵਾਉਣ, ਬਕਾਇਆਂ ਦੀ ਸਮੇਂ ਸਿਰ ਅਦਾਇਗੀ, ਕਿਸਾਨਾਂ ਨੂੰ ਖੱਜਲ ਕਰਨ ਦੀ ਸਥਿਤੀ ਵਿੱਚ ਤਿੰਨ ਸਾਲ ਜੇਲ੍ਹ ਦੀ ਸਜ਼ਾ ਤੇ ਪੰਜ ਲੱਖ ਰੁਪਏ ਜੁਰਮਾਨਾ ਜਾਂ ਫਿਰ ਦੋਵੇਂ ਵਿਵਸਥਾਵਾਂ ਹਨ। ਬਿੱਲਾਂ ਵਿੱਚ ਸੂਬਾ ਸਰਕਾਰ ਨੂੰ ਜ਼ਰੂਰੀ ਵਸਤਾਂ ਦਾ ਉਤਪਾਦਨ, ਸਪਲਾਈ, ਵੰਡ ਤੇ ਭੰਡਾਰਨ ਸਮਰੱਥਾ ਨਿਰਧਾਰਤ ਕਰਨ ਤੇ ਪਾਬੰਦੀਆਂ ਲਾਉਣ ਦੀਆਂ ਤਾਕਤਾਂ ਦੇਣ ਦਾ ਵੀ ਪ੍ਰਬੰਧ ਹੈ।



ਮਹਾਰਾਸ਼ਟਰ ਦੇ ਮਾਲ ਮੰਤਰੀ ਬਾਲਾ ਸਾਹਿਬ ਥੋਰਾਟ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਤਿੰਨੋਂ ਖੇਤੀ ਕਾਨੂੰਨ ਬਿਨਾਂ ਕਿਸੇ ਵਿਚਾਰ ਚਰਚਾ ਦੇ ਪਾਸ ਕੀਤੇ ਸਨ ਤੇ ਇਨ੍ਹਾਂ ਕਾਨੂੰਨਾਂ ਦੀਆਂ ਕਈ ਵਿਵਸਥਾਵਾਂ ਸੂਬਾ ਸਰਕਾਰ ਦੇ ਹੱਕਾਂ ਉਤੇ ਡਾਕਾ ਹਨ। ਉਨ੍ਹਾਂ ਕਿਹਾ, 'ਸੂਬਾ ਸਰਕਾਰ ਨੂੰ ਕਾਨੂੰਨ ਬਣਾਉਣ ਦਾ ਪੂਰਾ ਹੱਕ ਹੈ ਅਤੇ ਅਸੀਂ ਕੇਂਦਰੀ ਖੇਤੀ ਕਾਨੂੰਨਾਂ ਵਿੱਚ ਕੁਝ ਸੋਧਾਂ ਦਾ ਸੁਝਾਅ ਦਿੱਤਾ ਹੈ, ਕਿਉਂਕਿ ਅਸੀਂ ਮੰਨਦੇ ਹਾਂ ਕਿ ਕੇਂਦਰੀ ਖੇਤੀ ਕਾਨੂੰਨ ਕਿਸਾਨ ਵਿਰੋਧੀ ਹਨ।'ਮਹਾਰਾਸ਼ਟਰ ਸਰਕਾਰ ਵੱਲੋਂ ਅਸੈਂਬਲੀ ਵਿੱਚ ਪੇਸ਼ ਕੀਤੇ ਬਿੱਲ ਜ਼ਰੂਰੀ ਵਸਤਾਂ (ਸੋਧ), ਕਿਸਾਨ (ਮਜਬੂਤੀ ਤੇ ਸੁਰੱਖਿਆ), ਕੀਮਤ ਦੀ ਗਾਰੰਟੀ, ਖੇਤੀ ਨਾਲ ਸਬੰਧਤ ਸਮਝੌਤੇ (ਮਹਾਰਾਸ਼ਟਰ ਸੋਧ) ਅਤੇ ਕੇਂਦਰ ਸਰਕਾਰ ਦੇ ਖੇਤੀ ਉਤਪਾਦ ਵਪਾਰ ਤੇ ਵਣਜ (ਪ੍ਰਮੋਸ਼ਨ ਤੇ ਫੈਸਿਲੀਟੇਸ਼ਨ) ਵਿੱਚ ਸੋਧਾਂ ਸ਼ਾਮਲ ਹਨ। ਇਹ ਬਿੱਲ ਪਿਛਲੇ ਦੋ ਮਹੀਨਿਆਂ ਤੋਂ ਜਨਤਕ ਸਨ ਤੇ ਇਨ੍ਹਾਂ ਉਤੇ ਲੋਕਾਂ ਦੇ ਸੁਝਾਵਾਂ ਅਤੇ ਇਤਰਾਜ਼ਾਂ ਮਗਰੋਂ ਫੇਰਬਦਲ ਕਰ ਕੇ ਤਿਆਰ ਕੀਤਾ ਗਿਆ ਹੈ। ਉਂਝ ਬਿੱਲਾਂ ਦਾ ਖਰੜਾ ਉਪ ਮੁੱਖ ਮੰਤਰੀ ਅਜੀਤ ਪਵਾਰ ਦੀ ਅਗਵਾਈ ਵਾਲੀ ਕੈਬਨਿਟ ਦੀ ਸਬ ਕਮੇਟੀ ਨੇ ਤਿਆਰ ਕੀਤਾ ਹੈ। ਅਜੀਤ ਪਵਾਰ ਨੇ ਕਿਹਾ ਕਿ ਇਹ ਬਿੱਲ ਪਿਛਲੇ ਦੋ ਮਹੀਨਿਆਂ ਤੋਂ ਜਨਤਕ ਸਨ ਤੇ ਸਾਰੇ ਸਬੰਧਤ ਭਾਈਵਾਲਾਂ ਨਾਲ ਸਲਾਹ ਅਤੇ ਵਿਚਾਰ ਚਰਚਾ ਮਗਰੋਂ ਇਨ੍ਹਾਂ ਦੀਆਂ ਵਿਵਸਥਾਵਾਂ ਨੂੰ ਅੰਤਿਮ ਰੂਪ ਦਿੱਤਾ ਹੈ। ਥੋਰਾਟ ਨੇ ਕਿਹਾ ਕਿ ਬਿੱਲਾਂ ਉਤੇ ਦਸੰਬਰ ਵਿੱਚ ਨਾਗਪੁਰ ਵਿੱਚ ਹੋਣ ਵਾਲੇ ਅਸੈਂਬਲੀ ਦੇ ਸਰਦ ਰੁੱਤ ਇਜਲਾਸ ਵਿੱਚ ਚਰਚਾ ਕੀਤੀ ਜਾਵੇਗੀ।

ਖੇਤੀ ਮੰਤਰੀ ਦਾਦਾ ਭੁਸੇ ਨੇ ਕਿਹਾ ਕਿ ਜੇ ਖੇਤੀ ਉਤਪਾਦ ਦੀ ਪੇਸ਼ਕਸ਼ ਕੀਮਤ ਘੱਟੋ-ਘੱਟ ਸਮਰਥਨ ਮੁੱਲ (ਐਮ ਐਸ ਪੀ) ਤੋਂ ਵੱਧ ਨਹੀਂ ਤਾਂ ਇਸ ਨੂੰ ਯੋਗ ਨਹੀਂ ਮੰਨਿਆ ਜਾਵੇਗਾ। ਉਨ੍ਹਾਂ ਕਿਹਾ ਕਿ ਜੇ ਕਿਸਾਨ ਨੂੰ ਜਿਣਸ ਵੇਚਣ ਦੇ ਸੱਤ ਦਿਨਾਂ ਅੰਦਰ ਅਦਾਇਗੀ ਨਾ ਹੋਈ ਤਾਂ ਵਪਾਰੀ ਖਿਲਾਫ ਫੌਜਦਾਰੀ ਕੇਸ ਕੀਤਾ ਜਾ ਸਕੇਗਾ ਤੇ ਇਹ ਸਜ਼ਾ ਤਿੰਨ ਸਾਲ ਦੀ ਜੇਲ੍ਹ ਅਤੇ ਪੰਜ ਲੱਖ ਰੁਪਏ ਜੁਰਮਾਨਾ ਹੋਵੇਗੀ। ਕੋਆਪਰੇਸ਼ਨ ਮੰਤਰੀ ਬਾਲਾ ਸਾਹਿਬ ਪਾਟਿਲ ਨੇ ਕਿਹਾ ਕਿ ਕੇਂਦਰੀ ਕਾਨੂੰਨਾਂ ਵਿੱਚ ਜਿਣਸ ਦੀ ਵਿਕਰੀ ਮਗਰੋਂ ਕਿਸਾਨ ਨੂੰ ਅਦਾਇਗੀ ਨਾ ਹੋਣ ਦੀ ਸੂਰਤ ਵਿੱਚ ਵਪਾਰੀ ਉਤੇ ਕਾਰਵਾਈ ਲਈ ਕੋਈ ਵਿਵਸਥਾ ਨਹੀਂ ਹੈ। ਇਹ ਬਿੱਲ ਕੇਂਦਰ ਸਰਕਾਰ ਤੋਂ ਬਹੁਤ ਵੱਖਰੇ ਹਨ।

## ਰੋਹਤਕ ਵਾਲੇ ਜ਼ਮੀਨ ਕੇਸ ਦੀ ਜਾਂਚ ਸੀ ਬੀ ਆਈ ਕਰੇਗੀ

ਨਵੀਂ ਦਿੱਲੀ, 8 ਜੁਲਾਈ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕਾਂਗਰਸ ਨੇਤਾ ਅਤੇ ਹਰਿਆਣੇ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦੀ ਅਗਵਾਈ ਵਾਲੀ ਸਰਕਾਰ ਦੌਰਾਨ ਰੋਹਤਕ 'ਚ ਇੱਕ ਬਿਲਡਰ ਨੂੰ ਜ਼ਮੀਨ ਦੇਣ ਦੀ ਜਾਂਚ ਸੀ ਬੀ ਆਈ ਨੂੰ ਸੌਂਪ ਦਿੱਤੀ ਹੈ। ਇਸ ਹੁਕਮ ਨਾਲ ਹੁੱਡਾ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ।

ਹਰਿਆਣਾ ਸ਼ਹਿਰੀ ਵਿਕਾਸ ਅਥਾਰਟੀ (ਹੁਡਾ) ਨੇ 2002 ਵਿੱਚ ਰੋਹਤਕ ਵਿੱਚ ਰਿਹਾਇਸ਼ੀ ਤੇ ਕਾਰੋਬਾਰੀ ਖੇਤਰ ਵਿਕਸਿਤ ਕਰਨ ਲਈ ਹੁੱਡਾ ਸਰਕਾਰ ਕੋਲ 850 ਏਕੜ ਜ਼ਮੀਨ ਐਕੁਵਾਇਰ ਕਰਨ ਦੀ ਤਜਵੀਜ਼ ਭੇਜੀ ਸੀ। ਅਪ੍ਰੈਲ 2005 ਵਿੱਚ ਉਸ ਨੂੰ 422 ਏਕੜ ਜ਼ਮੀਨ ਐਕੁਵਾਇਰ ਕਰਨ ਦਾ ਹੁਕਮ ਮਿਲਿਆ ਅਤੇ ਮਾਰਚ 2005 ਵਿੱਚ ਉਧਾਰ ਗਗਨ ਪ੍ਰਾਪਰਟੀਜ਼ ਲਿਮਟਿਡ ਨਾਂਅ ਦੀ ਰੀਅਲ ਅਸਟੇਟ ਕੰਪਨੀ ਨੇ ਕੁਝ ਕਿਸਾਨਾਂ ਨਾਲ ਸਮਝੌਤਾ ਕਰ ਲਿਆ, ਜਿਨ੍ਹਾਂ ਦੀ ਜ਼ਮੀਨ ਕਾਲੋਨੀ ਬਣਾਉਣ ਲਈ ਐਕੁਵਾਇਰ ਹੋਣੀ ਸੀ। ਇਸ ਦੇ ਬਾਅਦ ਰੀਅਲ ਅਸਟੇਟ ਕੰਪਨੀ ਨੇ 280 ਏਕੜ ਉੱਤੇ ਇੱਕ ਕਾਲੋਨੀ ਵਿਕਸਿਤ ਕਰਨ ਦਾ ਲਾਇਸੈਂਸ ਮੰਗਿਆ। ਜੂਨ 2006 ਵਿੱਚ ਉਸ ਨੂੰ ਸੂਬਾ ਸਰਕਾਰ ਦੇ ਟਾਊਨ ਤੇ ਕੰਟਰੀ ਪਲਾਨਿੰਗ ਡਾਇਰੈਕਟਰ ਤੋਂ ਮਨਜ਼ੂਰੀ ਮਿਲ ਗਈ। ਬਿਲਡਰ ਨੂੰ ਲਾਇਸੈਂਸ ਜਾਰੀ ਕੀਤੇ ਜਾਣ ਦੇ ਬਾਅਦ ਜ਼ਮੀਨ ਮਾਲਕਾਂ ਦੀ ਪਾਵਰ ਆਫ ਅਟਾਰਨੀ ਰੱਖਣ ਵਾਲਿਆਂ ਦੇ ਰਾਹੀਂ ਜ਼ਮੀਨ ਵੀ ਉਸ ਦੇ ਨਾਂਅ ਕਰ ਦਿੱਤੀ ਗਈ।

ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ

ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।

ਸੰਪਰਕ: ਅਜੈਬ ਸਹੋਤਾ

4165618882, 4164544587

A-One Drivers
TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ

ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ

Best Rates For Lessons

] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ



ਲੇਡੀ ਇੰਸਟ੍ਰਕਟਰ

647-998-7500 ਬਲਵਿੰਦਰ



# ਫੇਸਬੁੱਕ, ਟਵਿੱਟਰ ਵੱਲੋਂ ਹਾਂਗਕਾਂਗ ਛੱਡਣ ਦੀ ਧਮਕੀ

ਹਾਂਗਕਾਂਗ, 8 ਜੁਲਾਈ (ਪੋਸਟ ਬਿਊਰੋ)- ਸੋਸ਼ਲ ਨੈਟਵਰਕ ਕੰਪਨੀਆਂ ਫੇਸਬੁੱਕ, ਟਵਿੱਟਰ ਅਤੇ ਗੂਗਲ ਨੇ ਹਾਂਗਕਾਂਗ ਸਰਕਾਰ ਨੂੰ ਧਮਕੀ ਦਿੱਤੀ ਹੈ ਕਿ ਡਾਟਾ ਸੁਰੱਖਿਆ ਦੇ ਕਾਨੂੰਨ 'ਚ ਜੇ ਅਧਿਕਾਰੀਆਂ ਨੇ ਬਦਲਾਅ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਹ ਇਸ ਖੇਤਰ ਵਿੱਚ ਕੰਮ ਬੰਦ ਕਰ ਦੇਣਗੇ।

ਦੂਸਰੇ ਪਾਸੇ ਹਾਂਗਕਾਂਗ ਦੀ ਨੇਤਾ ਕੈਰੀ ਲੈਮ ਨੇ ਕਿਹਾ ਕਿ 'ਵਿਚਾਰਧਾਰਾਵਾਂ'ਕੌਮੀ ਸੁਰੱਖਿਆ ਲਈ ਖਤਰਾ ਬਣ ਰਹੀਆਂ ਹਨ। ਉਨ੍ਹਾਂ ਮਾਪਿਆਂ, ਅਧਿਆਪਕਾਂ ਤੇ ਧਾਰਮਿਕ ਆਗੂਆਂ ਨੂੰ ਬੇਨਤੀ ਕੀਤੀ ਕਿ ਉਹ ਅੱਲ੍ਹੜਾਂ ਦੇ ਵਿਹਾਰ ਉਤੇ ਨਜ਼ਰ ਰੱਖਣ ਅਤੇ ਨਾਲ ਹੀ ਕਾਨੂੰਨ ਤੋੜਨ ਵਾਲਿਆਂ ਦੇ ਸਬੰਧ ਵਿੱਚ ਜਾਣਕਾਰੀ ਦੇਣ। ਸੋਸ਼ਲ ਨੈਟਵਰਕਿੰਗ ਕੰਪਨੀਆਂ, ਫੇਸਬੁੱਕ, ਟਵਿੱਟਰ ਤੇ ਗੂਗਲ ਨੇ ਕਿਹਾ ਹੈ ਕਿ ਹਾਂਗਕਾਂਗ ਵਿੱਚ ਡਾਟਾ ਪ੍ਰੋਟੈਕਸ਼ਨ ਤਹਿਤ ਨਵੇਂ ਕਾਨੂੰਨ ਲਿਆ ਕੇ ਗਲਤ ਇਰਾਦੇ ਨਾਲ ਲੋਕਾਂ ਦੀਆਂ ਆਨਲਾਈਨ ਸੂਚਨਾਵਾਂ ਨਾ ਮੰਗੀਆਂ ਜਾਣ। ਇੰਟਰਨੈਟ ਕੰਪਨੀਆਂ ਦੇ ਗਰੁੱਪ ਡਬਲਯੂ ਐਸ ਜੇ ਵੱਲੋਂ ਭੇਜੇ ਇੱਕ ਪੱਤਰ ਵਿੱਚ ਕਿਹਾ ਗਿਆ ਹੈ ਕਿ ਇਨ੍ਹਾਂ ਕੰਪਨੀਆਂ ਨੂੰ ਲੱਗਦਾ ਹੈ ਕਿ ਇਸ ਕਾਨੂੰਨ ਵਿੱਚ ਸੋਧ ਕਰ ਕੇ ਉਨ੍ਹਾਂ ਦੇ ਮੁਲਾਜ਼ਮਾਂ ਨੂੰ ਅਪਰਾਧਕ ਜਾਂਚ ਦੇ ਘੇਰੇ ਵਿੱਚ ਲਿਆਂਦਾ ਜਾਵੇਗਾ ਜਾਂ ਫਿਰ ਯੂਜ਼ਰਜ਼ ਨੂੰ ਆਪਣੀ ਨਿੱਜੀ ਪੋਸਟ ਲਈ ਅਪਰਾਧਕ ਜਾਂਚ ਦੇ ਘੇਰੇ ਵਿੱਚ ਲਿਆਂਦਾ ਜਾਵੇਗਾ। ਵਰਨਣ ਯੋਗ ਹੈ ਕਿ ਬੀਤੇ ਮਈ ਮਹੀਨੇ ਵਿੱਚ ਹਾਂਗਕਾਂਗ ਵਿੱਚ ਡਾਟਾ ਪ੍ਰੋਟੈਕਸ਼ਨ ਕਾਨੂੰਨ ਵਿੱਚ ਲੋਕਾਂ ਦੀਆਂ ਨਿੱਜੀ ਜਾਣਕਾਰੀਆਂ ਇੰਟਰਨੈਟ ਉਤੇ ਪ੍ਰਸਾਰਿਤ ਕਰਨ ਤੋਂ ਰੋਕਣ ਦੇ ਸਬੰਧ ਵਿੱਚ ਕੁਝ ਨਵੀਆਂ ਵਿਵਸਥਾਵਾਂ ਜੋੜਨ ਦੀ ਗੱਲ ਕਹੀ ਗਈ ਸੀ।

# ਬੇਜੋਸ ਨੇ ਅਹੁਦਾ ਛੱਡਿਆ, ਲੋਕ ਭਲਾਈ ਵਾਲੇ ਤੇ ਦੂਸਰੇ ਕੰਮ ਕਰਦੇ ਰਹਿਣਗੇ, ਐਂਡੀ ਬਣੇ ਸੀ ਈ ਓ

ਨਿਊ ਯਾਰਕ, 8 ਜੁਲਾਈ (ਪੋਸਟ ਬਿਊਰੋ)- ਅਮੇਜਨ ਦੇ ਸੀ ਈ ਓ ਅਤੇ ਦੁਨੀਆ ਦੇ ਸਭ ਤੋਂ ਅਮੀਰ ਵਿਅਕਤੀ ਜੈਫ ਬੇਜੋਸ ਨੇ ਕੱਲ੍ਹ ਆਪਣਾ ਅਹੁਦਾ ਛੱਡ ਦਿੱਤਾ ਹੈ। 27 ਸਾਲ ਪਹਿਲਾਂ ਪੰਜ ਜੁਲਾਈ ਨੂੰ ਹੀ ਉਨ੍ਹਾਂ ਨੇ ਕੰਪਨੀ ਸ਼ੁਰੂ ਕੀਤੀ ਸੀ। ਉਸ ਵੇਲੇ ਉਨ੍ਹਾਂ ਦੇ ਬਣਾਏ ਨਿਯਮ ਅੱਜ ਵੀ ਕੰਪਨੀ ਦੇ ਮੂਲ ਸਿਧਾਂਤ ਬਣੇ ਹੋਏ ਹਨ। ਅਮੇਜ਼ਨ ਦੇ ਨਵੇਂ ਸੀ ਈ ਓ ਐਂਡੀ ਜੈਸੀ ਨੇ ਵੀ ਅਹੁਦਾ ਸੰਭਾਲ ਲਿਆ ਹੈ। ਬੇਜੋਸ ਚੇਅਰਮੈਨ ਅਤੇ ਸਭ ਤੋਂ ਵੱਡੇ ਸ਼ੇਅਰ ਹੋਲਡਰ ਬਣੇ ਰਹਿਣਗੇ। ਉਹ ਅੱਗੇ ਤੋਂ ਆਪਣਾ ਧਿਆਨ ਪਰ-ਉਪਕਾਰ ਦੇ ਨਾਲ ਦੂਸਰੇ ਕੰਮਾਂ ਵਿੱਚ ਲਾਉਣਗੇ।

ਵਰਨਣ ਯੋਗ ਹੈ ਕਿ ਜੈਫ ਨੇ ਸਾਲ 1994 ਵਿੱਚ ਕਿਤਾਬਾਂ ਦੇ ਆਨਲਾਈਨ ਮਾਰਕੀਟ ਪਲੇਸ ਦੇ ਤੌਰ ਉਤੇ ਗੈਰਾਜ ਤੋਂ ਕੰਪਨੀ ਸ਼ੁਰੂ ਕੀਤੀ ਸੀ। ਉਨ੍ਹਾਂ ਦੇ ਤਕਨੀਕੀ ਸਲਾਹਕਾਰ ਕਾਲਿਨ ਬ੍ਰੇਅਰ ਦੱਸਦੇ ਹਨ, 'ਜੈਫ ਨੇ ਗਾਹਕਾਂ ਨੂੰ ਪਹਿਲੇ ਦਿਨ ਤੋਂ ਮਹੱਤਵ ਦਿੱਤਾ ਅਤੇ ਉਨ੍ਹਾਂ ਦੀ ਰਾਇ ਨਾਲ ਆਪਣੇ ਪ੍ਰੋਡਕਟ ਚੁਣੇ। ਉਨ੍ਹਾਂ ਨੂੰ ਛੋਟੀਆਂ ਟੀਮਾਂ ਪਸੰਦ ਹਨ। ਉਨ੍ਹਾਂ ਨੇ ਨਿਯਮ ਬਣਾਇਆ ਕਿ ਕੋਈ ਵੀ ਮੀਟਿੰਗ ਬਿਨਾਂ ਨਤੀਜੇ ਦੇ ਖਤਮ ਨਾ ਹੋਵੇ।'ਬ੍ਰੇਅਰ ਦੱਸਦੇ ਹਨ, ਉਹ ਪਾਵਰਪੁਆਇੰਟ ਪ੍ਰੈਜ਼ੇਂਟੇਸ਼ਨ ਤੋਂ ਨਫਰਤ ਕਰਦੇ ਹਨ। ਇਸ ਦੀ ਥਾਂ ਉਹ ਅਧਿਕਾਰੀਆਂ ਨਾਲ ਚਰਚਾ ਲਈ ਲਿਖਤੀ ਨੋਟ ਪਸੰਦ ਕਰਦੇ ਹਨ। 2004 ਵਿੱਚ ਅਮੇਜਨ ਦੀ ਮੈਂਬਰ ਰਹੀ ਨਾਦਿਆ ਦੱਸਦੀ ਹੈ, 'ਬੇਜੋਸ ਕਦੇ-ਕਦੇ ਇੱਕ ਬੈਠਕ ਵਿੱਚ ਹਰ ਵਿਅਕਤੀ ਦੇ ਕੋਲ ਜਾ ਕੇ ਸਵਾਲ ਪੁੱਛਦੇ ਸਨ ਅਤੇ ਜੋ ਲੋਕ ਉਨ੍ਹਾਂ ਨਾਲ ਬਹਿਸ ਕਰਦੇ ਹਨ, ਉਨ੍ਹਾਂ ਨੂੰ ਉਹ ਪਸੰਦ ਕਰਦੇ ਹਨ।

# ਤਾਲਿਬਾਨ ਦੀ ਸਥਿਤੀ ਮਜ਼ਬੂਤ ਹੁੰਦੇ ਸਾਰ ਹਿੰਦੂਆਂ ਤੋਂ ਜਜ਼ੀਆ ਮੰਗਣ ਦਾ ਕੰਮ ਸ਼ੁਰੂ

ਲਾਹੌਰ, 8 ਜੁਲਾਈ (ਪੋਸਟ ਬਿਊਰੋ)- ਅਫ਼ਗਾਨਿਸਤਾਨ ਵਿੱਚ ਤਾਲਿਬਾਨ ਦੀ ਪਕੜ ਮਜ਼ਬੂਤ ਹੁੰਦੇ ਸਾਰ ਪਾਕਿਸਤਾਨ ਦੇ ਨਾਰਥ ਵੈਸਟ ਫਰੰਟੀਅਰ ਪ੍ਰੋਵੀਜਨ ਦੇ ਜ਼ਿਲ੍ਹਾ ਬੱਟਾਗ੍ਰਾਂਮ (ਅਫਗਾਨਿਸਤਾਨ ਨਾਲ ਲੱਗਦੀ ਸੀਮਾ) ਵਿੱਚ ਹਿੰਦੂ ਵਪਾਰੀਆਂ ਨੂੰ ਮੋਬਾਈਲ ਕਾਲਾਂ ਆਉਣੀਆਂ ਸ਼ੁਰੂ ਹੋ ਗਈਆਂ ਹਨ ਕਿ ਜੇ ਇਸ ਇਲਾਕੇ ਵਿੱਚ ਰਹਿਣਾ ਹੈ ਤਾਂ ਪ੍ਰਤੀ ਪਰਵਾਰ ਪੰਜ ਲੱਖ ਰੁਪਏ ਤਾਲਿਬਾਨ ਨੂੰ ਹਰ ਸਾਲ ਦੇਣੇ ਪਿਆ ਕਰਨਗੇ।



ਜਾਣਕਾਰ ਸੂਤਰਾਂ ਅਨੁਸਾਰ ਸਾਲ 2006 ਵਿੱਚ ਵੀ ਏਦਾਂ ਦੀਆਂ ਕਾਲਾਂ ਸਿੱਖ ਫਿਰਕੇ ਦੇ ਵਪਾਰੀਆਂ ਨੂੰ ਆਈਆਂ ਸਨ ਅਤੇ ਉਦੋਂ ਤਾਲਿਬਾਨ ਨੇ ਸਿੱਖ ਫਿਰਕੇ ਦੇ ਲੋਕਾਂ ਤੋਂ 50 ਲੱਖ ਰੁਪਏ ਜਜ਼ੀਏ ਦੀ ਮੰਗ ਕੀਤੀ ਸੀ। ਉਦੋਂ ਲੱਗਭਗ 35 ਸਿੱਖ ਪਰਵਾਰ ਔਰਾਕਜ਼ਈ ਇਲਾਕਾ ਛੱਡ ਕੇ ਸੁਰੱਖਿਅਤ ਥਾਂ ਚਲੇ ਗਏ ਸਨ। ਬਾਅਦ ਵਿੱਚ ਤਾਲਿਬਾਨ ਨੇ ਸਿੱਖ ਫਿਰਕੇ ਦੇ ਲੋਕਾਂ ਦੇ ਘਰਾਂ ਨੂੰ ਅੱਗ ਲਾ ਦਿੱਤੀ ਸੀ। ਉਸੇ ਤਰ੍ਹਾਂ ਅੱਜਕੱਲ੍ਹ ਇਸ ਇਲਾਕੇ ਦੇ ਲੋਕਾਂ ਨੂੰ ਇਹ ਕਾਲਾਂ ਆਉਣੀਆਂ ਸ਼ੁਰੂ ਹੋ ਗਈਆਂ ਹਨ। ਤਾਲਿਬਾਨ ਨੇ ਇਲਾਕੇ ਵਿੱਚ ਰਹਿਣ ਵਾਲੇ ਇੱਕ ਡਾਕਟਰ ਦੀ ਡਿਊਟੀ ਲਾਈ ਹੈ ਕਿ ਹਰ ਹਿੰਦੂ ਪਰਵਾਰ ਤੋਂ 31 ਜੁਲਾਈ ਤਕ 5-5 ਲੱਖ ਰੁਪਏ ਇਕੱਠੇ ਕਰੇ। ਜੇ ਉਹ ਜਜ਼ੀਆ ਅਦਾ ਨਹੀਂ ਕਰਨਗੇ ਤਾਂ ਉਹ ਲੋਕ ਇਲਾਕਾ ਛੱਡ ਕੇ ਚਲੇ ਜਾਣ, ਨਹੀਂ ਤਾਂ ਉਨ੍ਹਾਂ ਦੀ ਹੱਤਿਆ ਕੀਤੀ ਜਾਵੇਗੀ। ਜ਼ਿਲ੍ਹਾ ਬੱਟਾਗ੍ਰਾਂਮ ਦੇ ਪੁਲਸ ਮੁਖੀ ਹਰਸ਼ਦ ਖਾਨ ਅਨੁਸਾਰ ਉਨ੍ਹਾਂ ਨੂੰ ਇਸ ਤਰ੍ਹਾਂ ਦੀ ਕਾਲ ਮਿਲਣ ਦੀ ਕੋਈ ਸ਼ਿਕਾਇਤ ਨਹੀਂ ਮਿਲੀ ਹੈ। ਇਸ ਗੱਲ ਦੀ ਚਰਚਾ ਜ਼ਰੂਰ ਹੈ ਅਤੇ ਅਸੀਂ ਗ਼ੈਰ ਮੁਸਲਿਮਾਨਾਂ ਦੀ ਸੁਰੱਖਿਆਂ ਲਈ ਹਰ ਕਦਮ ਚੁੱਕਾਂਗੇ।

# ਹੈਤੀ ਦੇ ਰਾਸ਼ਟਰਪਤੀ ਦਾ ਘਰ ਵਿੱਚ ਵੜ ਕੇ ਕਤਲ

ਪੋਰਟ ਓ ਪ੍ਰਿੰਸ (ਹੈਤੀ), 8 ਜੁਲਾਈ (ਪੋਸਟ ਬਿਊਰੋ)- ਹੈਤੀ ਦੇ ਰਾਸ਼ਟਰਪਤੀ ਜੋਵੇਨੇਲ ਮੋਇਸੇ (53) ਦੀ ਨਿੱਜੀ ਰਿਹਾਇਸ਼ ਉਤੇ ਹਮਲਾ ਕਰ ਕੇ ਉਨ੍ਹਾਂ ਦਾ ਕਤਲ ਕਰ ਦਿੱਤਾ ਗਿਆ ਹੈ।

ਦੇਸ਼ ਦੇ ਅੰਤ੍ਰਿਮ ਪ੍ਰਧਾਨ ਮੰਤਰੀ ਨੇ ਕੱਲ੍ਹ ਇੱਕ ਬਿਆਨ ਰਾਹੀਂ ਇਸ ਨੂੰ ਇੱਕ ਨਫਰਤੀ, ਅਣਮਨੁੱਖੀ ਅਤੇ ਵਹਿਸ਼ੀ ਕਾਰਵਾਈ ਕਰਾਰ ਦਿੱਤਾ। ਰਾਸ਼ਟਰਪਤੀ ਮੋਇਸੇ ਦੀ ਹੱਤਿਆ ਪਰਸੋਂ ਰਾਤ ਕੀਤੇ ਹਮਲੇ ਦੌਰਾਨ ਹੋਈ ਸੀ। ਅੰਤ੍ਰਿਮ ਪ੍ਰਧਾਨ ਮੰਤਰੀ ਕਲਾਊਡ ਜੋਸਫ ਨੇ ਦੱਸਿਆ ਕਿ ਹਮਲੇ ਵਿੱਚ ਜ਼ਖਮੀ ਰਾਸ਼ਟਰਪਤੀ ਦੀ ਪਤਨੀ ਮਾਰਟਿਨ ਮੋਇਸੇ ਹਸਪਤਾਲ



ਵਿੱਚ ਦਾਖਲ ਹਨ। ਜੋਸਫ ਦੇ ਦਫਤਰ ਵੱਲੋਂ ਜਾਰੀ ਬਿਆਨ ਮੁਤਾਬਕ 'ਦੇਸ਼ ਦੀ ਸੁਰੱਖਿਆ ਸਥਿਤੀ ਹੈਤੀ ਦੀ ਨੈਸ਼ਨਲ ਪੁਲਸ ਅਤੇ ਹੈਤੀ ਦੀਆਂ ਹਥਿਆਰਬੰਦ ਫੌਜਾਂ ਦੇ ਕਾਬੂ ਹੇਠ ਹੈ। ਜੋਸਫ ਨੇ ਇਸ ਨਫਰਤੀ ਅਤੇ ਘਿਨਾਉਣੀ ਕਾਰਵਾਈ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਹਮਲਾਵਰ ਸਪੈਨਿਸ਼ ਭਾਸ਼ਾ ਬੋਲ ਰਹੇ ਸਨ, ਪਰ ਉਨ੍ਹਾਂ ਨੇ ਹੋਰ ਜਾਣਕਾਰੀ ਨਹੀਂ ਦਿੱਤੀ। ਵਰਨਣ ਯੋਗ ਹੈ ਕਿ 1 ਕਰੋੜ ਦਸ ਲੱਖ ਦੀ ਆਬਾਦੀ ਵਾਲੇ ਦੇਸ਼ ਵਿੱਚ ਮੋਇਸੇ ਦੇ ਸ਼ਾਸਨ ਦੌਰਾਨ ਅਸਥਿਰਤਾ ਲਗਾਤਾਰ ਵਧਦੀ ਰਹੀ ਸੀ। ਹੈਤੀ ਦੀਆਂ ਆਰਥਿਕ, ਰਾਜਨੀਤਕ ਅਤੇ ਸਮਾਜਕ ਸਮੱਸਿਆਵਾਂ ਵਧ ਰਹੀਆਂ ਸਨ ਅਤੇ ਰਾਜਧਾਨੀ ਪੋਰਟ ਓ ਪ੍ਰਿੰਸ ਵਿੱਚ ਗਿਰੋਹਾਂ ਦੀ ਹਿੰਸਾ ਲਗਾਤਾਰ ਵਧ ਰਹੀ ਸੀ। ਦੇਸ਼ ਵਿੱਚ ਚੋਣਾਂ ਨਾ ਹੋਣ ਅਤੇ ਪਾਰਲੀਮੈਂਟ ਭੰਗ ਹੋਣ ਕਾਰਨ ਅਦਾਲਤੀ ਹੁਕਮਾਂ ਦੇ ਆਧਾਰ ਉਤੇ ਮੋਇਸੇ ਦੋ ਸਾਲਾਂ ਤੋਂ ਸ਼ਾਸਨ ਕਰ ਰਹੇ ਸਨ।

ਗਲੋਬਲ ਪਾਸਪੋਰਟ ਰੈਂਕਿਂਗ:

# ਨਿਊਜ਼ੀਲੈਂਡ ਦੇ ਪਾਸਪੋਰਟ ਦੀ ਦੁਨੀਆ ਵਿੱਚ ਝੰਡੀ




ਆਕਲੈਂਡ, 8 ਜੁਲਾਈ (ਪੋਸਟ ਬਿਊਰੋ)- ਨਿਊਜ਼ੀਲੈਂਡ ਦੇ ਪੰਜਾਹ ਲੱਖ ਵਸਨੀਕਾਂ ਲਈ ਮਾਣ ਦੀ ਗੱਲ ਹੈ ਕਿ ਸਿਵਲਰ ਫਰਨ ਦੇ ਪੱਤਿਆਂ ਵਾਲਾ ਪਾਸਪੋਰਟ ਦੁਨੀਆ ਭਰ ਦੇ ਪਾਸਪੋਰਟਾਂ ਵਿੱਚ ਸਭ ਤੋਂ ਸ਼ਕਤੀਸ਼ਾਲੀ ਹੈ। ਇਹ ਪਾਸਪੋਰਟ ਜਾਰੀ ਹੋਣ ਉਤੇ 92 ਦੇਸ਼ਾਂ ਦੀ ਯਾਤਰਾ ਲਈ ਵੀਜ਼ੇ ਦੀ ਲੋੜ ਨਹੀਂ ਅਤੇ 44 ਦੇਸ਼ਾਂ ਦਾ ਵੀਜ਼ਾ ਉਥੇ ਪਹੁੰਚਣ ਉਤੇ ਮਿਲ ਸਕੇਗਾ। ਪਿਛਲੇ ਸਾਲ ਦੀ ਸੂਚੀ ਵਿੱਚ ਨਿਊਜ਼ੀਲੈਂਡ ਦਾ ਨੰਬਰ ਤੀਜਾ ਸੀ। ਨਵੀਂ ਸੂਚੀ ਵਿੱਚ ਚੀਨ ਦਾ 54ਵਾਂ, ਭਾਰਤ ਦਾ 63ਵਾਂ ਅਤੇ ਪਾਕਿਸਤਾਨ ਦੇ ਪਾਸਪੋਰਟ ਦਾ 79ਵਾਂ ਨੰਬਰ ਹੈ।

ਪਾਸਪੋਰਟ ਇੰਡੈਕਸ ਦਾ ਵਿਸ਼ਲੇਸ਼ਣ ਕਰਨ ਵਾਲਿਆਂ ਦਾ ਮੰਨਣਾ ਹੈ ਕਿ ਇੰਡੈਕਸ ਵਾਸਤੇ ਇਸ ਗੱਲ ਨੂੰ ਆਧਾਰ ਬਣਾਇਆ ਗਿਆ ਹੈ ਕਿ ਸਬੰਧਤ ਦੇਸ਼ਾਂ ਨੇ ਕੋਵਿਡ-19 ਨੂੰ ਕੰਟਰੋਲ ਕਰਨ ਲਈ ਕਿੱਦਾਂ ਦਾ ਪ੍ਰਬੰਧ ਕੀਤਾ ਹੈ, ਭਾਵ ਜਿਸ ਨੇ ਵਧੀਆ ਢੰਗ ਨਾਲ ਪ੍ਰਬੰਧ ਕੀਤੇ, ਉਨ੍ਹਾਂ ਦਾ ਸੂਚੀ ਵਿੱਚ ਨੰਬਰ ਉਪਰ ਹੋ ਗਿਆ ਅਤੇ ਤਸੱਲੀ ਵਾਲੇ ਪ੍ਰਬੰਧ ਨਾ ਕਰਨ ਵਾਲੇ ਦਾ ਨੰਬਰ ਹੇਠਾਂ ਖਿਸਕ ਗਿਆ ਹੈ। ਇਸ ਕਰਕੇ ਬਹਿਰੀਨ, ਕੁਵੈਤ, ਓਮਾਨ, ਕਤਰ ਅਤੇ ਸਾਊਦੀ ਅਰਬ ਦਾ ਨੰਬਰ ਚਾਰ ਤੋਂ ਘੱਟ ਕੇ ਸੱਤ ਨੰਬਰ ਉਤੇ ਚਲਾ ਗਿਆ ਹੈ।ਮੰ-ਨਿਆ ਜਾ ਰਿਹਾ ਹੈ ਕਿ ਨਿਊਜ਼ੀਲੈਂਡ ਸਰਕਾਰ ਵੱਲੋਂ ਕੋਵਿਡ-19 ਦੇ ਕੰਟਰੋਲ ਲਈ ਕੀਤੇ ਗਏ ਸਖਤ ਪ੍ਰਬੰਧਾਂ ਕਰ ਕੇ ਨੰਬਰ ਇੱਕ ਹਾਸਲ ਹੋਇਆ ਹੈ, ਜੋ ਸਾਲ 2020 ਵਿੱਚ ਤੀਜੇ ਨੰਬਰ ਉਤੇ ਸੀ। ਹੈਰਾਨੀ ਦੀ ਗੱਲ ਹੈ ਕਿ ਦੁਨੀਆ ਦਾ 'ਸਰਪੰਚ' ਕਹਾਉਣ ਵਾਲਾ ਅਮਰੀਕਾ ਵੀ ਕਾਫੀ ਸੁਧਾਰ ਤੋਂ ਬਾਅਦ 16ਵੇਂ ਨੰਬਰ ਉਤੇ ਆ ਗਿਆ ਹੈ। ਇਸ ਕਰਕੇ ਮੰਨਿਆ ਜਾ ਰਿਹਾ ਹੈ ਕਿ ਜੋਅ ਬਾਇਡੇਨ ਦੀ ਸਰਕਾਰ ਨੇ ਕੋਵਿਡ ਕੰਟਰੋਲ ਲਈ ਵਧੀਆ ਕਦਮ ਚੁੱਕੇ ਹਨ। ਟਰੰਪ ਸਰਕਾਰ ਦੌਰਾਨ ਪਿਛਲੇ ਸਾਲ ਇਸ ਸੂਚੀ ਵਿੱਚ ਅਮਰੀਕਾ ਦਾ 16ਵਾਂ ਨੰਬਰ ਸੀ।ਦੁਨੀਆ ਭਰ ਵਿੱਚ ਰਾਜ ਕਰਨ ਵਾਲੇ ਯੂ ਕੇ ਦਾ ਪੰਜਵਾਂ ਨੰਬਰ ਹੈ।

# ਪਾਪੂਆ ਨਿਊ ਗਿਨੀ ਵਿੱਚ 'ਸੀਨੋਫਾਰਮ ਵੈਕਸੀਨ'ਬਾਰੇ ਆਸਟ੍ਰੇਲੀਆ ਤੇ ਚੀਨ ਆਹਮੋ-ਸਾਹਮਣੇ

ਕੇਨਬਰਾ, 8 ਜੁਲਾਈ (ਪੋਸਟ ਬਿਊਰੋ)- ਆਸਟ੍ਰੇਲੀਆ ਨੇ ਚੀਨੀ ਮੀਡੀਆ ਵਿੱਚ ਛਪੀਆਂ ਉਨ੍ਹਾਂ ਖ਼ਬਰਾਂ ਦਾ ਖੰਡਨ ਕੀਤਾ ਹੈ ਜਿਨ੍ਹਾਂ ਵਿੱਚ ਕਿਹਾ ਗਿਆ ਸੀ ਕਿ ਪਾਪੂਆ ਨਿਊ ਗਿਨੀ ਵਿੱਚ ਭੇਜੀ ਗਈ ਚਾਈਨੀਜ ਵੈਕਸੀਨ ਵਿੱਚ ਆਸਟ੍ਰੇਲੀਆ ਗਲਤ ਨੀਤ ਨਾਲ ਦਖਲਅੰਦਾਜ਼ੀ ਕਰ ਰਿਹਾ ਹੈ।

ਚੀਨ ਸਰਕਾਰ ਦੇ ਮੁੱਖ ਪੱਤਰ ਗਲੋਬਲ ਟਾਈਮਸ ਨੇ ਆਸਟ੍ਰੇਲੀਆ ਉੱਤੇਇਹ ਦੋਸ਼ ਲਾਇਆ ਸੀ ਕਿ ਉਹ ਉਥੇ ਆਪਣਾ ਕੰਸਲਟੈਂਟ



ਬਿਠਾਉਣ ਦੀ ਯੋਜਨਾ ਬਣਾ ਰਿਹਾ ਹੈ, ਜਿਸਦਾ ਮਕਸਦ ਵੈਕਸੀਨ ਸਬੰਧੀ ਚੀਨ ਅਤੇ ਪਾਪੂਆ ਨਿਊ ਗਿਨੀ ਵਿਚਾਲੇ ਸਹਿਯੋਗ ਖ਼ਤਮ ਕਰਨਾ ਹੋਵੇਗਾ। ਅਖ਼ਬਾਰ ਮੁਤਾਬਕ ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਵਾਂਗ ਵੇਂਬਿਨ ਨੇ ਆਸਟ੍ਰੇਲੀਆ ਦੀ ਨਿੰਦਾ ਕਰਦੇ ਹੋਏ ਕਿਹਾ ਕਿ ਇਹ ਗੰਭੀਰ ਮਾਮਲਾ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਆਸਟ੍ਰੇਲੀਆ ਇਸ ਤਰ੍ਹਾਂ ਕੀ ਕਹਿਣਾ ਚਾਹੁੰਦਾ ਹੈ। ਚੀਨ ਵੱਲੋਂ ਆਸਟ੍ਰੇਲੀਆ ਦੇ ਰਵੱਈਏ ਨੂੰ ਬੇਹੱਦ ਗੈਰ-ਜ਼ਿੰਮੇਦਾਰਾਨਾ ਦੱਸਿਆ ਗਿਆ ਸੀ।

# ਰੂਸੀ ਜਹਾਜ਼ ਹਾਦਸਾ ਗ੍ਰਸਤ, 28 ਮੁਸਾਫਰਾਂ ਦੀ ਮੌਤ



ਮਾਸਕੋ, 8 ਜੁਲਾਈ (ਪੋਸਟ ਬਿਊਰੋ)- ਪੂਰਬੀ ਰੂਸ ਵਿੱਚ 28 ਲੋਕਾਂ ਨੂੰ ਲਿਜਾ ਰਿਹਾ ਜਹਾਜ਼ ਕੱਲ੍ਹ ਲਾਪਤਾ ਹੋ ਗਿਆ ਅਤੇ ਇਸ ਦਾ ਮਲਬਾ ਹਵਾਈ ਅੱਡੇ ਤੋਂ ਕੁਝ ਕਿਲੋਮੀਟਰ ਦੂਰ ਮਿਲਿਆ ਹੈ। ਅਧਿਕਾਰੀਆਂ ਨੇ ਸਾਰਿਆਂ ਦੇ ਮਰਨ ਦਾ ਖਦਸ਼ਾ ਜ਼ਾਹਿਰ ਕੀਤਾ ਹੈ। ਪੋਤਰੋਪਾਵਲੋਵਸਕ-ਕਾਮਚਾਤਸਕੀ ਤੋਂ ਪਲਾਨਾ ਸ਼ਹਿਰ ਲਈ 22 ਯਾਤਰੀਆਂ ਅਤੇ ਛੇ ਜਹਾਜ਼ੀ ਅਮਲੇ ਨਾਲ ਉਡਾਣ ਭਰਨ ਵਾਲੇ ਐਂਤੋਨੋਵ ਐਨ-26 ਜਹਾਜ਼ ਦਾ ਉਤਰਨ ਤੋਂ ਪਹਿਲਾਂ ਖਰਾਬ ਮੌਸਮ ਕਾਰਨ ਸੰਪਰਕ ਟੁੱਟ ਗਿਆ ਸੀ। ਰੂਸ ਦੀ ਸਰਕਾਰੀ ਸ਼ਹਿਰੀ ਹਵਾਬਾਜ਼ੀ ਏਜੰਸੀ ਰੋਸਾਵਿਅਤਸੀ ਨੇ ਕਿਹਾ ਕਿ ਜਹਾਜ਼ ਦਾ ਕੁਝ ਹਿੱਸਾ ਹਵਾਈ ਅੱਡੇ ਤੋਂ ਪੰਜ ਕਿਲੋਮੀਟਰ ਦੂਰ ਸਮੁੰਦਰੀ ਖੇਤਰ ਵਿੱਚੋਂ ਮਿਲਿਆ ਹੈ।

ਕਮਚਾਤਕਾ ਦੇ ਗਵਰਨਰ ਵਲਾਦੀਮੀਰ ਸੋਲੋਦੋਵ ਨੇ ਦੱਸਿਆ ਕਿ ਜਹਾਜ਼ ਦਾ ਮੁੱਖ ਹਿੱਸਾ ਸਮੁੰਦਰੀ ਤੱਟ ਕੋਲੋਂ ਜ਼ਮੀਨ ਉੱਤੇ ਪਿਆ ਮਿਲਿਆ ਹੈ, ਜਦੋਂ ਕਿ ਬਾਕੀ ਹਿੱਸਾ ਤੱਟ ਦੇ ਨੇੜੇ ਓਖੇਤਸਕ ਸਮੁੰਦਰ ਵਿੱਚ ਤੈਰ ਰਿਹਾ ਸੀ। ਜਹਾਜ਼ ਕਮਚਾਤਕਾ ਐਵੀਏਸ਼ਨ ਐਂਟਰਪਰਾਈਜ਼ ਕੰਪਨੀ ਦਾ ਸੀ ਤੇ 1982 ਤੋਂ ਸੇਵਾ ਵਿੱਚ ਸੀ। ਰੂਸੀ ਮੀਡੀਆ ਮੁਤਾਬਕ ਜਹਾਜ਼ ਵਿੱਚ ਸਵਾਰ 28 ਲੋਕਾਂ ਦੇ ਬਚਣ ਦੀ ਕੋਈ ਸੰਭਾਵਨਾ ਨਹੀਂ ਹੈ। ਕੰਪਨੀ ਦੇ ਨਿਰਦੇਸ਼ਕ ਅਲੈਕਸੀ ਖਾਬਾਰੋਵ ਨੇ ਦੱਸਿਆ ਕਿ ਉਡਾਣ ਭਰਨ ਤੋਂ ਪਹਿਲਾਂ ਜਹਾਜ਼ ਵਿੱਚ ਕੋਈ ਤਕਨੀਕੀ ਗੜਬੜੀ ਨਹੀਂ ਸੀ। ਸਥਾਨਕ ਅਧਿਕਾਰੀਆਂ ਨੇ ਦੱਸਿਆ ਕਿ ਇਸ ਦੀ ਜਾਂਚ ਸ਼ੁਰੂ ਕੀਤੀ ਗਈ ਹੈ। ਕਮਚਾਤਕਾ ਐਵੀਏਸ਼ਨ ਐਂਟਰਪ੍ਰਾਈਜ਼ ਦੇ ਡਿਪਟੀ ਡਾਇਰੈਕਟਰ ਸਰਗੇਈ ਗੋਰਬ ਨੇ ਕਿਹਾ ਕਿ ਜਹਾਜ਼ ਇੱਕ ਸਮੁੰਦਰੀ ਚੱਟਾਨ ਨਾਲ ਟਕਰਾ ਕੇ ਹਾਦਸਾ ਗ੍ਰਸਤ ਹੋ ਗਿਆ। ਕਮਚਾਤਕਾ ਸਰਕਾਰ ਨੇ ਦੱਸਿਆ ਕਿ ਜਹਾਜ਼ ਉਤਰਨ ਵਾਲਾ ਸੀ, ਉਦੋਂ ਪਲਨਾ ਦੇ ਹਵਾਈ ਅੱਡੇ ਤੋਂ ਲਗਭਗ 10 ਕਿਲੋਮੀਟਰ ਦੂਰ ਉਸ ਨਾਲੋਂ ਸੰਪਰਕ ਟੁੱਟ ਗਿਆ। ਪਲਾਨਾ ਦੀ ਸਥਾਨਕ ਸਰਕਾਰ ਦੇ ਮੁਖੀ ਓਲਗਾ ਮੋਖਿਰੇਵਾ ਜਹਾਜ਼ ਵਿੱਚ ਸਵਾਰ ਸਨ।

# ਯੂ ਐੱਨ ਤੇ ਯੂਰਪੀ ਯੂਨੀਅਨ ਦੇ ਮਨੁੱਖੀ ਅਧਿਕਾਰ ਪ੍ਰਤੀਨਿਧਾਂ ਨੇ ਸਟੈਨ ਸਵਾਮੀ ਦੀ ਮੌਤ ਨੂੰ ਖਤਰਨਾਕ ਦੱਸਿਆ




ਯੂ ਐੱਨ ਓ, 8 ਜੁਲਾਈ (ਪੋਸਟ ਬਿਊਰੋ)- ਯੂ ਐੱਨ ਅਤੇ ਯੂਰਪੀ ਯੂਨੀਅਨ ਦੇ ਮਨੁੱਖੀ ਅਧਿਕਾਰ ਪ੍ਰਤੀਨਿਧਾਂ ਨੇ ਝਾਰਖੰਡ ਦੇ ਮਨੁੱਖੀ ਅਧਿਕਾਰ ਵਰਕਰ ਪਾਦਰੀ ਸਟੈਨ ਸਵਾਮੀ ਦੀ ਪੁਲਸ ਹਿਰਾਸਤ ਵਿੱਚ ਮੌਤ ਨੂੰ ਖਤਰਨਾਕ ਦੱਸਿਆ ਅਤੇ ਕਿਹਾ ਕਿ ਸਟੈਨ ਸਵਾਮੀ ਨੂੰ ਅੱਤਵਾਦ ਦੇ ਝੂਠੇ ਦੋਸ਼ਾਂ ਹੇਠ ਜੇਲ੍ਹ ਵਿੱਚ ਰੱਖਿਆ ਗਿਆ ਸੀ।

ਯੂਰਪੀ ਯੂਨੀਅਨ ਦੇ ਮਨੁੱਖੀ ਅਧਿਕਾਰ ਵਿਸ਼ੇਸ਼ ਪ੍ਰਤੀਨਿਧ ਏਮਨ ਗਿਲਮੋਰ ਤੇ ਯੂ ਐੱਨ ਮਨੁੱਖੀ ਅਧਿਕਾਰ ਕੌਂਸਲਦੇ ਵਿਸ਼ੇਸ਼ ਰਿਪੋਰਟਰ ਮੇਰੀ ਲਾਲੋਰ ਨੇ ਟਵੀਟ ਕਰਕੇ ਸਵਾਮੀ ਦੀ ਮੌਤ ਉੱਤੇ ਦੁੱਖ ਪ੍ਰਗਟ ਕੀਤਾ। ਮੇਰੀ ਨੇ ਟਵੀਟ ਕੀਤਾ ਕਿ ਭਾਰਤ ਤੋਂ ਖਤਰਨਾਕ ਸਮਾਚਾਰ ਹੈ। ਮਨੁੱਖੀ ਅਧਿਕਾਰ ਵਰਕਰ ਤੇ ਪਾਦਰੀ ਸਟੈਨ ਸਵਾਮੀ ਦੀ ਮੌਤ ਹਿਰਾਸਤ ਵਿੱਚ ਹੋਈ ਹੈ, ਉਹ 9 ਮਹੀਨਿਆਂ ਤੋਂ ਜੇਲ੍ਹ ਵਿੱਚ ਸਨ ਤੇ ਉਨ੍ਹਾਂ ਨੂੰ ਅੱਤਵਾਦ ਦੇ ਝੂਠੇ ਕੇਸ ਵਿੱਚਫੜਿਆ ਗਿਆ ਸੀ। ਗਿਲਮੋਰ ਨੇ ਟਵੀਟ ਕੀਤਾ ਕਿ ਸਟੈਨ ਸਵਾਮੀ ਦੀ ਮੌਤ ਬਾਰੇ ਸੁਣ ਕੇ ਦੁੱਖ ਹੋਇਆ। ਉਨ੍ਹਾਂ ਕਿਹਾ ਕਿ ਸਵਾਮੀ ਪਿਛਲੇ 9 ਮਹੀਨਿਆਂ ਤੋਂ ਹਿਰਾਸਤ ਵਿੱਚ ਸਨ। ਯੂਰਪੀ ਯੂਨੀਅਨ ਨੇ ਵਾਰ-ਵਾਰ ਇਹ ਮੁੱਦਾ ਅਧਿਕਾਰੀਆਂ ਕੋਲ ਚੁੱਕਿਆ ਸੀ।

# ਤਾਲਿਬਾਨ ਦੀਆਂ ਜਿੱਤਾਂ ਕਾਰਨ ਦੂਸਰੇ ਦੇਸ਼ ਦੂਤਘਰ ਬੰਦ ਕਰਨ ਲੱਗੇ



ਕਾਬੁਲ, 8 ਜੁਲਾਈ (ਪੋਸਟ ਬਿਊਰੋ)- ਤਾਲਿਬਾਨ ਇੱਕ ਵਾਰ ਫਿਰ ਅਫ਼ਗਾਨਿਸਤਾਨ ਵਿੱਚ ਆਪਣੇ ਪੈਰ ਫੈਲਾ ਰਿਹਾ ਹੈ। ਉਤਰੀ ਅਫ਼ਗਾਨਿਸਤਾਨ ਦੇ ਇਲਾਕਿਆਂ ਵਿੱਚ ਉਸ ਨੂੰ ਮਿਲ ਰਹੀ ਜਿੱਤ ਨਾਲ ਵਧੇ ਸੰਕਟ ਨੂੰ ਦੇਖ ਕੇਕੁਝ ਦੇਸ਼ਾਂ ਨੇ ਉਸ ਇਲਾਕੇ ਵਿੱਚ ਆਪਣੇ ਵਪਾਰਕ ਦੂਤਘਰ ਬੰਦ ਕਰ ਦਿੱਤੇ ਹਨ ਜਦਕਿ ਤਾਜਿਕਿਸਤਾਨ ਵਿੱਚ ਰਾਖਵੇਂ ਫ਼ੌਜੀਆਂ ਨੂੰ ਦੱਖਣੀ ਸਰਹੱਦ ਉੱਤੇ ਸੁਰੱਖਿਆ ਹੋਰ ਚਾਕ-ਚੌਬੰਦ ਕਰਨ ਲਈ ਬੁਲ-ਾਇਆ ਜਾ ਰਿਹਾ ਹੈ।ਲੱਗਭਗ 1000 ਅਫ਼ਗਾਨ ਫ਼ੌਜੀ ਤਾਲਿਬਾਨ ਫੋਰਸਾਂ ਦੇ ਅੱਗੇ ਵੱਧਣ ਪਿੱਛੋਂ ਸਰਹੱਦ ਪਾਰ ਕਰਕੇ ਤਾਜਿਕਿਸਤਾਨ ਭੱਜ ਗਏ ਹਨ।

ਤਾਜਿਕਿਸਤਾਨ ਸਰਕਾਰ ਨੇ ਕੱਲ੍ਹ ਜਾਰੀ ਇੱਕ ਬਿਆਨ ਵਿੱਚ ਕਿਹਾ ਹੈ ਕਿ ਰਾਸ਼ਟਰਪਤੀ ਇਮੋਮਾਲੀ ਰਖਮੋਨ ਨੇ ਅਫ਼ਗਾਨਿਸਤਾਨ ਨਾਲ ਲੱਗਦੀ ਸਰਹੱਦ ਨੂੰ ਹੋਰ ਮਜ਼ਬੂਤ ਕਰਨ ਲਈ 20 ਹਜ਼ਾਰ ਰਿਜ਼ਰਵ ਫ਼ੌਜੀਆਂ ਨੂੰ ਭੇਜਣ ਦਾ ਹੁਕਮ ਦਿੱਤਾ ਹੈ। ਤਾਲਿਬਾਨ ਦੇ ਉੱਤਰ-ਪੂਰਬੀ ਬਦਖ਼ਸ਼ਾਂ ਸੂਬੇ ਦੇ ਜ਼ਿਆਦਾਤਰ ਜ਼ਿਲ੍ਹਿਆਂ ਉੱਤੇ ਕਬਜ਼ੇ ਤੋਂ ਬਾਅਦ ਅਫਗਾਨ ਫ਼ੌਜ ਦੀ ਇਹ ਹਿਜ਼ਰਤ ਹੋਣ ਲੱਗੀ ਹੈ। ਕਈ ਜ਼ਿਲ੍ਹਿਆਂ ਵਿੱਚ ਸਰਕਾਰੀ ਫੋਰਸਾਂ ਨੇ ਬਿਨਾਂ ਸੰਘਰਸ਼ ਦੇ ਹਥਿਆਰ ਸੁੱਟ ਦਿੱਤੇ, ਜਦਕਿ ਤਾਜਿਕਿਸਤਾਨ ਨਾਲ ਲੱਗਦੇ ਸੂਬੇ ਦੀ ਉਤਰੀ ਸਰਹੱਦ ਉੱਤੇ ਅਫ਼ਗਾਨ ਨੈਸ਼ਨਲ ਸਕਿਓਰਿਟੀ ਐਂਡ ਡਿਫੈਂਸ ਫੋਰਸਿਜ਼ ਦੇ ਸੈਂਕੜੇ ਫ਼ੌਜੀਆਂ ਨੇ ਸੁਰੱਖਿਆ ਦੇ ਕਾਰਨ ਸਰਹੱਦ ਪਾਰ ਕਰ ਦਿੱਤੀ ਹੈ। ਤਾਜਿਕਿਸਤਾਨ ਸਰਕਾਰ ਨੇ ਕਿਹਾ ਕਿ ਅਫ਼ਗਾਨ ਫ਼ੌਜੀਆਂ ਨੂੰ ਮਨੁੱਖੀ ਆਧਾਰ ਉੱਤੇ ਸਰਹੱਦ ਪਾਰ ਕਰਨ ਦੀ ਇਜਾਜ਼ਤ ਦਿੱਤੀ ਗਈ ਪਰ ਤਾਜਿਕ ਪੱਖ ਦੀਆਂ ਸਰਹੱਦੀ ਚੌਕੀਆਂ ਉੱਤੇ ਦੇਸ਼ ਦੀਆਂ ਫੋਰਸਾਂ ਦਾ ਕੰਟਰੋਲ ਹੈ ਅਤੇ ਉਨ੍ਹਾ ਦੀ ਤਾਲਿਬਾਨ ਨਾਲ ਕੋਈ ਝੜਪ ਨਹੀਂ ਹੋ ਰਹੀ। ਰੂਸ ਵੀ ਘਟਨਾਵਾਂ ਉੱਤੇ ਚਿੰਤਾ ਪ੍ਰਗਟ ਕਰ ਚੁੱਕਾ ਹੈ।

# ਭਾਰਤੀ ਪੇਸ਼ੇਵਰ ਸਿੰਗਾਪੁਰ ਵਿੱਚ 15 ਸਾਲਾਂ 'ਚ ਦੁੱਗਣੇ ਹੋਏ

ਸਿੰਗਾਪੁਰ, 8 ਜੁਲਾਈ (ਪੋਸਟ ਬਿਊਰੋ)- ਸਿੰਗਾਪੁਰ ਵਿੱਚ ਭਾਰਤੀ ਪੇਸ਼ੇਵਰਾਂ ਦੀ ਗਿਣਤੀ ਤੇਜ਼ੀ ਨਾਲ ਵਧੀ ਹੈ। ਇਥੋਂ ਦੀ ਪਾਰਲੀਮੈਂਟ ਵਿੱਚ ਪੇਸ਼ ਕੀਤੇ ਗਏ ਅੰਕੜਿਆਂ ਦੇ ਮੁਤਾਬਕ 2005 ਤੋਂ 2020 ਦਰਮਿਆਨ ਭਾਰਤੀਆਂ ਦੀ ਗਿਣਤੀ 13 ਫੀਸਦੀ ਤੋਂ 26 ਫੀਸਦੀ ਯਾਨੀ ਦੁੱਗਣੀ ਹੋ ਗਈ ਹੈ।

ਕੋਰੋਨਾ ਵਾਇਰਸ ਦੇ ਦੌਰਾਨ ਜ਼ਿਆਦਾ ਗਿਣਤੀ ਵਿੱਚ ਜਾ ਰਹੀਆਂ ਨੌਕਰੀਆਂ ਉਤੇ ਸਥਾਨਕ ਲੋਕਾਂ ਦਾ ਦੋਸ਼ ਹੈ ਕਿ ਇੱਥੇ ਭਾਰਤੀਆਂ ਨੂੰ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ, ਇਸ ਲਈ ਇਨ੍ਹਾਂ ਦੀ ਗਿਣਤੀ ਵਧ ਰਹੀ ਹੈ। ਇਸ ਉਤੇ ਇਥੋਂ ਦੀ ਪਾਰਲੀਮੈਂਟ ਵਿੱਚ ਜਨ ਸ਼ਕਤੀ ਮੰਤਰੀ ਟੈਨ ਸੀ ਲੇਂਗ ਨੇ ਅੰਕੜਿਆਂ ਦੇ ਨਾਲ ਪੂਰਾ ਸਪੱਸ਼ਟੀਕਰਨ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਭਾਰਤੀਆਂ ਦੀ ਗਿਣਤੀ ਤਕਨੀਕੀ ਯੋਗਤਾ ਦੇ ਕਾਰਨ ਵਧੀ ਹੈ। ਉਨ੍ਹਾਂ ਨੂੰ ਸਰਕਾਰੀ ਤੌਰ ਉਤੇ ਕਿਸੇ ਪ੍ਰਕਾਰ



ਦੀ ਸਹੂਲਤ ਨਹੀਂ ਦਿੱਤੀ ਜਾ ਰਹੀ। ਸੰਸਾਰ ਪੱਧਰ ਉਤੇ ਵਿਕਾਸ ਦੇ ਲਈ ਜ਼ਰੂਰੀ ਤਕਨੀਕੀ ਹੁਨਰ ਦੀ ਮੰਗ ਕਾਰਨ ਅਜਿਹਾ ਹੋ ਰਿਹਾ ਹੈ। ਮੰਤਰੀ ਨੇ ਕਿਹਾ ਕਿ ਇਹ ਗਲਤ ਧਾਰਨਾ ਹੈ ਕਿ ਭਾਰਤੀ ਇਨ੍ਹਾਂ ਕੰਮਾ ਵਿੱਚ ਨਹੀਂ ਆਉਣਗੇ ਤਾਂ ਸਥਾਨਕ ਲੋਕਾਂ ਨੂੰ ਇਹ ਨੌਕਰੀ ਮਿਲੇਗੀ।ਜਨ ਸ਼ਕਤੀ ਮੰਤਰਾਲੇ ਦੇ ਅਨੁਸਾਰ ਸਿੰਗਾਪੁਰ ਵਿੱਚ ਦਸੰਬਰ 2020 ਤਕ ਇੱਕ ਲੱਖ 77 ਹਜ਼ਾਰ ਈ ਪੀ ਧਾਰਕਾਂ ਸਮੇਤ 12 ਲੱਖ 31 ਹਜ਼ਾਰ ਵਿਦੇਸ਼ੀ ਕਾਮੇ ਹਨ। ਇਨ੍ਹਾਂ ਵਿੱਚੋਂ 19 ਫੀਸਦੀ ਸੂਚਨਾ ਅਤੇ ਸੰਚਾਰ ਤਕਨੀਕੀ, 19 ਫੀਸਦੀ ਪੇਸ਼ੇਵਰ ਸੇਵਾ ਅਤੇ 15 ਫੀਸਦੀ ਵਿੱਤ ਖੇਤਰ ਵਿੱਚ ਹਨ।

# ਪਾਕਿਸਤਾਨ ਵਿੱਚ ਪਾਣੀ ਦੀ ਕਮੀ ਨਾਲ ਅਕਾਲ ਵਰਗੇ ਹਾਲਾਤ ਬਣੇ



ਇਸਲਾਮਾਬਾਦ, 8 ਜੁਲਾਈ (ਪੋਸਟ ਬਿਊਰੋ)- ਮਾਹਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਸਮੇਂ ਸਿਰ ਸਮੱਸਿਆ ਦਾ ਹੱਲ ਨਾ ਨਿਕਲਿਆ ਤਾਂ ਪਾਕਿਸਤਾਨ ਨੂੰ ਪਾਣੀ ਦੀ ਕਮੀ ਨਾਲ ਅਕਾਲ ਵਰਗੇ ਹਾਲਾਤ ਦਾ ਸਾਹਮਣਾ ਕਰਨਾ ਪਵੇਗਾ।

ਜਿਓ ਨਿਊਜ਼ ਨੇ ਮਾਹਰਾਂ ਦੀ ਇਸ ਰਿਪੋਰਟ ਨੂੰ ਵਿਸਥਾਰ ਨਾਲ ਛਾਪਿਆ ਹੈ। ਰਿਪੋਰਟ ਮੁਤਾਬਕ ਘੱਟ ਬਾਰਸ਼ ਦੇ ਕਾਰਨ ਦੇਸ਼ ਦੀਆਂ ਨਦੀਆਂ ਸੁੱਕਣ ਦਾ ਖਤਰਾ ਹੋ ਗਿਆ ਹੈ। ਅਖਬਾਰ ਦੇ ਸੂਤਰਾਂ ਮੁਤਾਬਕ ਦੇਸ਼ ਵਿੱਚ ਪ੍ਰਤੀ ਵਿਅਕਤੀ ਪਾਣੀ ਦੀ ਮੌਜੂਦਗੀ ਬਹੁਤ ਘੱਟ ਹੈ ਜਾਂ ਕਹਿ ਸਕਦੇ ਹਾਂ ਕਿ ਖਤਰਨਾਕ ਸਥਿਤੀ ਵਿੱਚ ਪਹੁੰਚ ਗਈ ਹੈ। ਪੰਜਾਬ ਸੂਬੇ ਵਿੱਚ ਤਾਂ ਜ਼ਮੀਨ ਹੇਠਲਾ ਪਾਣੀ 600 ਫੁੱਟ ਤਕ ਹੇਠਾਂ ਚਲਾ ਗਿਆ ਹੈ। ਇੱਥੇ ਪਹਿਲਾਂ ਸਿਰਫ ਪੰਜਾਹ ਫੁੱਟ ਦੂਰ ਜ਼ਮੀਨ ਹੇਠੋਂ ਪਾਣੀ ਮਿਲ ਜਾਂਦਾ ਸੀ। ਹਰ ਸਾਲ ਸਾਉਣੀ ਤੇ ਹਾੜ੍ਹੀ ਦੀ ਫਸਲ ਵਿੱਚ 45 ਫੀਸਦੀ ਤਕ ਪਾਣੀ ਦੀ ਕਮੀ ਰਹਿੰਦੀ ਹੈ।

ਮਾਹਰਾਂ ਨੇ ਕਿਹਾ ਹੈ ਕਿ ਜੇ ਸਮਾਂ ਰਹਿੰਦਿਆਂ ਨਵੀਆਂ ਜਲਗਾਹਾਂ ਬਣਾਉਣ ਤੇ ਪਾਣੀ ਦੀ ਬਰਬਾਦੀ ਨਾ ਰੋਕੀ ਗਈ ਤਾਂ ਹਾਲਾਤ ਅਕਾਲ ਤਕ ਹੋ ਜਾਣਗੇ। ਵਰਨਣ ਯੋਗ ਹੈ ਕਿ ਭਾਰਤ ਤੇ ਪਾਕਿ-ਸਤਾਨ ਕਿਸੇ ਵੇਲੇ ਪਾਣੀ ਦੀ ਬਹੁਤਾਤ ਵਾਲੇ ਵੱਡੇ ਦੇਸ਼ ਸਨ। ਇੱਥੇ ਪਾਣੀ ਦੇ ਕੁਦਰਤੀ ਸੋਮੇ ਸਨ, ਪਰ ਦੋਵਾਂ ਦੇਸ਼ਾਂ ਵਿੱਚ ਬੀਤੇ ਪੰਜਾਹ ਸਾਲਾਂ ਵਿੱਚ ਧਰਤੀ ਹੇਠੋਂ ਏਨੀ ਵੱਡੀ ਮਾਤਰਾ ਵਿੱਚ ਪਾਣੀ ਕੱਢਿਆ ਗਿਆ ਕਿ ਹਾਲਾਤ ਚਿੰਤਾ ਵਾਲੇ ਹੋ ਗਏ। ਦੂਜੇ ਪਾਸੇ ਗਲੋਬਲ ਵਾਰਮਿਗ ਦੀ ਤਪਸ਼ ਕਾਰਨ ਗਲੇਸ਼ੀਅਰ ਸੁੰਗੜਦੇ ਜਾ ਰਹੇ ਹਨ। ਬਾਰਸ਼ ਘੱਟ ਹੋ ਰਹੀ ਹੈ ਜਿਸ ਕਾਰਨ ਦਰਿਆਵਾਂ ਦੇ ਪਾਣੀ ਵੀ ਪਹਿਲਾਂ ਦੇ ਮੁਕਾਬਲੇ ਬਹੁਤ ਘੱਟ ਗਏ ਹਨ।

# 12 ਤੋਂ 17 ਸਾਲ ਦੇ ਬੱਚੇ ਦੂਜੀ ਡੋਜ਼ ਲਈ ਸਮੇਂ ਤੋਂ ਪਹਿਲਾਂ ਕਰਵਾ ਸਕਣਗੇ ਬੁਕਿੰਗ

ਓਨਟਾਰੀਓ, 8 ਜੁਲਾਈ (ਪੋਸਟ ਬਿਊਰੋ) : ਓਨਟਾਰੀਓ ਵਿੱਚ ਰਹਿਣ ਵਾਲੇ 12 ਤੋਂ 17 ਸਾਲ ਉਮਰ ਵਰਗ ਦੇ ਸਾਰੇ ਬੱਚੇ ਅੱਜ ਤੋਂ ਕੋਵਿਡ-19 ਵੈਕਸੀਨ ਦੀ ਦੂਜੀ ਡੋਜ਼ ਲਵਾ ਸਕਣਗੇ।

ਇਸ ਸਬੰਧ ਵਿੱਚ ਆਪਣੇ ਬੁਕਿੰਗ ਸਿਸਟਮ ਦੀ ਵਰਤੋਂ ਕਰਨ ਵਾਲੀਆਂ ਪਬਲਿਕ ਹੈਲਥ ਯੂਨਿਟਸ ਤੇ ਇਸ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲੀਆਂ ਫਾਰਮੇਸੀਜ਼ ਵੱਲੋਂ ਪ੍ਰੋਵਿੰਸ਼ੀਅਲ ਪੋਰਟਲ ਉੱਤੇ ਅਪੁਆਇੰਟਮੈਂਟਸ ਸਵੇਰੇ 8:00 ਵਜੇ ਤੋਂ ਸ਼ੁਰੂ ਹੋਣਗੀਆਂ। ਇਸ ਦੌਰਾਨ ਟਵੀਨਜ਼ ਤੇ ਟੀਨੇਜਰਜ਼ ਨੂੰ ਫਾਈਜ਼ਰ-ਬਾਇਓਐਨਟੈਕ ਦੇ




ਸ਼ੌਟ ਦਿੱਤੇ ਜਾਣਗੇ। ਨੌਜਵਾਨਾਂ ਲਈ ਦੂਜੀ ਡੋਜ਼ ਵਿੱਚ ਵਾਧਾ ਕਰਨ ਦਾ ਫੈਸਲਾ ਉਸ ਸਮੇਂ ਲਿਆ ਗਿਆ ਜਦੋਂ ਪ੍ਰੋਵਿੰਸ ਵੱਲੋਂ ਆਪਣੀ ਵੈਕਸੀਨੇਸ਼ਨ ਮੁਹਿੰਮ ਵਿੱਚ ਤੇਜ਼ੀ ਲਿਆਂਦੀ ਗਈ।

ਇਸ ਤੋਂ ਪਹਿਲਾਂ ਓਨਟਾਰੀਓ ਵਿੱਚ ਦੂਜੀ ਡੋਜ਼ ਲਈ ਲੋਕਾਂ ਨੂੰ ਪਹਿਲੀ ਡੋਜ਼ ਤੋਂ ਬਾਅਦ ਚਾਰ ਮਹੀਨੇ ਤੱਕ ਦਾ ਸਮਾਂ ਦਿੱਤਾ ਜਾਂਦਾ ਸੀ। ਪ੍ਰੋਵਿੰਸ਼ੀਅਲ ਡਾਟਾ ਤੋਂ ਸਾਹਮਣੇ ਆਇਆ ਹੈ ਕਿ ਓਨਟਾਰੀਓ ਦੇ 78 ਫੀ ਸਦੀ ਤੋਂ ਵੀ ਵੱਧ ਬਾਲਗ ਕੋਵਿਡ-19 ਵੈਕਸੀਨ ਦੀ ਘੱਟੋ ਘੱਟ ਇੱਕ ਡੋਜ਼ ਲੈ ਚੁੱਕੇ ਹਨ ਤੇ 44 ਫੀ ਸਦੀ ਪੂਰੀ ਤਰ੍ਹਾਂ ਵੈਕਸੀਨੇਟ ਹੋ ਚੁੱਕੇ ਹਨ।

# ਸਕੂਲਾਂ ਵਿੱਚ ਯਹੂਦੀ ਬੱਚਿਆਂ ਨਾਲ ਹੋਣ ਵਾਲੇ ਪੱਖਪਾਤ ਨੂੰ ਖ਼ਤਮ ਕਰਨ ਲਈ ਸਰਕਾਰ ਲਿਆ ਰਹੀ ਹੈ ਦੋ ਪ੍ਰੋਗਰਾਮ

ਟੋਰਾਂਟੋ, 8 ਜੁਲਾਈ (ਪੋਸਟ ਬਿਊਰੋ) : ਸਕੂਲਾਂ ਵਿੱਚ ਯਹੂਦੀਆਂ ਨਾਲ ਹੋਣ ਵਾਲੇ ਪੱਖਪਾਤ ਦੀ ਸਮੱਸਿਆ ਨੂੰ ਖ਼ਤਮ ਕਰਨ ਲਈ ਓਨਟਾਰੀਓ ਸਰਕਾਰ ਵੱਲੋਂ ਦੋ ਸਮਰ ਪ੍ਰੋਗਰਾਮਜ਼ ਵਿੱਚ ਨਿਵੇਸ਼ ਕੀਤਾ ਜਾ ਰਿਹਾ ਹੈ।

ਸਿੱਖਿਆ ਮੰਤਰੀ ਸਟੀਫਨ ਲਿਚੇ ਦਾ ਕਹਿਣਾ ਹੈ ਕਿ ਫਰੈਂਡਜ਼ ਆਫ ਸਾਇਮਨ ਵੀਜ਼ੈਂਥਾਲ ਸੈਂਟਰ ਫੌਰ ਹੋਲੋਕਾਸਟ ਸਟੱਡੀਜ਼ ਨਾਲ ਜੁੜੇ ਕੋਰਸਾਂ ਵਿੱਚ ਮਦਦ ਕਰਨ ਲਈ ਪ੍ਰੋਵਿੰਸ 327,000 ਡਾਲਰ ਦੇਵੇਗੀ। ਉਨ੍ਹਾਂ ਆਖਿਆ ਕਿ ਵੱਖ ਵੱਖ ਮਾਹੌਲ ਵਿੱਚ ਯਹੂਦੀਆਂ ਨਾਲ ਹੋਣ ਵਾਲੇ ਪੱਖਪਾਤ ਨੂੰ ਖਤਮ ਕਰਨ ਲਈ ਸਾਡਾ ਇੱਕ ਪ੍ਰੋਗਰਾਮ ਐਜੂਕੇਟਰਜ਼ ਲਈ ਪ੍ਰੋਫੈਸ਼ਨਲ ਡਿਵੈਲਪਮੈਂਟ ਸੈਸ਼ਨਜ਼ ਮੁਹੱਈਆ ਕਰਾਵੇਗਾ। ਦੂਜਾ ਵਿਦਿਆਰਥੀਆਂ ਨੂੰ ਮਨੁੱਖੀ ਅਧਿਕਾਰਾਂ ਬਾਰੇ ਜਾਣਕਾਰੀ ਹਾਸਲ ਕਰਨ ਤੇ ਅਨਿਆਂ ਨਾਲ ਲੜਨਾ ਸਿਖਾਵੇਗਾ। ਲਿਚੇ ਨੇ ਆਖਿਆ ਕਿ ਪ੍ਰੋਵਿੰਸ ਇਹ ਯਕੀਨੀ ਬਣਾਉਣਾ ਚਾਹੁੰਦਾ ਹੈ ਕਿ ਯਹੂਦੀ ਵਿਦਿਆਰਥੀ ਸਕੂਲਾਂ ਵਿੱਚ ਸੇਫ ਮਹਿਸੂਸ ਕਰਨ। ਸਟੈਟੇਸਟਿਕਸ ਕੈਨੇਡਾ ਦਾ ਕਹਿਣਾ ਹੈ ਕਿ 2019 ਵਿੱਚ ਯਹੂਦੀਆਂ ਨੂੰ ਨਿਸ਼ਾਨਾ ਬਣਾਉਣ ਦੇ 296 ਮਾਮਲੇ ਪੁਲਿਸ ਕੋਲ ਦਰਜ ਕਰਵਾਏ ਗਏ।

# ਪਰਸਨਲ ਸਪੋਰਟ ਵਰਕਰਜ਼ ਦੇ ਵੇਜਿਜ਼ ਵਿਚ ਆਰਜ਼ੀ ਤੌਰ ਉਤੇ ਹੋਰ ਵਾਧਾ ਕਰਾਂਗੇ : ਫੋਰਡ

ਓਨਟਾਰੀਓ, 8 ਜੁਲਾਈ (ਪੋਸਟ ਬਿਊਰੋ) : ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਮਹਾਂਮਾਰੀ ਦਰਮਿਆਨ ਪਰਸਨਲ ਸਪੋਰਟ ਵਰਕਰਜ਼ ਦੇ ਵੇਜਿਜ਼ ਵਿੱਚ ਆਰਜ਼ੀ ਤੌਰ ਉੱਤੇ ਹੋਰ ਵਾਧਾ ਕਰਨ ਦੀ ਗਾਰੰਟੀ ਦਿੱਤੀ।




ਨੌਰਥ ਬੇਅ ਵਿੱਚ ਲਾਂਗ ਟਰਮ ਕੇਅਰ ਦੇ ਸਬੰਧ ਵਿੱਚ ਐਲਾਨ ਕਰਦਿਆਂ ਪ੍ਰੀਮੀਅਰ ਨੇ ਆਖਿਆ ਕਿ ਉਹ ਜਾਣਦੇ ਹਨ ਕਿ ਇਹ ਆਰਜ਼ੀ ਵਾਧਾ ਹੋਵੇਗਾ ਪਰ ਉਨ੍ਹਾਂ ਨੂੰ ਤਨਖਾਹ ਵਿੱਚ 3 ਡਾਲਰ ਦਾ ਵਾਧਾ ਮਿਲੇਗਾ। ਫੋਰਡ ਨੇ ਆਖਿਆ ਕਿ ਉਹ ਹਮੇਸ਼ਾਂ ਇਹ ਆਖਦੇ ਰਹੇ ਹਨ ਕਿ ਪਰਸਨਲ ਸਪੋਰਟ ਵਰਕਰਜ਼ ਕੋਲ ਕੰਮ ਦਾ ਬੋਝ ਬਹੁਤ ਜ਼ਿਆਦਾ ਹੈ, ਉਨ੍ਹਾਂ ਨੂੰ ਤਨਖਾਹ ਮੁਕਾ-ਬਲਤਨ ਘੱਟ ਮਿਲਦੀ ਹੈ ਤੇ ਉਨ੍ਹਾਂ ਦੀ ਤਨਖਾਹ ਵਿੱਚ ਵਾਧਾ ਹੋਣਾ ਹੀ ਚਾਹੀਦਾ ਹੈ। ਇਸ ਲਈ ਅਸੀਂ ਆਪਣਾ ਵਾਅਦਾ ਜ਼ਰੂਰ ਪੁਗਾਵਾਂਗੇ।

ਅਕਤੂਬਰ 2020 ਵਿੱਚ ਓਨਟਾਰੀਓ ਨੇ ਇਹ ਐਲਾਨ ਕੀਤਾ ਸੀ ਕਿ ਜਿਹੜੇ 158,000 ਪਰਸਨਲ ਸਪੋਰਟ ਵਰਕਰਜ਼ ਪਬਲਿਕ ਤੌਰ ਉੱਤੇ ਫੰਡ ਹਾਸਲ ਕਰਨ ਵਾਲੀਆਂ ਸੇਵਾਵਾਂ ਦਿੰਦੇ ਹਨ, ਨੂੰ ਤਨਖਾਹ ਵਿੱਚ ਆਰਜ਼ੀ ਵਾਧਾ ਦਿੱਤਾ ਜਾਵੇਗਾ। ਇਨ੍ਹਾਂ ਵਿੱਚ ਕਮਿਊਨਿਟੀ ਕੇਅਰ, ਲਾਂਗ ਟਰਮ ਕੇਅਰ ਹੋਮਜ਼, ਪਬਲਿਕ ਹਸਪਤਾਲਾਂ ਤੇ ਬੱਚਿਆਂ ਨੂੰ ਸੇਵਾਵਾਂ ਦੇਣ ਵਾਲੇ ਪਰਸਨਲ ਸਪੋਰਟ ਵਰਕਰਜ਼ ਸ਼ਾਮਲ ਹਨ।

ਇਹ ਫੰਡ ਮਾਰਚ 2021 ਵਿੱਚ ਐਕਸਪਾਇਰ ਹੋਣੇ ਸਨ ਪਰ ਇਨ੍ਹਾਂ ਵਿੱਚ ਦੋ ਵਾਰੀ ਵਾਧਾ ਕੀਤਾ ਜਾ ਚੁੱਕਿਆ ਹੈ। ਹੁਣ ਜੇ ਇਨ੍ਹਾਂ ਵਿੱਚ ਮੁੜ ਵਾਧਾ ਨਾ ਕੀਤਾ ਗਿਆ ਜਾਂ ਇਨ੍ਹਾਂ ਨੂੰ ਸਥਾਈ ਨਾ ਬਣਾਇਆ ਗਿਆ ਤਾਂ ਇਨ੍ਹਾਂ ਦੇ 23 ਅਗਸਤ ਨੂੰ ਐਕਸਪਾਇਅਰ ਹੋਣ ਦੀ ਸੰਭਾਵਨਾ ਹੈ।

# ਡੰਡਸ ਦੇ ਮੁੜ ਨਾਮਕਰਣ ਦੀ ਸਿਫਾਰਸ਼ ਐਗਜ਼ੈਕਟਿਵ ਕਮੇਟੀ ਕੋਲ ਪਹੁੰਚੀ




ਟੋਰਾਂਟੋ, 8 ਜੁਲਾਈ (ਪੋਸਟ ਬਿਊਰੋ) : ਮੰਗਲਵਾਰ ਨੂੰ ਡੰਡਸ ਸਟਰੀਟ ਦਾ ਨਾਂ ਬਦਲਣ ਦੀ ਪ੍ਰਕਿਰਿਆ ਇੱਕ ਕਦਮ ਹੋਰ ਅੱਗੇ ਵੱਧ ਸਕਦੀ ਹੈ।

ਸਿਟੀ ਆਫ ਟੋਰਾਂਟੋ ਦੇ ਸਟਾਫ ਵੱਲੋਂ ਇਸ ਸਟਰੀਟ ਤੇ ਹੋਰ ਸਿਵਿਕ ਸੰਪਤੀ ਦਾ ਨਾਂ ਬਦਲਣ ਦੀ ਸਿਫਾਰਿਸ਼ ਕੀਤੀ ਗਈ ਸੀ ਤੇ ਇਸ ਬਾਰੇ ਫੈਸਲਾ ਮੇਅਰ ਦੀ ਐਗਜ਼ੈਕਟਿਵ ਕਮੇਟੀ ਵੱਲੋਂ ਕੀਤਾ ਜਾਵੇਗਾ। ਜੇ ਇਸ ਨੂੰ ਮਨਜ਼ੂਰੀ ਮਿਲ ਜਾਂਦੀ ਹੈ ਤਾਂ ਇਸ ਮਹੀਨੇ ਦੇ ਅੰਤ ਵਿੱਚ ਹੋਣ ਵਾਲੀ ਫੁੱਲ ਕਾਊਂਸਲ ਦੀ ਮੀਟਿੰਗ ਵਿੱਚ ਇਸ ਦੇ ਕਿਸੇ ਹੋਰ ਨਾਂ ਉੱਤੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਰਿਪੋਰਟ ਵਿੱਚ ਆਖਿਆ ਗਿਆ ਹੈ ਕਿ ਸਟਰੀਟ ਦੇ ਨਾਮਕਰਣ ਨਾਲ ਉਨ੍ਹਾਂ ਵਚਨਬੱਧਤਾਵਾਂ ਦਾ ਸਨਮਾਨ ਹੋਵੇਗਾ ਜਿਹੜੀਆਂ ਕਾਊਂਸਲ ਵੱਲੋਂ ਕੀਤੀਆਂ ਗਈਆਂ ਜਿਵੇਂ ਕਿ ਨਿਆਂ, ਸੁਲ੍ਹਾ ਤੇ ਸ਼ਮੂਲੀਅਤ।

ਇੱਕ ਅੰਦਾਜ਼ੇ ਮੁਤਾਬਕ ਡੰਡਸ ਨਾਂ ਵਾਲੀਆਂ ਸੰਪਤੀਆਂ ਦੇ ਨਾਂ ਬਦਲਣ ਉੱਤੇ ਅੰਦਾਜ਼ਨ 6 ਮਿਲੀਅਨ ਡਾਲਰ ਤੱਕ ਦਾ ਖਰਚਾ ਆਵੇਗਾ। ਨਵੇਂ ਨਾਂ ਬਾਰੇ ਵਿਚਾਰ ਵਟਾਂਦਰਾ ਅਗਲੇ ਸਾਲ ਸ਼ੁਰੂ ਹੋਵੇਗਾ। ਮੇਅਰ ਜੌਹਨ ਟੋਰੀ ਨੇ ਆਖਿਆ ਕਿ ਉਹ ਡੰਡਸ ਸਟਰੀਟ ਦਾਂ ਨਾਂ ਬਦਲਣ ਦਾ ਸਮਰਥਨ ਕਰਦੇ ਹਨ ਤੇ ਉਨ੍ਹਾਂ ਇਹ ਵੀ ਆਖਿਆ ਕਿ ਇਸ ਤੋਂ ਇਲਾਵਾ ਵੀ ਕਈ ਸਟਰੀਟਸ ਦੇ ਨਾਂ ਬਦਲੀ ਕਰਨੇ ਚਾਹੀਦੇ ਹਨ।

# ਛੁਰੇਬਾਜ਼ੀ ਕਾਰਨ ਇੱਕ ਗੰਭੀਰ ਜ਼ਖ਼ਮੀ




ਟੋਰਾਂਟੋ, 8 ਜੁਲਾਈ (ਪੋਸਟ ਬਿਊਰੋ) : ਐਤਵਾਰ ਰਾਤ ਨੂੰ ਸ਼ਹਿਰ ਦੇ ਪੂਰਬੀ ਸਿਰੇ ਉੱਤੇ ਹੋਈ ਛੁਰੇਬਾਜ਼ੀ ਕਾਰਨ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ ਜਦਕਿ ਇੱਕ ਹੋਰ ਵਿਅਕਤੀ ਨੂੰ ਹਸਪਤਾਲ ਦਾਖਲ ਕਰਵ-ਾਇਆ ਗਿਆ ਹੈ।

ਰਾਤੀਂ 8:00 ਵਜੇ ਤੋਂ ਠੀਕ ਪਹਿਲਾਂ ਪੁਲਿਸ ਨੂੰ ਕਿੰਗਸਟਨ ਤੇ ਗਲੈਨ ਐਵਰੈਸਟ ਰੋਡਜ਼ ਉੱਤੇ ਛੁਰੇਬਾਜ਼ੀ ਦੀਆਂ ਰਿਪੋਰਟਾਂ ਮਿਲੀਆਂ। ਇਸ ਤੋਂ ਬਾਅਦ ਪੁਲਿਸ ਮੌਕੇ ਉੱਤੇ ਪਹੁੰਚੀ। ਪੁਲਿਸ ਨੂੰ ਇੱਕ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲਿਆ। ਪੈਰਾਮੈਡਿਕਸ ਨੇ ਦੱਸਿਆ ਕਿ ਉਸ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਵਿੱਚ ਭਰਤੀ ਕਰਵ-ਾਇਆ ਗਿਆ ਹੈ। ਪੁਲਿਸ ਅਨੁਸਾਰ ਉਨ੍ਹਾਂ ਇੱਕ ਮਸ਼ਕੂਕ ਦਾ ਪਤਾ ਲਾਉਣ ਤੋਂ ਬਾਅਦ ਉਸ ਨੂੰ ਹਿਰਾਸਤ ਵਿੱਚ ਲੈ ਲਿਆ ਹੈ।

# ਨੌਰਥ ਯੌਰਕ ਇਲਾਕੇ ਵਿੱਚ ਚੱਲੀ ਗੋਲੀ, 1 ਜ਼ਖ਼ਮੀ

ਟੋਰਾਂਟੋ, 8 ਜੁਲਾਈ (ਪੋਸਟ ਬਿਊਰੋ) : ਸੋਮਵਾਰ ਸ਼ਾਮ ਨੂੰ ਨੌਰਥ ਯੌਰਕ ਇਲਾਕੇ ਵਿੱਚ ਗੋਲੀ ਚੱਲਣ ਤੋਂ ਬਾਅਦ ਇੱਕ ਵਿਅਕਤੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਇਹ ਜਾਣਕਾਰੀ ਪੁਲਿਸ ਨੇ ਦਿੱਤੀ।



ਪੁਲਿਸ ਨੇ ਦੱਸਿਆ ਕਿ ਰਾਤੀਂ 8:02 ਵਜੇ ਦੇ ਨੇੜੇ ਤੇੜੇ ਕੀਲ ਸਟਰੀਟ ਤੇ ਫਿੰਚ ਐਵਨਿਊ ਵੈਸਟ ਇਲਾਕੇ ਵਿੱਚ ਗੋਲੀ ਚੱਲਣ ਦੀ ਰਿਪੋਰਟ ਮਿਲਣ ਤੋਂ ਬਾਅਦ ਉਹ ਮੌਕੇ ਉੱਤੇ ਪਹੁੰਚੇ। ਉਨ੍ਹਾਂ ਨੂੰ ਉੱਥੇ ਇੱਕ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲਿਆ, ਜੋ ਕਿ ਆਪਣੇ 40ਵਿਆਂ ਵਿੱਚ ਸੀ। ਟੋਰਾਂਟੋ ਪੈਰਾਮੈਡਿਕਸ ਸਰਵਿਸਿਜ਼ ਨੇ ਦੱਸਿਆ ਕਿ ਉਸ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ।

ਇਸ ਸਬੰਧ ਵਿੱਚ ਪੁਲਿਸ ਵੱਲੋਂ ਅਜੇ ਹੋਰ ਕੋਈ ਜਾਣਕਾਰੀ ਮੁਹੱਈਆ ਨਹੀਂ ਕਰਵਾਈ ਗਈ ਹੈ। ਇਸ ਸਬੰਧ ਵਿੱਚ ਜਾਣਕਾਰੀ ਰੱਖਣ ਵਾਲੇ ਨੂੰ ਸਿੱਧਾ ਪੁਲਿਸ ਨਾਲ ਸੰਪਰਕ ਕਰਨ ਲਈ ਆਖਿਆ ਗਿਆ ਹੈ।


# ਡਾਊਨਟਾਊਨ ਟੋਰਾਂਟੋ ਵਿੱਚ ਹੋਈ ਲੜਾਈ ਤੋਂ ਬਾਅਦ ਇੱਕ ਗ੍ਰਿਫਤਾਰ

ਟੋਰਾਂਟੋ, 8 ਜੁਲਾਈ (ਪੋਸਟ ਬਿਊਰੋ) :ਡਾਊਨਟਾਊਨ ਟੋਰਾਂਟੋ ਵਿੱਚ ਰਾਤੀਂ ਹੋਈ ਲੜਾਈ ਤੋਂ ਬਾਅਦ ਪੁਲਿਸ ਨੂੰ ਦਖਲਅੰਦਾਜ਼ੀ ਕਰਨੀ ਪਈ ਤੇ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ।



ਪੁਲਿਸ ਅਨੁਸਾਰ ਇਹ ਹਮਲਾ ਮੰਗਲਵਾਰ ਰਾਤ ਨੂੰ 2:00 ਵਜੇ ਦੇ ਨੇੜੇ ਤੇੜੇ ਸਿਟੀ ਦੇ ਪੱਛਮ ਵਿੱਚ ਹੋਇਆ। ਇਸ ਤੋਂ ਅੱਧੇ ਘੰਟੇ ਬਾਅਦ ਪੁਲਿਸ ਅਧਿਕਾਰੀਆਂ ਨੂੰ ਕਾਲਜ ਸਟਰੀਟ ਤੇ ਸਪੈਡਿਨਾ ਐਵਨਿਊ ਨੇੜੇ ਇੱਕ ਗੱਡੀ ਵਿੱਚ ਮਸ਼ਕੂਕ ਮਿਲ ਗਿਆ। ਉਨ੍ਹਾਂ ਨੇ ਗੱਡੀ ਰੋਕਣ ਦੀ ਕੋਸ਼ਿਸ਼ ਕੀਤੀ ਪਰ ਮਸ਼ਕੂਕ ਫਰਾਰ ਹੋ ਗਿਆ। ਪੁਲਿਸ ਹੱਥੋਂ ਦੋ ਵਾਰੀ ਮਸ਼ਕੂਕ ਫਿਸਲਿਆ।

ਆਖਿਰਕਾਰ ਪੁਲਿਸ ਅਧਿਕਾਰੀ ਮਸ਼ਕੂਕ ਨੂੰ ਲੱਭਣ ਵਿੱਚ ਕਾਮਯਾਬ ਹੋ ਗਏ ਤੇ ਉਸ ਨੂੰ ਯੰਗ ਸਟਰੀਟ ਦੇ ਪੂਰਬ ਤੋਂ ਕੁਈਨਜ਼ ਕੁਏ ਤੇ ਫਰੀਲੈਂਡ ਸਟਰੀਟ ਤੋਂ ਕਾਬੂ ਕੀਤਾ ਗਿਆ। ਉਸ ਨੂੰ ਹਿਰਾਸਤ ਵਿੱਚ ਲੈਣ ਤੋਂ ਬਾਅਦ ਹਸਪਤਾਲ ਲਿਜਾਇਆ ਗਿਆ ਜਿੱਥੇ ਲੜਾਈ ਵਿੱਚ ਲੱਗੀਆਂ ਸੱਟਾਂ ਦਾ ਇਲਾਜ ਕਰਵਾਇਆ ਜਾ ਰਿਹਾ ਹੈ। ਇਸ ਦੌਰਾਨ ਇੱਕ ਪੁਲਿਸ ਅਧਿਕਾਰੀ ਨੂੰ ਵੀ ਗੋਡੇ ਉੱਤੇ ਸੱਟ ਲੱਗੀ ਹੈ।












ਕੈਨੇਡੀਅਨ ਪੰਜਾਬੀ ਪੋਸਟ

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202




Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
• Complete Basement • Tiles • Bathrooms • Plumbing • Laminate • Hardwood Floor • Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6




## ਪੀਜ਼ਾ ਡਿਲੀਵਰੀ ਡਰਾਇਵਰਾਂ ਦੀ ਲੋੜ

MAPLE ਵਿਚ ਇਕ ਬਿਜ਼ੀ ਪੀਜ਼ਾ ਸਟੋਰ ਲਈ ਡਿਲੀਵਰੀ ਡਰਾਇਵਰਾਂ ਦੀ ਤੁਰੰਤ ਲੋੜ ਹੈ। ਇਹ ਫੁਲ ਟਾਈਮ ਜੌਬ ਹੈ। ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਸਟੋਰ ਅੰਦਰ ਕੰਮ ਕਰਨ ਵਾਸਤੇ ਲੇਡੀ ਵਰਕਰਾਂ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ 11 ਵਜੇ ਤੋਂ ਲੈ ਕੇ ਸ਼ਾਮ 8 ਵਜੇ ਤੱਕ ਫੋਨ ਕਰ ਸਕਦੇ ਹੋ।

**ਸੰਪਰਕ: 6477043799, 6477059736**

## ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜ਼ਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋਂ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)




## ਲੜਕੀ ਦੀ ਲੋੜ

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5’11’’, B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5’’8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6’2’’, ਜੋ ਕਿ ਆਸਟ੍ਰੇਲੀਆ ’ਚ ਸਟੱਡੀ ਵੀਜ਼ੇ ’ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ ’ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ ’ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5’11’’ ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5’10”, Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6’ tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)



## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5’9”, ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5’9” ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ ’ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5’8’’, ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁਨਿਆਰਾ ਲੜਕਾ, ਉੱਮਰ 25 ਸਾਲ, ਕੱਦ 5’8’’, ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5’11’,ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5’11’’, ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5’7’’, ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਇਕਲੌਤਾ ਲੜਕਾ ਅਰੋੜਾ ਖੱਤਰੀ ਸਿੰਘ, ਵੈਸ਼ਨੂੰ ਪਰਿਵਾਰ, ਪੂਰਨ ਗੁਰ ਸਿੱਖ, ਉਮਰ 24 ਸਾਲ, ਕੱਦ 5 ਫੁਟ 7 ਇੰਚ, ਇੰਗਲੈਂਡ ਦਾ ਚਾਰ ਸਾਲ ਦਾ ਸਟੱਡੀ ਵੀਜ਼ਾ ਮਿਲਿਆ ਹੋਇਆ ਹੈ, ਲਈ ਲੜਕੀ ਦੀ ਲੋੜ ਹੈ। ਮਾਤਾ ਆਸਟ੍ਰੇਲੀਆ ਵਿਚ ਨੈਨੀ ਬੇਸ ’ਤੇ ਗਈ ਹੈ, 2 ਸਾਲ ਦਾ ਵਰਕ ਪਰਮਿਟ। ਪਿਤਾ ਕਰੰਸੀ ਬਦਲੀ ਦਾ ਕੰਮ ਕਰਦਾ ਹੈ, ਪੰਜ ਦੁਕਾਨਾਂ ਕਿਰਾਏ ਉਤੇ ਹਨ, ਰੋਜ਼ ਦੀ 5000 ਆਮਦਨ। ਮੋਗਾ ਇਲਾਕੇ ਨੂੰ ਪਹਿਲ। ਸੰਪਰਕ : ਕੈਪਟਨ ਇਕਬਾਲ ਸਿੰਘ 647-631-9445



## ਲੜਕੇ ਦੀ ਲੋੜ

Seeking a suitable match for Canadian citizen Ramdasia Sikh (GNM). Born August 1987 and height 5’1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjot-dahiya@gmail.com
Contact number-+17802222608, +919988297352

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5’2” ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ ’ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5’-4’’, Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਲੜਕੀ, 35 ਸਾਲ, ਕੱਦ 5’3’’, ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

WANTED
Panjabi Nannies, Caregivers, Cleaning ladies and Cooks for GTA. Please contact at the earliest at:
416-275-7010

A/Z CITY DRIVER WANTED
INNOVATION Transportation
∘A/Z City Drivers Needed
∘Good Pay and good Mileage
∘Day, Afternoon & Weekend Shifts
∘Weekly Pay
$22 /Hour
∘7 Days Work ∘All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton




## ਵਰਕਰਾਂ ਦੀ ਲੋੜ

ਰੈਨੋਵੇਸ਼ਨ ਦੇ ਕੰਮ ਲਈ ਵਰਕਰਾਂ ਦੀ ਲੋੜ ਹੈ। 6 ਦਿਨ ਕੰਮ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।

**ਸੰਪਰਕ: 647-205-5909, 416-618-3358**

## ਵਰਕਰਾਂ ਦੀ ਲੋੜ

ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਵੈਨ ਚਲਾਉਣ ਲਈ ਡਰਾਇਵਰ ਦੀ ਵੀ ਲੋੜ ਹੈ।

**ਸੰਪਰਕ: 647-391-3365**



# ਟਰੂਡੋ ਨੇ ਕੀਤਾ ਕੈਲਗਰੀ ਦਾ ਦੌਰਾ, ਪ੍ਰੀਮੀਅਰ ਕੇਨੀ ਤੇ ਮੇਅਰ ਨੈਂਸ਼ੀ ਨਾਲ ਕੀਤੀ ਮੁਲਾਕਾਤ

ਕੈਲਗਰੀ, 8 ਜੁਲਾਈ (ਪੋਸਟ ਬਿਊਰੋ) : 2019 ਤੋਂ ਬਾਅਦ ਪਹਿਲੀ ਵਾਰੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਕੈਲਗਰੀ ਗਏ ਹਨ। ਇੱਥੇ ਉਨ੍ਹਾਂ ਵੱਲੋਂ ਟਰਾਂਜ਼ਿਟ ਸਬੰਧੀ ਐਲਾਨ ਕੀਤੇ ਜਾਣ ਦੀ ਸੰਭਾਵਨਾ ਹੈ ਪਰ ਪ੍ਰੀਮੀਅਰ ਜੇਸਨ ਕੇਨੀ ਤੇ ਮੇਅਰ ਨਾਹੀਦ ਨੈਂਸ਼ੀ ਦੇ ਮਨ ਵਿੱਚ ਕਈ ਤਰ੍ਹਾਂ ਦੇ ਹੋਰ ਮੁੱਦੇ ਘੁੰਮ ਰਹੇ ਹਨ।





ਟਰੂਡੋ ਨੇ ਆਪਣੇ ਦੌਰੇ ਦੀ ਸ਼ੁਰੂਆਤ ਨੌਰਥਈਸਟ ਕੈਲਗਰੀ ਵਿੱਚ ਏਏਏ ਡੋਰਜ਼ ਲਿਮਟਿਡ ਤੋਂ ਕੀਤੀ। ਇਸ ਕਾਰੋਬਾਰੀ ਅਦਾਰੇ ਦੀ ਆਰਥਿਕ ਮਦਦ ਫੈਡਰਲ ਸਰਕਾਰ ਵੱਲੋਂ ਮਹਾਂਮਾਰੀ ਦੌਰਾਨ ਕੀਤੀ ਗਈ। ਫਿਰ ਟਰੂਡੋ ਨੇ ਪ੍ਰੀਮੀਅਰ ਜੇਸਨ ਕੇਨੀ ਤੇ ਕੈਲਗਰੀ ਦੇ ਮੇਅਰ ਨਾਹੀਦ ਨੈਂਸ਼ੀ ਨਾਲ ਬੁੱਧਵਾਰ ਸਵੇਰੇ ਪੈਲੀਸਰ ਹੋਟਲ ਡਾਊਨਟਾਊਨ ਵਿੱਚ ਵੱਖਰੇ ਤੌਰ ਉੱਤੇ ਮੁਲਾਕਾਤ ਕੀਤੀ। ਟਰੂਡੋ ਨੇ ਆਖਿਆ ਕਿ ਐਨੇ ਸਮੇਂ ਬਾਅਦ ਅਲਬਰਟਾ ਆ ਕੇ ਬਹੁਤ ਚੰਗਾ ਲੱਗਿਆ ਤੇ ਹੁਣ ਉਨ੍ਹਾਂ ਕੋਲ ਜੇਸਨ ਨਾਲ ਬੈਠ ਕੇ ਗੱਲ ਕਰਨ ਦਾ ਮੌਕਾ ਹੈ। ਉਨ੍ਹਾਂ ਅੱਗੇ ਆਖਿਆ ਕਿ ਮਹਾਂਮਾਰੀ ਦੌਰਾਨ ਪਿਛਲੇ ਡੇਢ ਸਾਲ ਵਿੱਚ ਪ੍ਰੀਮੀਅਰ ਤੇ ਉਨ੍ਹਾਂ ਦੀ ਫੋਨ ਉੱਤੇ ਕਈ ਵਾਰੀ ਗੱਲ ਹੋਈ। ਅਸੀਂ ਕਈ ਮੁੱਦਿਆਂ ਉੱਤੇ ਗੱਲ ਕਰਦੇ ਰਹੇ ਹਾਂ ਤੇ ਖੁਸ਼ੀ ਇਸ ਗੱਲ ਦੀ ਹੈ ਕਿ ਅਸੀਂ ਫੈਡਰੇਸ਼ਨ ਵਜੋਂ ਰਲ ਕੇ ਕੰਮ ਕਰ ਰਹੇ ਹਾਂ ਜਿਸ ਦੇ ਨਤੀਜੇ ਕਮਾਲ ਦੇ ਹਨ।

ਇਸ ਦੌਰਾਨ ਕੇਨੀ ਨੇ ਅਲਬਰਟਾ ਪਹੁੰਚਣ ਉੱਤੇ ਟਰੂਡੋ ਦਾ ਸਵਾਗਤ ਕੀਤਾ। ਨਾਲ ਹੀ ਉਨ੍ਹਾਂ ਲੋਕਲ ਟੂਰਿਜ਼ਮ ਤੇ ਟਰੈਵਲ ਸੈਕਟਰਜ਼ ਦੀਆਂ ਦਿੱਕਤਾਂ ਵੀ ਸਾਂਝੀਆਂ ਕੀਤੀਆਂ। ਕੇਨੀ ਨੇ ਟਰੈਵਲ ਤੇ ਟੂਰਿਜ਼ਮ ਇੰਡਸਟਰੀ ਨਾਲ ਜੁੜੇ 800,000 ਵਰਕਰਜ਼ ਦੀ ਮਦਦ ਕਰਨ ਦਾ ਮੁੱਦਾ ਵੀ ਟਰੂਡੋ ਨਾਲ ਵਿਚਾਰਿਆ। ਇਸ ਹਫਤੇ ਦੇ ਅੰਤ ਵਿੱਚ ਸ਼ੁਰੂ ਹੋਣ ਵਾਲੇ ਕੈਲਗਰੀ ਸਟੈਂਪੀਡ ਦੀਆਂ ਤਿਆਰੀਆਂ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ। ਕੇਨੀ ਨੇ ਟਰੂਡੋ ਨਾਲ ਅਰਥਚਾਰੇ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ। ਇਸ ਤੋਂ ਇਲਾਵਾ ਪ੍ਰੀਮੀਅਰ ਦੇ ਆਫਿਸ ਦੇ ਬੁਲਾਰੇ ਨੇ ਦੱਸਿਆ ਕਿ ਕੇਨੀ ਪਾਈਪਲਾਈਨਜ਼ ਤੇ ਕੌਮਾਂਤਰੀ ਸਰਹੱਦਾਂ ਨੂੰ ਖੋਲ੍ਹਣ ਦੇ ਮੁੱਦਿਆਂ ਉੱਤੇ ਵੀ ਚਰਚਾ ਕਰਨੀ ਚਾਹੁੰਦੇ ਸਨ।

ਇਸ ਤੋਂ ਬਾਅਦ ਕੈਲਗਰੀ ਦੇ ਮੇਅਰ ਨਾਹੀਦ ਨੈਂਸ਼ੀ ਨਾਲ ਗੱਲਬਾਤ ਸ਼ੁਰੂ ਕਰਨ ਤੋਂ ਪਹਿਲਾਂ ਟਰੂਡੋ ਨੇ ਉਨ੍ਹਾਂ ਦੀ ਖੁੱਲ੍ਹ ਕੇ ਤਾਰੀਫ ਕੀਤੀ ਤੇ ਆਖਿਆ ਕਿ ਖੁਸ਼ੀ ਇਸ ਗੱਲ ਦੀ ਹੈ ਕਿ ਉਹ ਚੌਥੀ ਵਾਰੀ ਮੇਅਰ ਨਹੀਂ ਬਣਨਾ ਚਾਹੁੰਦੇ ਪਰ ਉਨ੍ਹਾਂ ਵੱਲੋਂ ਕੈਲਗਰੀ ਵਾਸੀਆਂ ਲਈ ਅਣਥੱਕ ਮਿਹਨਤ ਕੀਤੀ ਜਾ ਰਹੀ ਹੈ। ਇਸ ਮੌਕੇ ਨੈਂਸ਼ੀ ਨੇ ਆਖਿਆ ਕਿ ਮੇਅਰ ਵਜੋਂ ਉਨ੍ਹਾਂ ਦੇ ਆਖਰੀ ਤਿੰਨ ਮਹੀਨਿਆਂ ਵਿੱਚ ਕਾਫੀ ਕੁੱਝ ਕਰਨਾ ਬਾਕੀ ਹੈ। ਉਨ੍ਹਾਂ ਆਖਿਆ ਕਿ ਮਹਾਂਮਾਰੀ ਉੱਤੇ ਵੀ ਅਸੀਂ ਕਾਫੀ ਹੱਦ ਤੱਕ ਕਾਬੂ ਪਾ ਲਿਆ ਹੈ ਤੇ ਹੁਣ ਅਸੀਂ ਸਕਾਰਾਤਮਕ ਰੌਅ ਵਿੱਚ ਹਾਂ। ਇਸ ਦੌਰਾਨ ਟਰੂਡੋ ਦੇ ਇੱਥੇ ਪਹੁੰਚਣ ਤੋਂ ਪਹਿਲਾਂ ਹੋਟਲ ਤੋਂ ਥੋੜ੍ਹੀ ਦੂਰੀ ਇੱਕ ਸਟਰੀਟ ਵਿੱਚ ਮੁਜ਼ਾਹਰਾਕਾਰੀਆਂ ਦੇ ਇੱਕ ਨਿੱਕੇ ਜਿਹੇ ਗਰੁੱਪ ਨੇ ਮੁਜ਼ਾਹਰਾ ਵੀ ਕੀਤਾ।

# ਕੋਵਿਡ-19 ਮਾਮਲੇ ਘਟਣ ਤੋਂ ਬਾਅਦ ਫੀਲਡ ਹਸਪਤਾਲਾਂ ਨੂੰ ਕੀਤਾ ਜਾ ਰਿਹਾ ਹੈ ਖ਼ਤਮ

ਓਨਟਾਰੀਓ, 8 ਜੁਲਾਈ (ਪੋਸਟ ਬਿਊਰੋ) : ਕੋਵਿਡ-19 ਮਾਮਲਿਆਂ ਵਿੱਚ ਜੀਟੀਏ ਦੀਆਂ ਕਈ ਫੈਸਿਲਿਟੀਜ਼ ਦੇ ਬਾਹਰ ਕਾਇਮ ਕੀਤੇ ਗਏ ਫੀਲਡ ਹਸਪਤਾਲਾਂ ਨੂੰ ਹੁਣ ਹੌਲੀ ਹੌਲੀ ਖ਼ਤਮ ਕੀਤਾ ਜਾ ਰਿਹਾ ਹੈ।



ਕੋਵਿਡ-19 ਦੇ ਸੁਧਰ ਰਹੇ ਮਾਮਲਿਆਂ ਕਾਰਨ ਸਿਹਤ ਮੰਤਰਾਲੇ ਨੇ ਸੰਨੀਬਰੁੱਕ ਹੌਸਪਿਟਲ ਵਿੱਚ ਅਧਿਕਾਰੀਆਂ ਨੂੰ ਮੋਬਾਈਲ ਹੈਲਥ ਯੂਨਿਟ ਨੂੰ ਖ਼ਤਮ ਕਰਨ ਦੇ ਹੁਕਮ ਦਿੱਤੇ ਹਨ। ਇਹ ਮੋਬਾਈਲ ਹੈਲਥ ਯੂਨਿਟ ਹਸਪਤਾਲ ਦੇ ਪਾਰਕਿੰਗ ਲੌਟ ਦੇ ਨੇੜੇ ਹੀ ਕਾਇਮ ਕੀਤੀ ਗਈ ਸੀ। ਮਹਾਂਮਾਰੀ ਦੀ ਤੀਜੀ ਵੇਵ ਦੇ ਮੱਦੇਨਜ਼ਰ ਇਹ ਫੀਲਡ ਹਸਪਤਾਲ ਫਰਵਰੀ ਵਿੱਚ ਕਾਇਮ ਕੀਤੇ ਗਏ ਸਨ। ਤੀਜੀ ਵੇਵ ਆਈ ਵੀ ਤੇ ਇਸ ਨਾਲ ਹੈਲਥ ਕੇਅਰ ਸਿਸਟਮ ਉੱਤੇ ਕਾਫੀ ਬੋਝ ਵੀ ਪਿਆ।

ਸੰਨੀਬਰੁੱਕ ਦੀ ਇਸ ਮੋਬਾਈਲ ਯੂਨਿਟ ਵਿੱਚ 32 ਲੋਅ ਰਿਸਕ ਪੇਸ਼ੈਂਟਸ ਦਾ ਇਲਾਜ ਕੀਤਾ ਗਿਆ ਤੇ ਇਹ ਮੁੱਖ ਹਸਪਤਾਲ ਉੱਤੇ ਪੈਣ ਵਾਲੇ ਬੋਝ ਨੂੰ ਖ਼ਤਮ ਕਰਨ ਲਈ ਕੀਤਾ ਗਿਆ। ਇਸ ਹਸਪਤਾਲ ਵਿੱਚ ਕਿਸੇ ਵੀ ਸਮੇਂ 84 ਮਰੀਜ਼ਾਂ ਦਾ ਇਲਾਜ ਕਰਨ ਦੀ ਸਮਰੱਥਾ ਹੈ। ਸਟਾਫ ਵੱਲੋਂ ਇਸ ਮੋਬਾਈਲ ਯੂਨਿਟ ਤੋਂ ਸਾਰਾ ਸਾਜ਼ੋ ਸਮਾਨ ਹਸਪਤਾਲ ਦੀ ਮੇਨ ਬਿਲਡਿੰਗ ਵਿੱਚ ਸ਼ਿਫਟ ਕੀਤਾ ਜਾ ਰਿਹਾ ਹੈ। ਇੱਕ ਵਾਰੀ ਸਾਰਾ ਸਾਜ਼ੋ ਸਮਾਨ ਹਸਪਤਾਲ ਵਿੱਚ ਵਾਪਿਸ ਆਉਣ ਤੋਂ ਬਾਅਦ 10 ਟੈਂਟ ਪੌਡਜ਼ ਨੂੰ ਵਾਪਿਸ ਹਸਪਤਾਲ ਲਿਆਂਦਾ ਜਾਵੇਗਾ। ਇਸ ਪ੍ਰਕਿਰਿਆ ਵਿੱਚ ਸਤੰਬਰ ਦੇ ਅੰਤ ਤੱਕ ਦਾ ਸਮਾਂ ਲੱਗੇਗਾ। ਅਪਰੈਲ ਵਿੱਚ ਹਸਪਤਾਲ ਦੀ ਮੋਬਾਈਲ ਹੈਲਥ ਯੂਨਿਟ ਦੀ ਮਦਦ ਲਈ ਜੁਆਇੰਟ ਟਾਸਕ ਫੋਰਸ ਸੈਂਟਰਲ ਦੇ 34 ਕਰਮਚਾਰੀਆਂ ਨੂੰ ਇੱਥੇ ਲਿਆਂਦਾ ਗਿਆ। ਹੈਮਿਲਟਨ ਵਿੱਚ ਇਹੋ ਜਿਹਾ ਹੀ ਇੱਕ ਹੋਰ ਫੀਲਡ ਹਸਪਤਾਲ ਖ਼ਤਮ ਕੀਤਾ ਜਾ ਰਿਹਾ ਹੈ। ਹੈਮਿਲਟਨ ਹੈਲਥ ਸਾਇੰਸਿਜ਼ (ਐਚ ਐਚ ਐਸ) ਆਪਣੀ ਉਸ ਮੋਬਾਈਲ ਯੂਨਿਟ ਨੂੰ ਖ਼ਤਮ ਕਰਨ ਜਾ ਰਿਹਾ ਹੈ ਜਿੱਥੇ ਕੋਵਿਡ-19 ਦਾ ਇੱਕ ਵੀ ਮਰੀਜ਼ ਕਦੇ ਨਹੀਂ ਆਇਆ। ਓਨਟਾਰੀਓ ਵਿੱਚ ਹੁਣ ਕੋਵਿਡ-19 ਦੇ ਮਾਮਲਿਆਂ ਵਿੱਚ ਕਾਫੀ ਕਮੀ ਆਈ ਹੈ ਤੇ ਇਸੇ ਲਈ ਪ੍ਰੋਵਿੰਸ ਭਰ ਵਿੱਚ ਹਸਪਤਾਲ ਵਿੱਚ ਮਰੀਜ਼ਾਂ ਨੂੰ ਦਾਖਲ ਕਰਵਾਉਣ ਦਾ ਸਿਲਸਿਲਾ ਵੀ ਘਟਿਆ ਹੈ।


Great Invetsment Opportunity

In The Region of Timminis,ON

8 ACRE OF lAND CAN BE SEVERD IN TWO LOTS OF 4 ACRE

Apartment Building For Sale:

4 units 3 bedroom | 2 units 1 bedroom | 1 unit bachelor








For More Details Call: 416-970-5005/647-242-8667



Jas Toor
Sales Repersentative
Sutton
Sutton Group-Realty Experts
Brokerage*

Jagdish Grewal
Sales Repersentative
Century 21
President Realty Inc.
Brokerage*



# ਓਨਟਾਰੀਓ ਭਰ ਵਿੱਚ ਲੱਖਾਂ ਲੋਕਾਂ ਦੇ ਕੋਵਿਡ-19 ਦੇ ਵੈਕਸੀਨ ਲੱਗ ਚੁੱਕੇ ਹਨ।

## ਆਪਣਾ ਯੋਗਦਾਨ ਪਾਉ। ਆਪਣਾ ਵੈਕਸੀਨ ਲਵਾਉ।

ਹੈਲਥ ਕੈਨੇਡਾ ਵੱਲੋਂ ਪ੍ਰਵਾਨਿਤ ਵੈਕਸੀਨ ਹਸਪਤਾਲਾਂ, ਡਾਕਟਰਾਂ ਦੇ ਦਫਤਰਾਂ, ਫਾਰਮੇਸੀਆਂ ਅਤੇ ਵੈਕਸੀਨ ਲਾਉਣ ਵਾਲੀਆਂ ਜਨਤਕ ਥਾਂਵਾਂ 'ਤੇ ਉਪਲਬਧ ਹਨ। ਅਤੇ ਹਰ ਇਕ ਖੁਰਾਕ ਸਾਨੂੰ ਉਨ੍ਹਾਂ ਚੀਜ਼ਾਂ ਦੇ ਨੇੜੇ ਲਿਆਉਂਦੀ ਹੈ, ਜਿਨ੍ਹਾਂ ਦਾ ਅਸੀਂ ਹੇਰਵਾ ਕਰਦੇ ਹਾਂ।

ਅੱਜ ਹੀ **ontario.ca/bookvaccine** 'ਤੇ ਜਾ ਕੇ ਆਪਣੀ ਅਪੁਆਇੰਟਮੈਂਟ ਬੁੱਕ ਕਰੋ ਜਾਂ 300 ਬੋਲੀਆਂ ਵਿੱਚ ਸਹਾਇਤਾ ਲਈ **1-888-999-6488** 'ਤੇ ਕਾਲ ਕਰੋ।

ਇਸ ਦੀ ਅਦਾਇਗੀ
ਓਨਟਾਰੀਓ ਸਰਕਾਰ ਵਲੋਂ ਕੀਤੀ ਗਈ ਹੈ।

Ontario





Other Realtors only Promise
But JAG AUJLA SOLD YOUR HOME WITH
GUARANTEE

Advertisement GUARANTEED Till SOLD

Top 1% Broker
Call For a Quick & Free Home Evaluation
www.BramptonQuickHomeEvaluation.com

**2016,2015,2014,2013 2012,2011,2010) **(2009,2008) **(2010) **(2014)

# JAG AUJLA
REAL ESTATE BROKER

DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232
www.BramptonTopRelator.com

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ




ਕੈਨੇਡੀ / ਦੂੱਗਲ

ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨਿੰਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਊਨਟਰ ਟਾਪ। ਮੇਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ' ਸੰਪਰਕ ਕਰ ਸਕਦੇ ਹੋ।




$749,905

William /Vodden /Main
3 ਬੈਡਰੂਮ, 2 ਵਾਸ਼ਰੂਮ ਦਾ ਬਹੁਤ ਸੋਹਣਾ ਘਰ, ਜਿਸ ਵਿਚ 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, ਪਿਛਲੇ ਸਾਲ ਹੀ ਸਾਰਾ ਘਰ ਅਪਗ੍ਰੇਡ ਕੀਤਾ ਗਿਆ ਹੈ। ਸਕੂਲ, ਪਲਾਜ਼ਾ ਅਤੇ ਬੱਸ ਸਟਾਪ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਹੈ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨੇੜੇ।




$ 1,199,905 Bramlea Rd./Bovaird Dr.
2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈਂਡਰੂਮ, 3 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777




$1,299,905
ਲਗਭਗ 2900 ਸਕੇਅਰ ਫੁੱਟ ਦਾ ਡਿਟੈਚਡ ਘਰ। 5 ਬੈਡਰੂਮ, 4 ਵਾਸ਼ਰੂਮ ਅਤੇ 2 ਬੈਡ-ਰੂਮਜ਼ ਦੀ ਸੈਪਰੇਟ ਐਂਟਰੈਂਸ ਵਾਲੀ ਫਿਨਿਸ਼ਡ ਬੇਸਮੈਂਟ, 1 ਓਕ ਸਟੇਅਰ ਕੇਸ, ਹਾਰਡਵੁੱਡ ਅਤੇ ਸੀਰੀਮਿਕ ਫਲੋਰ, ਪੌਟ ਲਾਈਟ, 1 ਮਾਸਟਰ ਬੈਡਰੂਮ ਵਿਚ 5 ਪੀ.ਸੀ. ਇਨਸੂਟ ਅਤੇ ਵਾਕਇਨ ਕਲਾਸਿਟ, ਅਪਗ੍ਰੇਡਡ ਕਿਚਨ, ਘਰ ਮੂਹਰੇ ਕੋਈ ਸਾਈਡ ਵਾਕ ਨਹੀਂ, ਸਕੂਲ, ਪਾਲਜ਼ਾ ਤੋਂ ਮਿੰਟਾਂ ਦੀ ਦੂਰੀ ਉਤੇ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ।




CREDITVIEW & BOVAIRD
(MOUNT PLEASANT)
ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈਂਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।
ਸੰਪਰਕ: 416-371-7777



Orangeville Ontario L9W3X5
Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777



Chapel Ridge
FUNERAL HOME
& CREMATION CENTRE

## ਭਾਰਤੀ, ਪੰਜਾਬੀ ਅਤੇ ਸਿੱਖ ਭਾਈਚਾਰੇ ਲਈ ਮਾਰਖਮ, ਰਿਚਮੰਡ ਹਿੱਲ ਅਤੇ ਸਕਾਰਬਰੋਅ ਅਤੇ ਆਸ ਪਾਸ ਇਲਾਕਿਆਂ ਲਈ ਵਧੀਆ ਅਧੁਨਿਕ ਸੇਵਾਵਾਂ ਅਤ ਵਾਜਬ ਕੀਮਤ ਤੇ ਫਿਊਨਰਲ ਸਰਵਿਸ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ

- ਅਸੀਂ ਪਿਛਲੇ 20 ਸਾਲ ਤੋਂ ਸਿੱਖ ਭਾਈਚਾਰੇ ਲਈ ਅੰਤਿਮ ਸੰਸਕਾਰ ਦੀ ਸਹੂਲਤ
- ਅੰਤਿਮ ਸੰਸਕਾਰ ਸੇਵਾਵਾਂ ਸਿੱਖ ਮਰਿਯਾਦਾ ਅਨੁਸਾਰ ਕੀਤੀਆਂ ਜਾਂਦੀਆਂ ਹਨ
- ਭਾਈਚਾਰੇ ਦੀ ਸਹੂਲਤ ਲਈ ਮਿਸੀਸਾਗਾ ਵਿੱਚ ਸ਼ਮਸ਼ਾਨ ਘਾਟ ਦੇ ਨਾਲ ਧਾਰਮਿਕ ਸੰਸਕਾਰਾਂ ਲਈ ਵਿਸ਼ਾਲ ਹਾਲ



## 2 ਘੰਟੇ ਦੇ ਲਈ ਵਿਸ਼ੇਸ਼ ਪੈਕੇਜ ਸਿਰਫ $4270 ਵਿੱਚ

[ ਜਿਸ ਵਿੱਚ ਕੈਸਕੇਟ (ਕਫ਼ਣ ਦਾ ਸਮਾਨ ਤੇ ਬੌਕਸ) ਸਾਰੇ ਲੋੜੀਂਦੇ ਦਾਸਤਵੇਜ਼ (ਡੈਥ ਸਰਟੀਫਿਕੇਟ) ਸਟਾਫ ਸਹੂਲਤ / ਵਾਹਨ ਫੀਸ / ਸਸਕਾਰ ਦੀ ਫੀਸ / ਗਵਾਹੀ ਫੀਸ, ਸਰਕਾਰੀ ਫੀਸ ਅਤੇ ਹੋਰ ਨਯਿਮਤਿ ਫੀਸਾਂ ਸ਼ਾਮਲ ਹਨ ]



ਸਰਕਾਰੀ ਲਾਇਸੈਂਸਸ਼ੁਦਾ ਫਿਊਨਰਲ ਹੋਮ
ਡਰਾਇਕਟਰ (ਨਿਰਦੇਸ਼ਕ) :ਸ: **ਹਰਜਿੰਦਰ ਸਿੰਘ ਬਿਲਖੂ**
**647-966-0093**
ਅਸੀਂ ਪੰਜਾਬੀ, ਹਿੰਦੀ, ਗੁਜਰਾਤੀ, ਉਰਦੂ ਅਤੇ ਸਵਾਹਿਲੀ ਭਾਸ਼ਵਾਂ ਬੋਲਦੇ ਹਾਂ
8911 Woodbine Ave., Markham (ਸਿਰਫ ਹਾਈਵੇ 7 ਤੋਂ 4 ਬਲਾਕ ਦੀ ਦੂਰੀ ਤ)
info@chapelridge fh.com • www.chapelridgefh.com